2-OCT-PAGE-1-Final.qxd 10/1/2025 9:36 PM Page 1


ਵੀਰਵਾਰ, 2 ਅਕਤੂਬਰ, 2025

17 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082 }

ਜਿਲਦ/VOL. : 74

ਅੰਕ/NO. : 122

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 2 OCTOBER, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 12


## ਅਮਰੀਕਾ ’ਚ ਸ਼ਟਡਾਊਨ, 9 ਲੱਖ ਮੁਲਾਜ਼ਮਾਂ ਦੇ ਘਰ ਬੈਠਣ ਦੀ ਨੌਬਤ

**ਵਾਸ਼ਿੰਗਟਨ** : ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੈਨੇਟ ਤੋਂ ਫੰਡਿੰਗ ਬਿੱਲ ਪਾਸ ਕਰਾਉਣ ਵਿੱਚ ਨਾਕਾਮ ਰਹਿਣ ’ਤੇ ਕਈ ਗੈਰਜ਼ਰੂਰੀ ਸਰਕਾਰੀ ਕੰਮਕਾਜ ਠੱਪ ਹੋ ਗਏ ਹਨ, ਜਿਸ ਨਾਲ ਕਰੀਬ 9 ਲੱਖ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਦੇ ਛੁੱਟੀ ’ਤੇ ਘੱਲਣ ਦੀ ਨੌਬਤ ਆ ਗਈ ਹੈ। ਬਿੱਲ ਪਾਸ ਕਰਾਉਣ ਲਈ 60 ਵੋਟਾਂ ਦਰਕਾਰ ਸਨ, ਪਰ ਬਿੱਲ ਦੇ ਹੱਕ ਵਿੱਚ 55 ਤੇ ਵਿਰੋਧ ਵਿੱਚ 45 ਵੋਟਾਂ ਪਈਆਂ। ਟਰੰਪ ਦੀ ਰਿਪਬਲੀਕਨ ਪਾਰਟੀ ਨੂੰ ਆਪੋਜ਼ੀਸ਼ਨ ਡੈਮੋਕਰੇਟਾਂ ਦੀਆਂ ਵੋਟਾਂ ਚਾਹੀਦੀਆਂ ਸਨ, ਪਰ ਡੈਮੋਕਰੇਟਾਂ ਨੇ ਵਿਰੋਧ ਵਿੱਚ ਵੋਟਾਂ ਪਾਈਆਂ। 100 ਮੈਂਬਰੀ ਸੈਨੇਟ ਵਿੱਚ 53 ਰਿਪਬਲੀਕਨ, 45 ਡੈਮੋਕਰੇਟ ਤੇ 2 ਆਜ਼ਾਦ ਮੈਂਬਰ ਹਨ।

ਅਮਰੀਕਾ ਵਿੱਚ ਸਰਕਾਰ ਨੂੰ ਹਰ ਸਾਲ ਬਜਟ ਪਾਸ ਕਰਾਉਣਾ ਹੁੰਦਾ ਹੈ। ਜੇ ਸੰਸਦ ਬਜਟ ’ਤੇ ਸਹਿਮਤ ਨਹੀਂ ਹੁੰਦੀ ਤਾਂ ਫੰਡਿੰਗ ਬਿੱਲ ਪਾਸ ਨਹੀਂ ਹੁੰਦਾ ਅਤੇ ਸਰਕਾਰ ਨੂੰ ਮਿਲਣ ਵਾਲਾ ਪੈਸਾ ਰੁਕ ਜਾਂਦਾ ਹੈ। ਇਸ ਨਾਲ ਕੁਝ ਸਰਕਾਰੀ ਵਿਭਾਗਾਂ ਤੇ ਸੇਵਾਵਾਂ ਨੂੰ ਪੈਸੇ ਨਹੀਂ ਮਿਲਦੇ। ਇਸ ਕਰਕੇ ਗੈਰਜ਼ਰੂਰੀ ਸੇਵਾਵਾਂ ਨੂੰ ਬੰਦ ਕਰ ਦਿੱਤਾ ਜਾਂਦਾ ਹੈ, ਇਸ ਨੂੰ ਹੀ ਸਰਕਾਰੀ ਸ਼ਟਡਾਊਨ ਕਿਹਾ ਜਾਂਦਾ ਹੈ।

ਰਿਪਬਲੀਕਨ ਪਾਰਟੀ ਬੁੱਧਵਾਰ ਦੇਰ ਰਾਤ ਫਿਰ ਫੰਡਿੰਗ ਬਿੱਲ ’ਤੇ ਵੋਟਿੰਗ ਕਰਾਉਣ ਦੀ ਤਿਆਰੀ ਵਿੱਚ ਸੀ। ਰਿਪਬਲੀਕਨ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਡੈਮੋਕਰੇਟ ਬਿੱਲ ਦੀ ਹਮਾਇਤ ਨਹੀਂ ਕਰਦੇ, ਤਦ ਤੱਕ ਇਸ ਬਿੱਲ ਨੂੰ ਰੋਜ਼ਾਨਾ ਪੇਸ਼ ਕੀਤਾ

• ਬਾਕੀ ਸਫਾ 2 ’ਤੇ

### ... ਵੱਡੀ ਬੇਇੱਜ਼ਤੀ ਹੋਣੀ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੇ ਉਨ੍ਹਾ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਹੀਂ ਦਿੱਤਾ ਜਾਂਦਾ ਹੈ ਤਾਂ ਇਹ ਅਮਰੀਕਾ ਲਈ ਵੱਡੀ ਬੇਇੱਜ਼ਤੀ ਹੋਵੇਗੀ। ਗਾਜ਼ਾ ਸੰਘਰਸ਼ ਨੂੰ ਖਤਮ ਕਰਨ ਦੀ ਆਪਣੀ ਯੋਜਨਾ ਦਾ ਹਵਾਲਾ ਦਿੰਦੇ ਹੋਏ ਟਰੰਪ ਨੇ ਮੰਗਲਵਾਰ ਕੁਆਂਟਿਕੋ ਵਿੱਚ ਫੌਜੀ ਨੇਤਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ, “ਮੈਨੂੰ ਲੱਗਦਾ ਹੈ ਕਿ ਅਸੀਂ ਇਸ ਨੂੰ ਨਿਪਟਾ ਲਿਆ ਹੈ। ਅਸੀਂ ਦੇਖਾਂਗੇ। ਹਮਾਸ ਨੂੰ ਸਹਿਮਤ ਹੋਣਾ ਪਵੇਗਾ, ਅਤੇ ਜੇ ਉਹ ਨਹੀਂ ਕਰਦੇ, ਤਾਂ ਇਹ ਉਨ੍ਹਾਂ ਲਈ ਬਹੁਤ ਮੁਸ਼ਕਲ ਹੋਵੇਗਾ, ਪਰ ਸਾਰੇ ਅਰਬ ਦੇਸ਼ਾਂ, ਮੁਸਲਮ ਦੇਸ਼ਾਂ ਨੇ ਸਹਿਮਤੀ ਦੇ ਦਿੱਤੀ ਹੈ। ਇਜ਼ਰਾਈਲ ਸਹਿਮਤ ਹੋ ਗਿਆ ਹੈ। ਇਹ ਇੱਕ ਸ਼ਾਨਦਾਰ ਗੱਲ ਹੈ। ਇਹ ਬੱਸ ਇਕੱਠਾ ਹੋ ਗਿਆ।”

ਟਰੰਪ ਨੇ ਕਿਹਾ, “ਕੀ ਤੁਹਾਨੂੰ ਨੋਬੇਲ ਪੁਰਸਕਾਰ ਮਿਲੇਗਾ? ਬਿਲਕੁਲ ਨਹੀਂ। ਉਹ ਇਸ ਨੂੰ ਕਿਸੇ ਅਜਿਹੇ ਵਿਅਕਤੀ ਨੂੰ ਦੇਣਗੇ, ਜਿਸ ਨੇ ਕੋਈ ਕੰਮ ਨਹੀਂ ਕੀਤਾ। ਉਹ ਇਸ ਨੂੰ ਉਸ ਵਿਅਕਤੀ ਨੂੰ ਦੇਣਗੇ ਜਿਸ ਨੇ ਡੋਨਾਲਡ ਟਰੰਪ ਦੇ ਦਿਮਾਗ ਬਾਰੇ ਅਤੇ ਜੰਗ ਨੂੰ ਹੱਲ ਕਰਨ ਲਈ ਕੀ ਕਰਨਾ ਪਿਆ, ਇਸ ਬਾਰੇ ਇੱਕ ਕਿਤਾਬ ਲਿਖੀ ਹੋਵੇ... ਪਰ ਇਹ ਸਾਡੇ ਦੇਸ਼ ਲਈ ਇੱਕ ਵੱਡੀ ਬੇਇੱਜ਼ਤੀ ਹੋਵੇਗੀ।”

## ਗਰੁੱਪ ਡੀ ਮੁਲਾਜ਼ਮਾਂ ਲਈ ਵਿਆਜ-ਮੁਕਤ ਤਿਉਹਾਰ ਐਡਵਾਂਸ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਰਕਾਰ ਦੇ ‘ਗਰੁੱਪ ਡੀ’ ਕਰਮਚਾਰੀਆਂ ਲਈ ਤਿਉਹਾਰਾਂ ਨੂੰ ਮਨਾਉਣ ਲਈ 10,000 ਰੁਪਏ ਪ੍ਰਤੀ ਕਰਮਚਾਰੀ ਵਿਆਜ-ਮੁਕਤ ਐਡਵਾਂਸ ਹਾਸਿਲ ਕਰਨ ਦੀ ਪੇਸ਼ਕਸ਼ ਦਾ ਐਲਾਨ ਕੀਤਾ।



ਚੀਮਾ ਨੇ ਕਿਹਾ ਕਿ ਇਸ ਰਕਮ ਦੀ ਵੰਡ 17 ਅਕਤੂਬਰ ਤੱਕ ਖਜ਼ਾਨੇ ਵਿੱਚੋਂ ਕਰਵਾ ਦਿੱਤੀ ਜਾਵੇਗੀ।ਇਸ ਵਿਆਜ-ਮੁਕਤ ਐਡਵਾਂਸ ਦੀ ਅਦਾਇਗੀ ਸੰਬੰਧਤ ਕਰਮਚਾਰੀ ਵੱਲੋਂ ਪੰਜ ਬਰਾਬਰ ਮਾਸਿਕ ਕਿਸ਼ਤਾਂ ਵਿੱਚ ਕੀਤੀ ਜਾਵੇਗੀ, ਜਿਸ ਦੀ ਕਟੌਤੀ ਪ੍ਰਕਿਰਿਆ ਨਵੰਬਰ ਦੀ ਤਨਖਾਹ ਤੋਂ ਸ਼ੁਰੂ ਹੋਵੇਗੀ।

## ਪੰਜਾਬ ਬਣੇਗਾ ਦੇਸ਼ ਦਾ ਅਗਲਾ ਵਪਾਰਕ ਗੜ੍ਹ : ਮਾਨ

**ਰਾਜਪੁਰਾ (ਰਮੇਸ਼ ਕਟਾਰੀਆ)**





ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਉਮੀਦ ਜਤਾਈ ਕਿ ਆਪਣੀਆਂ ਸਨਅਤ ਪੱਖੀ ਤੇ ਕਾਰੋਬਾਰ ਲਈ ਅਨੁਕੂਲ ਮਾਹੌਲ ਕਾਰਨ ਸੂਬਾ ਮੁਲਕ ਦੇ ਅਗਲੇ ਵਪਾਰਕ ਗੜ੍ਹ ਵਜੋਂ ਉਭਰੇਗਾ। ਇੱਥੇ ਹਾਲੈਂਡ ਆਧਾਰਤ ਬਹੁਕੌਮੀ ਕੰਪਨੀ ਡੀ ਹਿਊਜ਼ ਦੇ ਪਸ਼ੂ ਫੀਡ ਪਲਾਂਟ ਦਾ ਉਦਘਾਟਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਨਅਤੀ ਤਰੱਕੀ ਨੂੰ ਹੁਲਾਰਾ ਦੇਣ ਲਈ ਕਾਰੋਬਾਰ ਵਿੱਚ ਸੌਖ ਸਣੇ ਕਈ ਅਹਿਮ ਪਹਿਲਕਦਮੀਆਂ ਕੀਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਪੰਜਾਬ ਸਨਅਤੀ ਪਾਵਰ ਹਾਊਸ ਬਣ ਗਿਆ ਹੈ ਅਤੇ ਫੂਡ ਪ੍ਰਾਸੈਸਿੰਗ, ਟੈਕਸਟਾਇਲ, ਆਟੋ ਕੰਪੋਨੈਂਟ, ਹੈਂਡ ਟੂਲਜ਼, ਸਾਈਕਲ, ਆਈ ਟੀ, ਟੂਰਿਜ਼ਮ ਤੇ ਹੋਰ ਖ਼ੇਤਰਾਂ ਵਿੱਚ ਮੋਹਰੀ ਭੂਮਿਕਾ ਵਿੱਚ ਹੈ। ਉਨ੍ਹਾ ਕਿਹਾ ਕਿ ਪੰਜਾਬ ਦੀ ਸਨਅਤੀ ਤਰੱਕੀ ਅਸਲ ਵਿੱਚ ਆਲਮੀ ਮੁਹਾਂਦਰਾ ਰੱਖਦੀ ਹੈ, ਕਿਉਂਕਿ ਸੂਬੇ ਦੀਆਂ ਸੰਭਾਵਨਾਵਾਂ ਨੂੰ ਪਛਾਣਦਿਆਂ ਵਿਸ਼ਵ ਦੇ ਕਈ ਨਿਵੇਸ਼ਕ ਪੰਜਾਬ ਵੱਲ ਰੁਖ਼ ਕਰ ਰਹੇ ਹਨ। ਮਾਨ ਨੇ ਕਿਹਾ ਕਿ ਪੰਜਾਬ ਨੂੰ ਹੁਣ ਤੱਕ 1.23 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਮਿਲੇ ਹਨ, ਜਿਸ ਨਾਲ ਨੌਕਰੀਆਂ ਦੇ 4.7 ਲੱਖ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਡੀ ਹਿਊਜ਼ ਕੰਪਨੀ ਨੇ ਪੰਜਾਬ ਵਿੱਚ 150 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ, ਜਿਸ ਨਾਲ ਨੌਜਵਾਨਾਂ ਲਈ ਨੌਕਰੀਆਂ ਦੇ ਨਵੇਂ ਮੌਕੇ ਖੁੱਲ੍ਹਣਗੇ ਅਤੇ ਸੂਬੇ ਨੂੰ ਲੰਮੇ ਸਮੇਂ ਵਿੱਚ ਫਾਇਦਾ ਹੋਵੇਗਾ।

## ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਇੱਕ ਵਾਰ ਫਿਰ ਬੇਨਕਾਬ : ਅਮਨ ਅਰੋੜਾ

**ਚੰਡੀਗੜ੍ਹ**—ਕੈਬਨਿਟ ਮੰਤਰੀ ਅਮਨ ਅਰੋੜਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਉਸ ਦੇ ਪੰਜਾਬ ਵਿਰੋਧੀ ਰਵੱਈਏ ਅਤੇ ਸੂਬੇ ਦੀ ਵਿਸ਼ੇਸ਼ ਹੜ੍ਹ ਰਾਹਤ ਪੈਕੇਜ ਦੀ ਮੰਗ ਨੂੰ ਧੋਖੇ ਨਾਲ ਨਜਿੱਠਣ ਲਈ ਤਿੱਖਾ ਹਮਲਾ ਕੀਤਾ ਹੈ। ਚੰਡੀਗੜ੍ਹ ਵਿੱਚ ਆਪ ਦੇ ਸੀਨੀਅਰ ਬੁਲਾਰੇ ਨੀਲ ਗਰਗ ਦੇ ਨਾਲ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਬਾਅਦ ਕੇਂਦਰ ਅਤੇ ਪੀ ਆਈ ਬੀ ਨੇ ਜਿਸ ਤਰ੍ਹਾਂ ਗੁੰਮਰਾਹਕੁੰਨ ਅੰਕੜੇ ਪੇਸ਼ ਕੀਤੇ ਹਨ, ਉਹ ਪੰਜਾਬ ਅਤੇ ਇਸ ਦੇ ਲੋਕਾਂ ਨਾਲ ਧੋਖਾ ਹੈ।



ਅਰੋੜਾ ਨੇ ਕਿਹਾ ਕਿ ਇੱਕ ਵਾਰ ਫਿਰ ਭਾਜਪਾ ਸਰਕਾਰ ਦਾ ਪੰਜਾਬ ਵਿਰੋਧੀ ਅਤੇ ਪੰਜਾਬੀ ਵਿਰੋਧੀ ਚਿਹਰਾ ਬੇਨਕਾਬ ਹੋ ਗਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਤੋਂ ਬਾਅਦ, ਮੁੱਖ ਮੰਤਰੀ ਮਾਨ ਨੇ ਨਿੱਜੀ ਤੌਰ ’ਤੇ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਸੀ ਅਤੇ ਉਨ੍ਹਾ ਸਾਹਮਣੇ ਤਿੰਨ ਮੁੱਖ ਮੰਗਾਂ ਰੱਖੀਆਂ ਸਨ- ਪੰਜਾਬ ਦੀ ਹੜ੍ਹ ਰਾਹਤ ਅਤੇ ਮੁੜ ਵਸੇਬੇ ਲਈ 13,800 ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ, ਪ੍ਰਭਾਵਤ ਪਰਵਾਰਾਂ ਅਤੇ ਕਿਸਾਨਾਂ ਤੱਕ ਅਸਲ ਮੁਆਵਜ਼ਾ ਪਹੁੰਚਾਉਣਾ ਯਕੀਨੀ ਬਣਾਉਣ ਲਈ ਐੱਸ ਡੀ ਆਰ ਐੱਫ਼/ ਐੱਨ ਡੀ ਆਰ ਐੱਫ਼ ਨਿਯਮਾਂ ਵਿੱਚ ਢਿੱਲ ਅਤੇ ਭਾਰੀ ਬਾਰਸ਼ ਕਾਰਨ ਹੋਏ ਫਸਲਾਂ ਦੇ ਨੁਕਸਾਨ ਲਈ ਵਿਸ਼ੇਸ਼ ਧਿਆਨ ਅਤੇ ਢਿੱਲ ਜਿਸ ਵਿੱਚ ਟੁੱਟੇ ਹੋਏ ਚੌਲਾਂ, ਰੰਗੀਨ ਚੌਲਾਂ ਅਤੇ ਉੱਚ ਨਮੀ ਦੀਆਂ ਸਮੱਸਿਆਵਾਂ ਸ਼ਾਮਲ ਹਨ।

ਅਰੋੜਾ ਨੇ ਖੁਲਾਸਾ ਕੀਤਾ ਕਿ ਮੀਟਿੰਗ ਦੌਰਾਨ ਸ਼ਾਹ ਨੇ ਪੰਜਾਬ ਨੂੰ ਭਰੋਸਾ ਦਿੱਤਾ ਸੀ ਕਿ ਕੇਂਦਰ ਲੋੜ ਪੈਣ ’ਤੇ ਮਦਦ ਕਰੇਗਾ, ਪਰ ਕੁਝ ਘੰਟਿਆਂ ਬਾਅਦ ਹੀ ਪੀ ਆਈ ਬੀ ਨੇ ਇੱਕ ਪ੍ਰੈੱਸ ਰਿਲੀਜ਼ ਜਾਰੀ ਕੀਤੀ,

• ਬਾਕੀ ਸਫਾ 2 ’ਤੇ

## 15 ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਬੁੱਧਵਾਰ ਪੰਜਾਬ ਭਵਨ ਵਿਖੇ ਵਿਭਾਗ ਦੇ 15 ਨਵ-ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਪੰਜਾਬ ਸਰਕਾਰ ਦੀ ਤਰਸ ਦੇ ਅਧਾਰ ’ਤੇ ਨੌਕਰੀ ਦੇਣ ਦੀ ਨੀਤੀ ਤਹਿਤ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਗਰੁੱਪ-ਸੀ ਅਤੇ ਗਰੁੱਪ-ਡੀ ਦੀਆਂ ਆਸਾਮੀਆਂ ’ਤੇ ਨਿਯੁਕਤ ਹੋਏ ਇਨ੍ਹਾਂ ਉਮੀਦਵਾਰਾਂ ਵਿੱਚ 2 ਜੂਨੀਅਰ ਨਕਸ਼ਾ ਨਵੀਸ, 2 ਕਲਰਕ, 8 ਸੇਵਾਦਾਰ, 1 ਸਫ਼ਾਈ ਸੇਵਕ ਅਤੇ 2 ਹੈਲਪਰ ਟੈਕਨੀਕਲ ਦੀ ਆਸਾਮੀ ’ਤੇ ਨਿਯੁਕਤ ਕੀਤੇ ਗਏ ਹਨ।ਕੈਬਨਿਟ ਮੰਤਰੀ ਨੇ ਦੱਸਿਆ ਕਿ ਮਾਨ ਦੀ ਸਰਕਾਰ ਹੁਣ ਤੱਕ 55,201 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਚੁੱਕੀ ਹੈ। ਇਸ ਤੋਂ ਇਲਾਵਾ 2.77 ਲੱਖ ਤੋਂ ਜ਼ਿਆਦਾ ਨੌਕਰੀਆਂ ਪ੍ਰਾਈਵੇਟ ਖੇਤਰ ਵਿੱਚ ਦਿੱਤੀਆਂ ਜਾ ਚੁੱਕੀਆਂ ਹਨ।



## ਦੁਸਹਿਰੇ-ਦੀਵਾਲੀਆਂ ਤਾਂ ਇਨ੍ਹਾਂ ਦੀਆਂ...

**ਮੁੰਬਈ** : ਹੁਰੂਨ ਇੰਡੀਆ ਰਿਚ ਲਿਸਟ-2025 ਮੁਤਾਬਕ ਮੁਕੇਸ਼ ਅੰਬਾਨੀ ਦੇ ਖਾਨਦਾਨ ਦੀ ਦੌਲਤ 9.55 ਲੱਖ ਕਰੋੜ ਹੋ ਗਈ ਹੈ, ਜਦਕਿ ਗੌਤਮ ਅਡਾਨੀ ਦਾ ਖਾਨਦਾਨ 8.15 ਲੱਖ ਕਰੋੜ ਰੁਪਏ ਨਾਲ ਦੂਜੇ ਨੰਬਰ ’ਤੇ ਹੈ। ਐੱਚ ਸੀ ਐੱਲ ਟੈਕਨਾਲੋਜੀਜ਼ ਦੀ ਚੇਅਰਪਰਸਨ ਰੌਸ਼ਨੀ ਨਾਦਰ ਮਲਹੋਤਰਾ 2.84 ਲੱਖ ਕਰੋੜ ਨਾਲ ਤੀਜੇ ਨੰਬਰ ’ਤੇ ਹੈ। ਦੇਸ਼ ਵਿੱਚ ਖਰਬਪਤੀਆਂ ਦੀ ਗਿਣਤੀ 350 ਨਾਲੋਂ ਟੱਪ ਗਈ ਹੈ। ਇਹ 13 ਸਾਲ ਪਹਿਲਾਂ ਬਣਾਉਣੀ ਸ਼ੁਰੂ ਕੀਤੀ ਲਿਸਟ ਨਾਲੋਂ ਛੇ ਗੁਣਾ ਦਾ ਵਾਧਾ ਹੈ। ਸਾਰੇ ਖਰਬਪਤੀਆਂ ਦੀ ਕੁਲ ਦੌਲਤ 167 ਲੱਖ ਕਰੋੜ ਰੁਪਏ ਬਣਦੀ ਹੈ, ਜੋ ਭਾਰਤ ਦੀ ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) ਦੀ ਕਰੀਬ ਅੱਧੀ ਹੈ। ਖਰਬਪਤੀਆਂ ਵਿੱਚ ਕਈ ਨੌਜਵਾਨਾਂ ਦਾ ਵਾਧਾ ਹੋਇਆ ਹੈ। ਪਰਪਲੈਕਸਿਟੀ ਦਾ ਬਾਨੀ 31 ਸਾਲਾ ਅਰਵਿੰਦ ਸ੍ਰੀਨਿਵਾਸ 21 ਹਜ਼ਾਰ 900 ਕਰੋੜ ਨਾਲ ਸਭ ਤੋਂ ਨੌਜਵਾਨ ਭਾਰਤੀ ਖਰਬਪਤੀ ਬਣ ਗਿਆ ਹੈ। ਮੁੰਬਈ ਵਿੱਚ ਸਭ ਤੋਂ ਵੱਧ 451 ਵਿਅਕਤੀਗਤ ਖਰਬਪਤੀ ਹਨ। ਉਸ ਤੋਂ ਬਾਅਦ ਦਿੱਲੀ ਵਿੱਚ 223 ਤੇ ਬੇਂਗਲੁਰੂ ਵਿੱਚ 116 ਹਨ।

ਸ਼ਾਹਰੁਖ ਖਾਨ ਵੀ 12,490 ਕਰੋੜ ਦੀ ਦੌਲਤ ਨਾਲ ਪਹਿਲੀ ਵਾਰ ਖਰਬਪਤੀਆਂ ਦੇ ਕਲੱਬ ਵਿੱਚ ਸ਼ਾਮਲ ਹੋ ਗਿਆ ਹੈ। ਉਹ ਆਪਣੀ ਬਿਜ਼ਨਸ ਪਾਰਟਨਰ ਜੂਹੀ ਚਾਵਲਾ ਨਾਲੋਂ ਅੱਗੇ ਲੰਘ ਗਿਆ ਹੈ, ਜਿਸ ਦੀ ਦੌਲਤ 7790 ਕਰੋੜ ਰੁਪਏ ਹੈ। ਫਿਲਮੀ ਦੁਨੀਆ ਵਿੱਚ ਰਿਤਿਕ ਰੌਸ਼ਨ 2160 ਕਰੋੜ ਨਾਲ ਤੀਜੇ ਨੰਬਰ ’ਤੇ ਹੈ। ਨਿਰਮਾਤਾ ਕਰਨ ਜੌਹਰ ਦਾ ਪਰਵਾਰ 1880 ਕਰੋੜ ਨਾਲ ਚੌਥੇ ਅਤੇ ਅਮਿਤਾਭ ਬੱਚਨ ਦਾ ਪਰਵਾਰ 1630 ਕਰੋੜ ਰੁਪਏ ਨਾਲ ਪੰਜਵੇਂ ਨੰਬਰ ’ਤੇ ਹੈ। ਸਲਮਾਨ ਖਾਨ, ਅਕਸ਼ੈ ਕੁਮਾਰ, ਆਮਿਰ ਖਾਨ ਤੇ ਰਣਬੀਰ ਕਪੂਰ ਵਰਗੇ ਹੀਰੋ ਅਤੇ ਦੀਪਿਕਾ ਪਾਦੂਕੋਣ ਜਾਂ ਆਲੀਆ ਭੱਟ ਵਰਗੀਆਂ ਹੀਰੋਇਨਾਂ ਇਨ੍ਹਾਂ ਦੇ ਲਾਗੇ-ਛਾਗੇ ਨਹੀਂ। ਇੱਥੋਂ ਤੱਕ ਕਿ ਯਸ਼ ਰਾਜ ਫਿਲਮਜ਼ ਦਾ ਮੁਖੀ ਆਦਿਤਿਆ ਚੋਪੜਾ ਵੀ ਲਿਸਟ ਵਿੱਚ ਨਦਾਰਦ ਹੈ। 1.4 ਅਰਬ ਡਾਲਰ (12,490 ਕਰੋੜ) ਨਾਲ ਸ਼ਾਹਰੁਖ ਖਾਨ ਦੁਨੀਆ ਦਾ ਸਭ ਤੋਂ ਅਮੀਰ

• ਬਾਕੀ ਸਫਾ 2 ’ਤੇ

### ਵਾਂਗਚੁੱਕ ਦੀ ਗ੍ਰਿਫ਼ਤਾਰੀ ਤੋਂ ਦੁਖੀ ਹੋ ਕੇ ਜਾਨ ਦਿੱਤੀ

**ਲੇਹ** : ਲੱਦਾਖ ਬੋਧੀ ਸੰਘ ਦੇ ਇੱਕ ਮੈਂਬਰ ਨੂੰ ਲੇਹ ਵਿੱਚ ਉਸ ਦੇ ਘਰ ਵਿੱਚ ਮ੍ਰਿਤਕ ਪਾਇਆ ਗਿਆ। ਉਸ ਦੇ ਪਰਵਾਰ ਨੇ ਸਥਾਨਕ ਭਾਈਚਾਰੇ ਨੂੰ ਦੱਸਿਆ ਹੈ ਕਿ ਲੇਹ ਵਿੱਚ ਹੋਈ ਹਿੰਸਾ ਤੇ ਜਲਵਾਯੂ ਕਾਰਕੁੰਨ ਸੋਨਮ ਵਾਂਗਚੁੱਕ ਦੀ ਹਿਰਾਸਤ ਤੋਂ ਬਾਅਦ ਉਹ ਭਾਵਨਾਤਮਕ ਤੌਰ ’ਤੇ ਪਰੇਸ਼ਾਨੀ ਵਿੱਚੋਂ ਗੁਜ਼ਰ ਰਿਹਾ ਸੀ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ ਛੱਡ ਗਿਆ ਹੈ।

### 2055 ਕਰੋੜ ਰੁਪਏ ਤੋਂ ਵੱਧ ਬੁਢਾਪਾ ਪੈਨਸ਼ਨ ਲਈ ਜਾਰੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਰਾਜ ਦੇ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉੱਦਮਾਂ ਤਹਿਤ, ਬੁਢਾਪਾ ਪੈਨਸ਼ਨ ਯੋਜਨਾ ਦੇ ਅਧੀਨ ਅਗਸਤ ਤੱਕ 2055.05 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।ਇਸ ਮਿਆਦ ਦੌਰਾਨ 23.09 ਲੱਖ ਬਜ਼ੁਰਗ ਲਾਭਪਾਤਰੀਆਂ ਨੇ ਯੋਜਨਾ ਦਾ ਲਾਭ ਪ੍ਰਾਪਤ ਕੀਤਾ।

### ਜੋਸ਼ੀ ਕਾਂਗਰਸ ’ਚ ਸ਼ਾਮਲ

**ਚੰਡੀਗੜ੍ਹ**—ਪੰਜਾਬ ਦੇ ਸੀਨੀਅਰ ਸਿਆਸਤਦਾਨ ਅਤੇ ਸਾਬਕਾ ਮੰਤਰੀ ਅਨਿਲ ਜੋਸ਼ੀ ਬੁੱਧਵਾਰ ਕਾਂਗਰਸ ਵਿੱਚ ਸ਼ਾਮਿਲ ਹੋ ਗਏ ਹਨ। ਅਨਿਲ ਜੋਸ਼ੀ ਨੂੰ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਣੇ ਵੱਡੀ ਗਿਣਤੀ ਆਗੂਆਂ ਵੱਲੋਂ ਚੰਡੀਗੜ੍ਹ ਵਿਖੇ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਜੋਸ਼ੀ ਨੇ ਲੰਮਾ ਸਮਾਂ ਭਾਜਪਾ ਲਈ ਕੰਮ ਕੀਤਾ ਅਤੇ ਉਸ ਤੋਂ ਬਾਅਦ ਉਹ ਭਾਜਪਾ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ, ਜਿਸ ਤੋਂ ਬਾਅਦ ਉਨ੍ਹਾ ਸ਼੍ਰੋਮਣੀ ਅਕਾਲੀ ਦਲ ਤੋਂ ਵੀ ਅਸਤੀਫਾ ਦੇ ਦਿੱਤਾ ਸੀ।



## ਸ਼ੇਖ ਲਈ ਬਾਬਾ ਕਰ ਰਿਹਾ ਸੀ ਮਹਿਲਾ ਦਾ ਪ੍ਰਬੰਧ

**ਚੰਡੀਗੜ੍ਹ**—ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਗ੍ਰਿਫਤਾਰ ਅਖੌਤੀ ਬਾਬੇ ਚੈਤੰਨਯਾਨੰਦ ਸਰਸਵਤੀ ਬਾਰੇ ਹੁਣ ਨਵਾਂ ਖੁਲਾਸਾ ਹੋਇਆ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਇੱਕ ਵਟਸਐਪ ਚੈਟ ਮੁਤਾਬਕ ਇਹ ਅਖੌਤੀ ਸਾਧ ਮਹਿਲਾਵਾਂ ਨੂੰ ਕਥਿਤ ਅਸ਼ਲੀਲ ਸੁਨੇਹੇ ਭੇਜਦਾ ਸੀ। ਉਸ ਨੂੰ ਪਿਛਲੇ ਦਿਨੀਂ ਆਗਰਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰੀ ਤੋਂ ਬਾਅਦ ਉਸ ਦੀ ਹੈਰਾਨੀਜਨਕ ਵਟਸਐਪ ਚੈਟ ਸਾਹਮਣੇ ਆਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ 62 ਸਾਲਾ ਇਹ ਬਾਬਾ ਕਥਿਤ ਤੌਰ ’ਤੇ ਇੱਕ ਦੁਬਈ ਦੇ ਸ਼ੇਖ ਲਈ ਔਰਤਾਂ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਨਿਯਮਿਤ ਤੌਰ ’ਤੇ ਆਪਣੇ ਸੰਸਥਾਨ ਨਾਲ ਜੁੜੀਆਂ ਨੌਜਵਾਨ ਔਰਤਾਂ ਨੂੰ ਅਸ਼ਲੀਲ ਸੁਨੇਹੇ ਭੇਜਦਾ ਸੀ। ਇੱਕ ਚੈਟ ਅਜਿਹੀ ਵੀ ਹੈ, ਜਿਸ ਵਿੱਚ ਚੈਤੰਨਯਾਨੰਦ ਇੱਕ ਵਿਦਿਆਰਥਣ ’ਤੇ ਕਥਿਤ ਤੌਰ ’ਤੇ ਇੱਕ ਅਮੀਰ ਗਾਹਕ ਲਈ ਜਿਨਸੀ ਸੰਬੰਧਾਂ ਲਈ ਦਬਾਅ ਪਾਉਂਦਾ ਨਜ਼ਰ ਆ ਰਿਹਾ ਹੈ:

ਚੈਤੰਨਯਾਨੰਦ ਇਸ ਸੁਨੇਹੇ ਵਿੱਚ ਪੁੱਛ ਰਿਹਾ ਹੈ:

‘ਇੱਕ ਦੁਬਈ ਸ਼ੇਖ ਨੂੰ ਜਿਨਸੀ ਸੰਬੰਧਾਂ ਲਈ ਸਾਥਣ ਚਾਹੀਦੀ ਹੈ, ਕੀ ਤੁਹਾਡੀ ਕੋਈ ਚੰਗੀ ਦੋਸਤ ਹੈ?’

ਪੀੜਤ : ‘ਕੋਈ ਨਹੀਂ ਹੈ।’

ਚੈਤੰਨਯਾਨੰਦ: ‘ਇਹ ਕਿਵੇਂ ਸੰਭਵ ਹੈ?’

ਪੀੜਤ: ‘ਮੈਨੂੰ ਨਹੀਂ ਪਤਾ।’

ਚੈਤੰਨਯਾਨੰਦ: ‘ਤੁਹਾਡੀ ਕੋਈ ਕਲਾਸਮੇਟ? ਜੂਨੀਅਰ ਹੈ?’

ਇੱਕ ਹੋਰ ਗੱਲਬਾਤ ਵਿੱਚ ਉਹ ਅਣਉਚਿਤ ਤਰੀਕੇ ਨਾਲ ਪੁੱਛਦਾ ਹੈ :

‘ਤੁਸੀਂ ਮੇਰੇ ਨਾਲ ਨਹੀਂ ਸੌਂਵੋਗੇ?’

ਚੈਤੰਨਯਾਨੰਦ ਨੂੰ ਐਤਵਾਰ ਨੂੰ ਤੜਕੇ 3:30 ਵਜੇ ਆਗਰਾ ਦੇ ਤਾਜਗੰਜ ਖੇਤਰ ਦੇ ਇੱਕ ਹੋਟਲ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿੱਥੇ ਉਹ ਪਾਰਥ ਸਾਰਥੀ ਦੇ ਉਪਨਾਮ ਹੇਠ ਰਹਿ ਰਿਹਾ ਸੀ।

## ਅੱਜ-ਨਾਮਾ

ਅੰਕੜੇ ਆਏ ਅਪਰਾਧਾਂ ਦੇ ਜਦੋਂ ਬਾਹਰ,
ਹੋਈ ਆ ਥੋੜ੍ਹੀ ਕੁ ਸਾਫ ਤਸਵੀਰ ਬੇਲੀ।
ਕਈਆਂ ਰਾਜਾਂ ਦੇ ਵਿੱਚ ਤਾਂ ਅਮਨ ਹਾਲੇ,
ਕਈ ਥਾਂ ਦਿੱਸੇ ਪਈ ਹੋਈ ਅਖੀਰ ਬੇਲੀ।
ਹਰ ਕੋਈ ਦੂਸਰੇ ਵੱਲ ਹੀ ਕਰੇ ਉਂਗਲ,
ਖਬਰਾਂ ਵਿੱਚ ਵੀ ਆ ਗਿਆ ਟੀਰ ਬੇਲੀ।
ਖਬਰਾਂ ਉੱਤੇ ਸਿਆਸਤ ਵੀ ਤੁਰੀ ਜਾਂਦੀ,
ਤੁਰਦੀ ਜਿਵੇਂ ਕੋਈ ਭੀੜ-ਵਹੀਰ ਬੇਲੀ।
ਬੱਝਦਾ ਗੁੱਡਾ ਪੰਜਾਬ ਦਾ ਨਿੱਤ ਰਹਿੰਦਾ,
ਹਾਲਤ ਚੰਗੀ ਨਾ ਕਦੀ ਵੀ ਕਹਿ ਸਕਦੇ।
ਜਿਨ੍ਹਾਂ ਦਾ ਆਪਣਾ ਏਦੂੰ ਵੀ ਰਾਜ ਮਾੜਾ,
ਦੋਸ਼ ਉਨ੍ਹਾਂ ਦੇ ਲਾਏ ਨਹੀਂ ਸਹਿ ਸਕਦੇ।

-ਤੀਸ ਮਾਰ ਖਾਂ

### ਖੜਗੇ ਹਸਪਤਾਲ ਦਾਖ਼ਲ

**ਬੰਗਲੂਰੂ**—ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ (83) ਨੂੰ ਬੁਖਾਰ ਮਗਰੋਂ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਖੜਗੇ ਦੇ ਪੁੱਤਰ ਤੇ ਕਰਨਾਟਕ ਸਰਕਾਰ ’ਚ ਮੰਤਰੀ ਪ੍ਰਿਯਾਂਕ ਖੜਗੇ ਨੇ ਕਿਹਾ ਕਿ ਡਾਕਟਰਾਂ ਨੇ ਉਨ੍ਹਾ ਨੂੰ ਪੇਸਮੇਕਰ ਲਗਾਉਣ ਦੀ ਸਲਾਹ ਦਿੱਤੀ ਹੈ।

### ਭੁਚਾਲ ਨਾਲ 69 ਮੌਤਾਂ

**ਮਨੀਲਾ**-ਮੰਗਲਵਾਰ ਦੇਰ ਰਾਤ ਆਏ 6.9 ਤੀਬਰਤਾ ਦੇ ਇੱਕ ਸਮੁੰਦਰੀ ਭੁਚਾਲ ਨੇ ਕੇਂਦਰੀ ਫਿਲਪੀਨਜ਼ ਸੂਬੇ ਵਿੱਚ ਘਰਾਂ ਅਤੇ ਇਮਾਰਤਾਂ ਦੀਆਂ ਕੰਧਾਂ ਢਾਹ ਦਿੱਤੀਆਂ। ਘੱਟੋ-ਘੱਟ 69 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਭੁਚਾਲ ਦਾ ਕੇਂਦਰ ਲਗਭਗ 90,000 ਲੋਕਾਂ ਦੇ ਤੱਟਵਰਤੀ ਸ਼ਹਿਰ ਬੋਗੋ ਦੇ ਉੱਤਰ-ਪੂਰਬ ਵਿੱਚ 19 ਕਿਲੋਮੀਟਰ ਦੂਰ ਸੀ, ਜੋ ਸੇਬੂ ਸੂਬੇ ਵਿੱਚ ਸਥਿਤ ਹੈ। ਇੱਥੇ ਘੱਟੋ-ਘੱਟ 14 ਵਸਨੀਕਾਂ ਦੀ ਮੌਤ ਹੋ ਗਈ ਹੈ।




# ਯੂਨਾਈਟਡ ਅਕਾਲੀ ਦਲ ਪੰਥਕ ਸਰਕਾਰ ਬਣਾਉਣ ਲਈ ਪੰਥਕ ਆਗੂਆਂ ਨੂੰ ਕਰੇਗਾ ਇੱਕ ਪਲੇਟਫਾਰਮ 'ਤੇ ਇਕੱਠਾ : ਰਣਸੀਂਹ



**ਮੋਗਾ (ਇਕਬਾਲ ਸਿੰਘ ਖਹਿਰਾ)**- ਯੂਨਾਈਟਡ ਅਕਾਲੀ ਦਲ ਜ਼ਿਲ੍ਹਾ ਮੋਗਾ ਦੇ ਅਹੁਦੇਦਾਰਾਂ ਅਤੇ ਵਰਕਰਾਂ ਦੀ ਮੀਟਿੰਗ ਗੁਰਦੁਆਰਾ ਬੀਬੀ ਕਾਹਨ ਕੌਰ ਜੀ ਵਿਖੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਬੂਟਾ ਸਿੰਘ ਰਣਸੀਂਹ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪਾਰਟੀ ਦੇ ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਕਿਹਾ ਕਿ ਸਾਡੀ ਪਾਰਟੀ ਪੰਜਾਬ ਅੰਦਰ 27 ਵਿੱਚ ਪੰਥਕ ਸਰਕਾਰ ਬਣਾਉਣ ਲਈ ਸਾਰੀਆਂ ਪੰਥਕ ਧਿਰਾਂ ਜੋ ਪੰਜਾਬ ਅਤੇ ਸਿੱਖਾਂ ਦੀ ਮੰਗ ਲਈ ਪਿਛਲੇ 40 ਸਾਲਾਂ ਤੋਂ ਸੰਘਰਸ਼ ਕਰ ਰਹੀਆਂ ਹਨ, ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰੇਗੀ। ਉਨ੍ਹਾਂ ਕਿਹਾ ਕਿ ਅਸੀਂ ਹਰ ਪਿੰਡ ਵਿੱਚ ਇਕਾਈਆਂ ਸਥਾਪਤ ਕਰਾਂਗੇ ਤਾਂ ਜੋ ਪੰਜਾਬ ਦੀ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਬੰਦੀ ਸਿੰਘ ਰਿਹਾ ਕਰਾਉਣੇ, ਚੰਡੀਗੜ੍ਹ ਪੰਜਾਬ ਲਈ ਲੈਣਾ, ਪੰਜਾਬੀ ਬੋਲਦੇ ਇਲਾਕੇ, ਹੈਡਵਰਕਸ 'ਤੇ ਪੰਜਾਬ ਦਾ ਕੰਟਰੋਲ, ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਤੇ ਲਕੀਰ ਮਾਰਨਾ, ਹੜ੍ਹਾਂ ਮਾਰੇ ਕਿਸਾਨਾਂ ਦੀ ਹਰ ਤਰ੍ਹਾਂ ਦੀ ਮਦਦ ਕਰਨ ਬਾਰੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾਵੇ। ਇਸ ਮੌਕੇ ਮੀਟਿੰਗ ਵਿੱਚ ਮਤੇ ਪਾਸ ਕੀਤੇ ਗਏ ਜਿਸ ਵਿੱਚ ਸਰਬੱਤ ਖਾਲਸਾ ਵੱਲੋਂ ਚੁਣੇ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਨੂੰ ਮਾਤਾ ਨਰਿੰਦਰ ਕੌਰ ਨੂੰ ਮਿਲਣ ਲਈ ਤੁਰੰਤ ਪੈਰੋਲ ਦਿੱਤੀ ਜਾਵੇ ਅਤੇ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤੁਰੰਤ ਮੁਆਫ ਕਰਕੇ ਰਿਹਾ ਕੀਤਾ ਜਾਵੇ। ਕੇਂਦਰ ਸਰਕਾਰ ਦੇ ਪੰਜਾਬ ਸਰਕਾਰ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਉਲਟ ਪਰਚੇ ਦਰਜ ਨਾ ਕਰੇ, ਕਿਸਾਨ ਪਹਿਲਾਂ ਹੀ ਬਹੁਤ ਕਰਜ਼ਾਈ ਹੈ, ਸਰਕਾਰ ਕਰਜ਼ਾ ਮੁਆਫ ਕਰੇ । ਇਸ ਮੀਟਿੰਗ ਵਿੱਚ ਭਾਈ ਬਲਜੀਤ ਸਿੰਘ ਅਕਾਲੀਆਂ ਵਾਲਾ, ਭਾਈ ਹਰਪ੍ਰੀਤ ਸਿੰਘ ਧੱਲੇਕੇ, ਭਾਈ ਭੁਪਿੰਦਰ ਸਿੰਘ ਵੜੈਚ, ਭਾਈ ਗੁਰਲਾਲ ਸਿੰਘ ਧਰਮਕੋਟ, ਮਾਸਟਰ ਸੁਖਚੈਨ ਸਿੰਘ ਸੇਖਾ ਖੁਰਦ, ਸੇਰ ਸਿੰਘ ਸੇਖਾ, ਅਜੀਤ ਸਿੰਘ ਨੱਥੂਵਾਲਾ, ਬੂਟਾ ਸਿੰਘ ਲੁਹਾਰਾ, ਦਲੀਪ ਸਿੰਘ ਬੱਧਨੀ, ਸਾਧੂ ਸਿੰਘ ਕੋਰੇਵਾਲਾ, ਬਖਤੌਰ ਸਿੰਘ, ਜਥੇਦਾਰ ਜਸਵੀਰ ਸਿੰਘ ਜਨੇਰ, ਕੇਵਲ ਰੋਡੇ, ਗੁਰਦੀਪ ਸਿੰਘ ਕਪੂਰੇ, ਜਥੇਦਾਰ ਗੁਰਮੇਲ ਸਿੰਘ ਕਪੂਰੇ, ਮੰਗਤ ਸਿੰਘ ਮੋਗਾ, ਮਲਕੀਤ ਸਿੰਘ ਜਥੇਦਾਰ ਮੋਗਾ, ਸੁਖਬੀਰ ਰੋਡੇ, ਹਰਬੰਸ ਸਿੰਘ ਕੋਕਰੀ, ਹਾਕਮ ਸਿੰਘ ਕਪੂਰੇ, ਗੁਰਮੀਤ ਸਿੰਘ ਪੁਰਾਣੇ ਵਾਲਾ ਆਦਿ ਹਾਜ਼ਰ ਸਨ।




# ਦੇਸ਼ ਭਗਤ ਯੂਨੀਵਰਸਿਟੀ 'ਚ ਮਨਾਇਆ ਵਿਸ਼ਵ ਫਾਰਮਾਸਿਸਟ ਦਿਵਸ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਦੇ ਫਾਰਮੇਸੀ ਫੈਕਲਟੀ ਦੇ ਪਲੇਸਬੋ ਕਲੱਬ ਵੱਲੋਂ 'ਥਿੰਕ ਹੈਲਥ, ਥਿੰਕ ਫਾਰਮਾਸਿਸਟ' ਵਿਸ਼ੇ 'ਤੇ ਵਿਸ਼ਵ ਫਾਰਮਾਸਿਸਟ ਦਿਵਸ-2025 ਬਹੁਤ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਫਾਰਮੇਸੀ ਸਕੂਲ, ਸਰਦਾਰ ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਤੇ ਮਾਤਾ ਜਰਨੈਲ ਕੌਰ ਕਾਲਜ ਆਫ਼ ਫਾਰਮੇਸੀ ਦੇ ਵਿਦਿਆਰਥੀਆਂ ਤੇ ਫੈਕਲਟੀ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸਮਾਗਮ ਵਿੱਚ ਇੱਕ ਜਨਤਕ ਜਾਗਰੂਕਤਾ ਰੈਲੀ, ਮਾਡਲ ਮੇਕਿੰਗ ਮੁਕਾਬਲਾ, ਭਾਸ਼ਣ ਮੁਕਾਬਲਾ, ਛੋਟਾ ਵੀਡੀਓ ਮੁਕਾਬਲਾ ਤੇ ਸੱਭਿਆਚਾਰਕ ਪ੍ਰਦਰਸ਼ਨ ਸ਼ਾਮਲ ਸਨ, ਜਿਸ ਵਿੱਚ ਵਿਦਿਆਰਥੀਆਂ ਵਿੱਚ ਨਵੀਨਤਾ ਤੇ ਸਹਿਯੋਗ ਨੂੰ ਉਤਸ਼ਾਹਤ ਕਰਦੇ ਹੋਏ ਸਿਹਤ ਸੰਭਾਲ ਵਿੱਚ ਫਾਰਮਾਸਿਸਟਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ ਗਿਆ।ਪ੍ਰੋਗਰਾਮ ਦਾ ਮੁੱਖ ਆਕਰਸ਼ਣ ਇੱਕ ਮਾਹਿਰ ਭਾਸ਼ਣ ਸੈਸ਼ਨ ਸੀ, ਜਿਸ ਨੇ ਵਿਦਿਆਰਥੀਆਂ ਨੂੰ ਫਾਰਮਾਸਿਸਟ ਦੀ ਭੂਮਿਕਾ, ਡਰੱਗ ਇੰਸਪੈਕਟਰ ਦੇ ਕਰੀਅਰ ਮਾਰਗ ਤੇ ਪੇਸ਼ੇਵਰ ਵਿਕਾਸ ਦੇ ਮੌਕਿਆਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ।ਡਾ. ਸੰਤੋਸ਼ ਜਿੰਦਲ, ਡਰੱਗ ਕੰਟਰੋਲ ਅਫਸਰ, ਸੰਗਰੂਰ ਨੇ ਇਸ ਮੌਕੇ ਗੈਸਟ ਆਫ਼ ਆਨਰ ਵਜੋਂ ਸ਼ਿਰਕਤ ਕੀਤੀ ਤੇ ਆਪਣੀ ਉੱਦਮੀ ਯਾਤਰਾ ਸਾਂਝੀ ਕੀਤੀ।

# ਚੋਟੀ ਦੇ ਵਿਗਿਆਨੀਆਂ ਦੀ ਸੂਚੀ 'ਚ ਪੰਜਾਬੀ ਯੂਨੀਵਰਸਿਟੀ ਦੇ 16 ਖੋਜੀ ਅਧਿਆਪਕ ਸ਼ਾਮਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸੰਸਾਰ ਵਿੱਚ ਚੋਟੀ ਦੇ ਦੋ ਪ੍ਰਤੀਸ਼ਤ ਵਿਗਿਆਨੀਆਂ ਦੀ ਸੂਚੀ ਵਿੱਚ ਇਸ ਵਾਰ ਪੰਜਾਬੀ ਯੂਨੀਵਰਸਿਟੀ ਦੇ 16 ਅਧਿਆਪਕਾਂ ਨੇ ਆਪਣੀ ਜਗ੍ਹਾ ਬਣਾ ਲਈ ਹੈ। ਯੂ. ਐੱਸ. ਏ. ਦੀ ਸਟੈਨਫੋਰਡ ਯੂਨੀਵਰਸਿਟੀ ਵੱਲੋਂ ਜਾਰੀ 2025 ਦੀ ਇਸ ਸੂਚੀ ਵਿੱਚ ਪੰਜਾਬੀ ਯੂਨੀਵਰਸਿਟੀ ਤੋਂ 15 ਅਧਿਆਪਕਾਂ ਦਾ ਨਾਂਅ ਇੱਕ ਸਾਲ ਦੇ ਅੰਕੜਿਆਂ ਉੱਤੇ ਅਧਾਰਤ ਸ਼ਰੇਣੀ 'ਸਿੰਗਲ ਈਅਰ' ਵਿੱਚ ਸ਼ਾਮਿਲ ਹੈ ਜਦੋਂ ਕਿ 11 ਅਧਿਆਪਕਾਂ ਦਾ ਨਾਂਅ 'ਕੈਰੀਅਰ-ਲੌਂਗ ਲਿਸਟ' ਨਾਮਕ ਸ਼ਰੇਣੀ ਵਿੱਚ ਸ਼ੁਮਾਰ ਹੈ। ਇੱਕ ਸਾਲ ਵਾਲ਼ੀ ਸੂਚੀ 2024 ਵਿੱਚ ਕੀਤੀ ਗਈ ਖੋਜ ਦੇ ਅਧਾਰ ਉੱਤੇ ਤਿਆਰ ਕੀਤੀ ਗਈ ਹੈ। ਇਹ ਚੋਣ ਸੰਸਾਰ ਭਰ ਵਿੱਚ ਉੱਚ ਕੋਟੀ ਦੇ ਇੱਕ ਲੱਖ ਵਿਗਿਆਨੀਆਂ ਦੇ ਪ੍ਰਾਪਤ ਸੀ-ਸਕੋਰ (ਸਵੈ-ਸਾਈਟੇਸ਼ਨ ਤੋਂ ਬਿਨਾਂ ਅਤੇ ਨਾਲ) ਅਧਾਰ ਉੱਤੇ ਕੀਤੀ ਗਈ ਹੈ।ਪੰਜਾਬੀ ਯੂਨੀਵਰਸਿਟੀ ਲਈ ਖ਼ੁਸ਼ੀ ਵਾਲ਼ੀ ਗੱਲ ਹੈ ਕਿ ਸੂਚੀ ਵਿੱਚ ਸ਼ਾਮਲ ਅਧਿਆਪਕਾਂ ਦੀ ਗਿਣਤੀ ਪੱਖੋਂ ਪਿਛਲੇ ਪੰਜ ਸਾਲਾਂ ਤੋਂ ਯੂਨੀਵਰਸਿਟੀ ਦਾ ਗਰਾਫ਼ ਲਗਾਤਾਰ ਵਧਦੇ ਕ੍ਰਮ ਵਿੱਚ ਹੀ ਰਿਹਾ ਹੈ। ਪਿਛਲੇ ਸਾਲ 2024 ਦੌਰਾਨ ਜਾਰੀ ਇਸ ਸੂਚੀ ਵਿੱਚ 'ਸਿੰਗਲ ਈਅਰ' ਸ਼੍ਰੇਣੀ ਵਿੱਚ ਇਹ ਗਿਣਤੀ 14 ਅਤੇ 'ਕੈਰੀਅਰ ਲੌਂਗ ਲਿਸਟ' ਵਿੱਚ 11 ਸੀ। ਇੱਕ ਸਾਲ ਦੇ ਅੰਕੜਿਆਂ ਉੱਤੇ ਅਧਾਰਿਤ ਸ਼ਰੇਣੀ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਜਿਨ੍ਹਾਂ 15 ਫ਼ੈਕਲਟੀ ਮੈਂਬਰਾਂ ਦੇ ਨਾਂਅ ਦਰਜ ਹੋਏ ਹਨ ਉਨ੍ਹਾਂ ਵਿੱਚ ਡਾ. ਰਾਮ ਸਰੂਪ ਸਿੰਘ, ਡਾ. ਪੁਨੀਤਪਾਲ, ਡਾ. ਯੋਗਿਤਾ ਬਾਂਸਲ, ਡਾ. ਪਰਵੀਨ ਲਤਾ ਡਾ. ਰਾਜੇਸ਼ ਕੁਮਾਰ ਗੋਇਲ, ਡਾ. ਅਸ਼ੋਕ ਕੁਮਾਰ ਤਿਵਾੜੀ, ਡਾ. ਨਿਰਮਲ ਸਿੰਘ, ਡਾ. ਦੀਪਕ ਕੁਮਾਰ, ਡਾ. ਅਮਨਪ੍ਰੀਤ ਕੌਰ, ਡਾ. ਓਮ ਸਿਲਾਕਾਰੀ, ਡਾ. ਨਰਿੰਦਰ ਪਾਲ ਸਿੰਘ, ਡਾ. ਅਸ਼ੋਕ ਕੁਮਾਰ ਮਲਿਕ , ਡਾ. ਅਮਤੇਸ਼ਵਰ ਸਿੰਘ ਜੱਗੀ, ਡਾ. ਵਿਨੋਦ ਕੁਮਾਰ ਅਤੇ ਡਾ. ਅਸ਼ੋਕ ਕੁਮਾਰ ਸ਼ਾਮਲ ਹਨ। ਕੈਰੀਅਰ ਲੌਂਗ ਲਿਸਟ ਵਿੱਚ ਡਾ. ਚੰਦਨ ਸਿੰਘ, ਡਾ. ਅਮਤੇਸ਼ਵਰ ਸਿੰਘ ਜੱਗੀ, ਡਾ. ਪ੍ਰਵੀਨ ਲਤਾ, ਡਾ. ਅਸ਼ੋਕ ਕੁਮਾਰ ਮਲਿਕ, ਡਾ. ਵਿਨੋਦ ਕੁਮਾਰ, ਡਾ. ਰਾਮ ਸਰੂਪ ਸਿੰਘ, ਡਾ. ਐੱਸ.ਕੇ. ਅਸ਼ੋਕ ਕੁਮਾਰ, ਡਾ. ਓਮ ਸਿਲਾਕਾਰੀ, ਡਾ. ਨਿਰਮਲ ਸਿੰਘ, ਡਾ. ਅਮਨਪ੍ਰੀਤ ਕੌਰ ਅਤੇ ਡਾ. ਅਸ਼ੋਕ ਕੁਮਾਰ ਤਿਵਾੜੀ ਸ਼ਾਮਲ ਹਨ।

# ਕਿੰਡਰ ਗਾਰਟਨ ਸਕੂਲ 'ਚ ਦੁਸਹਿਰਾ ਤੇ ਗਾਂਧੀ ਜੈਯੰਤੀ ਮਨਾਈ

**ਸਮਰਾਲਾ (ਸੁਰਜੀਤ ਸਿੰਘ)**- ਸਥਾਨਕ ਸਕੂਲ ਕਿੰਡਰ ਗਾਰਟਨ ਸਕੂਲ ਵਿੱਚ ਦੁਸਹਿਰੇ ਦਾ ਤਿਉਹਾਰ ਅਤੇ ਗਾਂਧੀ ਜੈਯੰਤੀ ਸਕੂਲ ਕੈਂਪਸ ਵਿੱਚ ਮਨਾਈ ਗਈ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਮਹਾਤਮਾ ਗਾਂਧੀ ਦੇ ਜਵੀਨ ਬਾਰੇ ਪਰਚੇ ਪੜ੍ਹੇ ਗਏ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਬੱਚਿਆਂ ਵੱਲੋਂ ਮਹਾਤਮਾ ਗਾਂਧੀ ਦੇ ਕਾਰਡ ਅਤੇ ਚਾਰਟ ਬਣਾਏ, ਰਾਵਣ, ਕੁੰਭਕਰਨ, ਮੇਘਨਾਥ ਦੇ ਪੁਤਲੇ ਬਣਾਏ ਗਏ ਅਤੇ ਛੋਟੇ ਬੱਚੇ ਸ੍ਰੀ ਰਾਮ ਚੰਦਰ ਜੀ, ਸੀਤਾ ਮਾਤਾ ਅਤੇ ਹਨੂੰਮਾਨ ਦੀ ਡਰੈਸ ਪਾ ਕੇ ਆਏ। ਬੱਚਿਆਂ ਵੱਲੋਂ ਪ੍ਰਦਰਸ਼ਨੀ ਲਗਾਈ ਗਈ



ਜਿਸ ਵਿੱਚ ਸ੍ਰੀ ਰਾਮ ਚੰਦਰ ਜੀ ਅਤੇ ਸੀਤਾ ਮਾਤਾ ਜੀ ਦੀਆਂ ਮੂਰਤੀਆਂ ਬਣਾਈਆਂ ਗਈਆਂ, ਕਾਰਡ ਬਣਾਏ , ਕਾਗਜ਼ ਦੀਆਂ ਲੜੀਆਂ ਬਣਾਈਆਂ । ਇਸ ਮੌਕੇ ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਮਹਾਤਮਾ ਗਾਂਧੀ ਦੇ ਜੀਵਨ ਤੇ ਦੁਸਹਿਰੇ ਦੇ ਤਿਉਹਾਰ ਬਾਰੇ ਦੱਸਿਆ। ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਉਪ ਚੇਅਰਮੈਨ ਕਮਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ ਅਤੇ ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਅੰਤ ਵਿੱਚ ਬੱਚਿਆਂ ਤੇ ਅਧਿਆਪਕਾਂ ਨੂੰ ਮਹਾਤਮਾ ਗਾਂਧੀ ਦੇ ਜਨਮ ਦਿਵਸ ਅਤੇ ਦੁਸਹਿਰੇ ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀਆਂ।

# ਨਜਾਇਜ਼ ਸ਼ਰਾਬ ਦੇਸੀ ਸਣੇ ਇੱਕ ਗ੍ਰਿਫ਼ਤਾਰ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਿਟੀ ਪੁਲਸ ਵੱਲੋਂ ਇਕ ਵਿਅਕਤੀ ਨੂੰ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਦੇਸੀ ਸਣੇ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਰੇਲਵੇ ਸਟੇਸ਼ਨ ਜਲਾਲਾਬਾਦ ਦੇ ਕੋਲ ਪੁੱਜੀ ਤਾਂ ਮੁਖਬਰ ਖਾਸ ਤੋਂ ਇਤਲਾਹ ਮਿਲੀ ਕਿ ਕਸ਼ਮੀਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਚੱਕ ਕਾਠਗੜ੍ਹ ਉਰਫ ਹਿਸਾਨਵਾਲਾ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਹੁਣ ਵੀ ਪੁਲ ਨਹਿਰ (ਸੂਆ) ਪਿੰਡ ਹਿਸਾਨਵਾਲਾ ਕੋਲ ਨਜਾਇਜ਼ ਸ਼ਰਾਬ ਦੇਸੀ ਪਲਾਸਟਿਕ ਗੱਟੇ ਵਿੱਚ ਪਾ ਕੇ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਇਹ ਇਤਲਾਹ ਮੋਹਤਬਰ ਤੋਂ ਭਰੋਸੇਯੋਗ ਹੋਣ 'ਤੇ ਪੁਲਸ ਪਾਰਟੀ ਨੇ ਕਾਰਵਾਈ ਕਰਦੇ ਹੋਈ ਕਸ਼ਮੀਰ ਸਿੰਘ ਨੂੰ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਦੇਸੀ ਸਮੇਤ ਗ੍ਰਿਫ਼ਤਾਰ ਕਰ ਲਿਆ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਧਾਰਾ 61/1/14 ਆਬਕਾਰੀ ਐਕਟ ਤਹਿਤ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਤਾਮਿਲਨਾਡੂ ਤੋਂ ਅਧਿਆਪਕਾਂ ਦੇ ਵਫ਼ਦ ਦੇ ਅਕਾਦਮਿਕ ਦੌਰੇ ਦੀ ਮੇਜ਼ਬਾਨੀ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਪੰਜਾਬ ਦੇ ਅਕਾਦਮਿਕ ਦੌਰੇ ਦੌਰਾਨ ਤਾਮਿਲਨਾਡੂ ਦੇ ਅਧਿਆਪਕਾਂ ਦੇ ਇੱਕ ਵਿਸ਼ੇਸ਼ ਵਫ਼ਦ ਲਈ ਵਿਸ਼ੇਸ਼ ਸਵਾਗਤੀ ਸਮਾਗਮ ਦਾ ਆਯੋਜਨ ਕੀਤਾ।ਇਸ ਦੌਰੇ ਦਾ ਉਦੇਸ਼ ਪੰਜਾਬ ਦੇ ਇਤਿਹਾਸ ਤੇ ਅਕਾਦਮਿਕ ਪ੍ਰੰਪਰਾਵਾਂ ਨੂੰ ਪ੍ਰਦਰਸ਼ਤ ਕਰਦੇ ਹੋਏ ਸੱਭਿਆਚਾਰਕ ਇਕਸਾਰਤਾ ਬਣਾਉਣਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਮਾਨਯੋਗ ਵਾਇਸ ਚਾਂਸਲਰ, ਪ੍ਰੋ. (ਡਾ.) ਪ੍ਰਿਤਪਾਲ ਸਿੰਘ ਅਤੇ ਡੀਨ ਅਕਾਦਮਿਕ ਮਾਮਲੇ, ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਦੀ ਹਾਜ਼ਰੀ ਵਿੱਚ ਵਫ਼ਦ ਦੇ ਸਵਾਗਤ ਨਾਲ ਹੋਈ।ਸਮਾਗਮ ਦਾ ਤਾਲਮੇਲ ਡਾ. ਹਰਦੇਵ ਸਿੰਘ, ਡੀਨ ਫੈਕਲਟੀ ਆਫ਼ ਰਿਲੀਜੀਅਸ ਸਟੱਡੀਜ਼ ਤੇ ਸੰਚਾਲਿਤ ਡਾ. ਬਲਜੀਤ ਕੌਰ, ਸਹਾਇਕ ਪ੍ਰੋਫੈਸਰ, ਅੰਗਰੇਜ਼ੀ ਵਿਭਾਗ ਦੁਆਰਾ ਕੀਤਾ ਗਿਆ।ਸਾਂਝੀ ਸਿੱਖਿਆ ਫਾਊਂਡੇਸ਼ਨ ਦੇ ਵਲੰਟੀਅਰ ਵੀ ਇਸ ਦੌਰਾਨ ਮੌਜੂਦ ਰਹੇ। ਅਕਾਦਮਿਕ ਵਿਚਾਰ ਵਟਾਂਦਰਾ ਕਰਦਿਆਂ ਇਤਿਹਾਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਜਸਪ੍ਰੀਤ ਕੌਰ ਤੇ ਸ਼੍ਰੀਮਤੀ ਇਸਮਿਤੀ ਨੇ ਵਫ਼ਦ ਨੂੰ ਪੰਜਾਬ ਦੇ ਅਮੀਰ ਸੱਭਿਆਚਾਰਕ ਤੇ ਇਤਿਹਾਸਕ ਲੋਕਾਚਾਰਾਂ ਤੋਂ ਜਾਣੂ ਕਰਾਇਆ।ਵਫ਼ਦ ਨੂੰ ਸੰਬੋਧਨ ਕਰਦੇ ਹੋਏ, ਵਾਇਸ-ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਸਥਾਪਨਾ, ਦ੍ਰਿਸ਼ਟੀ ਤੇ ਮਿਸ਼ਨ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਅਕਾਦਮਿਕ ਉੱਤਮਤਾ, ਨਵੀਨਤਾ ਤੇ ਸੰਪੂਰਨ ਵਿਕਾਸ ਪ੍ਰਤੀ ਇਸਦੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ।ਉਨ੍ਹਾਂ ਕਿਹਾ ਕਿ ਅਜਿਹੇ ਅਕਾਦਮਿਕ ਦੌਰੇ ਵਿਭਿੰਨਤਾ ਵਿੱਚ ਏਕਤਾ ਦੀ ਸੱਚੀ ਭਾਵਨਾ ਨੂੰ ਦਰਸਾਉਂਦੇ ਹਨ।ਇਹ ਨਾ ਸਿਰਫ਼ ਸਿਖਿਆ ਅਨੁਭਵ ਨੂੰ ਅਮੀਰ ਬਣਾਉਂਦੇ ਹਨ, ਬਲਕਿ ਆਪਸੀ ਸਤਿਕਾਰ ਤੇ ਸਮਝ ਦੇ ਬੰਧਨਾਂ ਨੂੰ ਵੀ ਮਜ਼ਬੂਤ ਕਰਦੇ ਹਨ।



# ਪੀ ਜੀ ਆਈ ਵਿੱਚ ਔਰਤਾਂ ਲਈ ਐੱਨ ਬੀ ਐੱਫ ਨੇ ਹੈਲਥ ਕੈਂਪ ਲਗਾਇਆ

**ਸਮਰਾਲਾ (ਸੁਰਜੀਤ ਸਿੰਘ)**- ਨਵਰਾਤ੍ਰੇ ਦੇ ਪਾਵਨ ਮੌਕੇ 'ਤੇ ਰਾਸ਼ਟਰੀ ਸੇਵਾ ਪਖਵਾਰਾ ਦੇ ਤਹਿਤ 'ਸਵਸਥ ਨਾਰੀ, ਸਸ਼ਕਤ ਪਰਿਵਾਰ' ਅਭਿਆਨ ਹੇਠ ਨਵਿਆ ਭਾਰਤ ਫਾਉਂਡੇਸ਼ਨ (ਐੱਨ.ਬੀ.ਐੱਫ. ਭਾਰਤ) ਤੇ ਐੱਸ.ਏ.ਪੀ.ਟੀ. ਇੰਡੀਆ ਵੱਲੋਂ ਮਿਸ਼ਨ ਅਪਰਨਾ ਸ਼ਕਤੀ ਤੇ ਮਿਸ਼ਨ ਚਿਰੰਜੀਵੀ ਭਾਰਤ ਦੇ ਅਧੀਨ ਮੇਗਾ ਹੈਲਥ ਕੇਅਰ ਕੈਂਪ ਅਤੇ ਸੈਨੀਟਰੀ ਪੈਡਸ ਵੰਡ ਪ੍ਰੋਗਰਾਮ ਸਕੂਲੀ ਵਿਦਿਆਰਥਣਾਂ ਤੇ ਲੋੜਵੰਦ ਮਹਿਲਾਵਾਂ ਵਿਚਕਾਰ ਸਰਵ ਹਿੱਤਕਾਰੀ ਵਿੱਦਿਆ ਮੰਦਰ, ਧਨਾਸ, ਚੰਡੀਗੜ੍ਹ ਵਿੱਚ ਕਰਵਾਇਆ ਗਿਆ, ਜਿਸ ਵਿੱਚ ਪੀਜੀਆਈ ਚੰਡੀਗੜ੍ਹ ਦੇ ਪ੍ਰਸਿੱਧ ਤੇ ਕੁਸ਼ਲ ਡਾਕਟਰਾਂ ਵੱਲੋਂ ਇੱਕ ਕੈਂਪ ਦਾ ਆਯੋਜਨ ਕਰਕੇ ਮੁਫ਼ਤ ਸਲਾਹ-ਮਸ਼ਵਰਾ ਤੇ ਇਲਾਜ ਦਿੱਤਾ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਹਰਸ਼, ਮਹਾਂਨਗਰ ਸੰਗਠਨ ਮੰਤਰੀ, ਭਾਰਤੀ ਸਿੱਖਿਆ ਮੰਡਲ, ਦਿੱਲੀ ਹਾਜ਼ਰ ਰਹੇ।ਉਨ੍ਹਾਂ ਐੱਨ.ਬੀ.ਐੱਫ. ਵੱਲੋਂ ਕੀਤੇ ਗਏ ਇਸ ਮਹਾਨ ਕਾਰਜ ਲਈ ਸ਼ੁੱਭ-ਕਾਮਨਾਵਾਂ ਪ੍ਰਗਟਾਈਆਂ।ਮੁੱਖ ਵਕਤਾ ਵਜੋਂ ਡਾ. ਸੇਵਿਕਾ ਬਾਲੀ, ਫਿਜ਼ੀਓਥੈਰੇਪਿਸਟ, ਪੀਜੀਆਈ ਚੰਡੀਗੜ੍ਹ ਹਾਜ਼ਰ ਰਹੀ ਤੇ ਉਨ੍ਹਾਂ ਨੇ ਮਹਿਲਾਵਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਦੇ ਹੋਏ ਤੰਦਰੁਸਤ ਰਹਿਣ ਦੀ ਅਪੀਲ ਕੀਤੀ। ਪ੍ਰੋਗਰਾਮ ਦੀ ਅਗਵਾਈ ਡਾ. ਅਨਿਲ, ਪ੍ਰਿੰਸੀਪਲ, ਸਰਵ ਹਿੱਤਕਾਰੀ ਵਿੱਦਿਆ ਮੰਦਰ, ਧਨਾਸ ਨੇ ਕੀਤੀ। ਇਸ ਮੌਕੇ ਪ੍ਰਭਾਤ, ਮਹਾਂਨਗਰ ਸੰਗਠਨ ਮੰਤਰੀ, ਭਾਰਤੀ ਸਿੱਖਿਆ ਮੰਡਲ ਚੰਡੀਗੜ੍ਹ ਹਾਜ਼ਰ ਰਹੇ।



# ਕਲੱਬ ਪ੍ਰਧਾਨ ਗੌਰਵ ਕਾਂਸਲ ਵੱਲੋਂ ਰਾਮਲੀਲ੍ਹਾ ਦਾ ਉਦਘਾਟਨ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸ੍ਰੀ ਸ਼ਿਵ ਰਾਮਲੀਲ੍ਹਾ ਕਲੱਬ ਗੀਤਾ ਭਵਨ ਵਿਚ ਮੰਗਲਵਾਰ ਨੂੰ ਆਯੋਜਿਤ ਰਾਮਲੀਲ੍ਹਾ ਮਹੋਤਸਵ ਦਾ ਉਦਘਾਟਨ ਰੋਟਰੀ ਕਲੱਬ ਸੁਨਾਮ ਗ੍ਰੀਨ ਦੇ ਪ੍ਰਧਾਨ ਗੌਰਵ ਕਾਂਸਲ ਨੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਆਈ.ਪੀ.ਪੀ. ਸੰਦੀਪ ਗਰਗ, ਗੋਰਾ ਲਾਲ ਬਾਂਸਲ, ਟਿੰਕਲ ਬਾਂਸਲ ਸਮੇਤ ਕਲੱਬ ਦੇ ਹੋਰ ਮੈਂਬਰ ਵੀ ਹਾਜ਼ਰ ਸਨ।ਮੁੱਖ ਮਹਿਮਾਨ ਵਜੋਂ ਆਪਣੇ ਸੰਬੋਧਨ ਦੌਰਾਨ ਗੌਰਵ ਕਾਂਸਲ ਨੇ ਕਿਹਾ ਕਿ ਰਾਮਾਇਣ ਸਿਰਫ਼ ਇਕ ਕਥਾ ਨਹੀਂ, ਸਗੋਂ ਜੀਵਨ ਦਾ ਮਾਰਗਦਰਸ਼ਨ ਹੈ। ਉਨ੍ਹਾਂ ਨਗਰ ਵਾਸੀਆਂ ਨੂੰ ਅਪੀਲ ਕੀਤੀ ਕਿ ਰਾਮਲੀਲ੍ਹਾ ਦੇ ਮੰਚ ਤੋਂ ਅਸੀਂ ਸਭ ਇਹ ਸੰਕਲਪ ਲਈਏ ਕਿ ਸ੍ਰੀ ਰਾਮ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਵਾਂਗੇ। ਕਾਰਜਕ੍ਰਮ ਦੌਰਾਨ ਰੋਟਰੀ ਕਲੱਬ ਸੁਨਾਮ ਗ੍ਰੀਨ ਦੀ ਟੀਮ ਨੂੰ ਰਾਮਲੀਲ੍ਹਾ ਪ੍ਰਬੰਧਕ ਕਮੇਟੀ ਵੱਲੋਂ ਸੁਰੇਸ਼ ਗੋਇਲ ਸ਼ਸ਼ੀ, ਜਗਦੀਸ਼, ਬਲਜੀਤ ਸਿੰਘ, ਰਾਕੇਸ਼ ਕੁਮਾਰ ਕਾਕਾ, ਗਗਨ ਗੋਇਲ, ਮੁਕੇਸ਼ ਕੁਮਾਰ ਮੰਗੂ, ਮਨੋਜ ਭਾਟੀਆ ਤੇ ਰਾਮਲੀਲ੍ਹਾ ਕਲੱਬ ਦੇ ਹੋਰ ਮੈਂਬਰਾਂ ਨੇ ਸਨਮਾਨਤ ਕੀਤਾ।



# ਆਂਗਣਵਾੜੀ ਵਰਕਰਾਂ ਨੇ ਸੀ ਡੀ ਪੀ ਓ ਦਫਤਰੀ ਅਮਲੇ 'ਤੇ ਜਤਾਇਆ ਰੋਸ

**ਮੋਗਾ (ਇਕਬਾਲ ਸਿੰਘ ਖਹਿਰਾ)**- ਧਰਮਕੋਟ ਦਫਤਰ ਦੇ ਉਦਘਾਟਨ ਕਰਮਚਾਰੀਆਂ ਨੇ ਟ੍ਰੇਨਿੰਗ ਦੇ ਨਾਂ 'ਤੇ ਆਂਗਣਵਾੜੀ ਵਰਕਰਾਂ ਨੂੰ ਦਫਤਰ ਧਰਮਕੋਟ ਬੁਲਾਇਆ ਗਿਆ, ਪਰ ਜਦੋਂ ਆਂਗਣਵਾੜੀ ਵਰਕਰ ਉੱਥੇ ਪਹੁੰਚੇ ਤਾਂ ਫੂਡ ਸਪਲਾਈ ਮਹਿਕਮਾ ਆਪਣੇ ਕੰਮ ਈ ਕੇ ਵਾਈ ਸੀ ਤੇ ਐੱਫ ਆਰ ਐੱਸ ਕਰਾਉਣ ਲਈ ਮਹਿਕਮਾ ਗੱਲ ਕਰਨ ਲੱਗਾ। ਆਂਗਣਵਾੜੀ ਵਰਕਰਾਂ ਨੇ ਇਸ ਕੰਮ ਦਾ ਵਿਰੋਧ ਕਰਦੇ ਹੋਏ ਮੁਰਦਾਵਾਦ ਦੇ ਨਾਅਰੇ ਲਗਾਏ, ਕਿਉਂਕਿ ਇਨ੍ਹਾਂ ਨੇ ਇਹ ਕੰਮ ਕਰਾਉਣ ਲਈ ਦਫਤਰ ਵਾਲਿਆਂ ਨੂੰ ਕਿਹਾ ਸੀ ਤਾਂ ਆਂਗਣਵਾੜੀ ਵਰਕਰ ਅੱਜ ਤੋਂ ਕਰੀਬ ਇਕ ਮਹੀਨਾ ਪਹਿਲਾਂ ਈ ਕੇ ਵਾਈ ਸੀ ਅਤੇ ਐੱਫ ਆਰ ਐੱਸ ਨਾ ਕਰਨ ਦਾ ਜਵਾਬ ਦੇ ਕੇ ਜਥੇਬੰਦੀ ਲਿਖ ਕੇ ਸੀਡੀਪੀਓ ਦਾਫਤਰ ਤੇ ਡੀਪੀਓ ਦਫਤਰ ਦੇ ਚੁੱਕੀ ਹੈ ਕਿ ਇਹ ਕੰਮ ਅਸੀਂ ਨਹੀਂ ਕਰ ਸਕਦੇ, ਪਰ ਦਫਤਰੀ ਅਮਲੇ ਨੇ ਇਹ ਬਿਲਕੁਲ ਵੀ ਨਹੀਂ ਦੱਸਿਆ ਕਿ ਟ੍ਰੇਨਿੰਗ ਫੂਡ ਸਪਲਾਈ ਮਹਿਕਮੇ ਵੱਲੋਂ ਦਿੱਤੀ ਜਾ ਰਹੀ ਹੈ, ਜੋ ਕਿ ਸਰਾਸਰ ਗਲਤ ਹੈ।ਆਂਗਣਵਾੜੀ ਵਰਕਰ ਕੱਲ ਟ੍ਰੇਨਿੰਗ ਦੇ ਨਾਂ 'ਤੇ ਸੱਦੇ 'ਤੇ ਸੌ ਡੇਢ ਸੌ ਰੁਪਏ ਖਰਚ ਕੇ ਘਰਾਂ ਤੋਂ ਗਏ ਕੀ ਉਹ ਧਰਮਕੋਟ ਬਲਾਕ ਸੀਡੀਪੀਓ ਦਫਤਰ ਆਂਗਣਵਾੜੀ ਵਰਕਰਾਂ ਨੂੰ ਖਰਚਾ ਦੇਵੇਗਾ। ਬਿਨਾਂ ਕਿਸੇ ਗੱਲ ਤੋਂ ਆਂਗਣਵਾੜੀ ਵਰਕਰਾਂ ਨੂੰ ਹਰਾਸਮੈਂਟ ਕਰਨ ਵਿੱਚ ਸਬੰਧਤ ਦਫਤਰ ਵੀ ਮੌਜੂਦ ਹਨ।ਜਥੇਬੰਦੀ ਅਜਿਹੀਆਂ ਟ੍ਰੇਨਿੰਗਾਂ ਦਾ ਵਿਰੋਧ ਕਰਦੀ ਹੈ ਅਤੇ ਅੱਗੇ ਤੋਂ ਆਈਸੀਡੀਐੱਸ ਅਧੀਨ ਆਉਂਦੀਆਂ ਟ੍ਰੇਨਿੰਗ ਦਾ ਨਾਂ ਲਿਖ ਕੇ ਆਂਗਣਵਾੜੀ ਵਰਕਰਾਂ ਨੂੰ ਬੁਲਾਇਆ ਜਾਵੇ।



# ਅਗਾਂਹਵਧੂ ਔਰਤ ਕਿਸਾਨ ਮੇਲੇ 'ਚ ਸਨਮਾਨਤ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਕਿਸਾਨ ਮੇਲੇ ਵਿੱਚ ਸਵੈ-ਸਹਾਇਤਾ ਸਮੂਹ ਕੈਟਾਗਰੀ ਤਹਿਤ ਪਟਿਆਲਾ ਜ਼ਿਲ੍ਹੇ ਦੇ ਪਿੰਡ ਮਸੀਂਗਣ ਦੀ ਅਗਾਂਹਵਧੂ ਔਰਤ ਕਿਸਾਨ ਸ਼੍ਰੀਮਤੀ ਸ਼ੇਰੋਂ ਰਾਣੀ ਪਤਨੀ ਸਤਪਾਲ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਹੈ।ਇਸ ਕਿਸਾਨ ਮੇਲੇ ਵਿੱਚ ਉਨ੍ਹਾਂ ਨੂੰ ਇੱਕ ਪ੍ਰਦਰਸ਼ਨੀ ਸਟਾਲ ਪ੍ਰਦਾਨ ਕੀਤਾ ਗਿਆ, ਜਿੱਥੇ ਉਸ ਨੇ ਆਪਣੇ ਹੱਥੀਂ ਤਿਆਰ ਕੀਤੀਆਂ ਫੁਲਕਾਰੀਆਂ, ਸੂਟ, ਬਾਗ, ਦੁਪੱਟੇ, ਕੁੜਤੇ, ਉੱਨ ਤੇ ਘਾਹ ਦੀਆਂ ਟੋਕਰੀਆਂ ਅਤੇ ਊਨੀ ਸਵੈਟਰ ਵਰਗੇ ਉਤਪਾਦ ਪ੍ਰਦਰਸ਼ਤ ਅਤੇ ਸੇਲ ਕੀਤੇ।ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਨੇ ਸ਼ੇਰੋਂ ਰਾਣੀ ਦੇ ਉੱਦਮ ਬਾਰੇ ਦੱਸਦਿਆਂ ਜਾਣਕਾਰੀ ਦਿੱਤੀ।ਕੇ.ਵੀ.ਕੇ. ਪਟਿਆਲਾ ਤੋਂ ਪ੍ਰੋਫੈਸਰ ਗੁਰਉਪਦੇਸ਼ ਕੌਰ (ਗ੍ਰਹਿ ਵਿਗਿਆਨ) ਨੇ ਦੱਸਿਆ ਕਿ ਸ਼ੇਰੋਂ ਰਾਣੀ ਦਾ ਖੱਬਾ ਹੱਥ ਬਚਪਨ ਵਿੱਚ ਟੋਕੇ ਵਾਲੀ ਮਸ਼ੀਨ ਵਿੱਚ ਆ ਕੇ ਨਕਾਰਾ ਹੋ ਗਿਆ ਸੀ, ਪਰ ਸ਼ੇਰੋਂ ਰਾਣੀ ਨੇ ਇਸ ਅਪੰਗਤਾ ਨੂੰ ਆਪਣੀ ਕਮਜ਼ੋਰੀ ਨਾ ਮੰਨ ਕੇ ਆਰਥਿਕ ਆਤਮ-ਨਿਰਭਰਤਾ ਵੱਲ ਆਪਣਾ ਕਦਮ ਵਧਾਇਆ ਤੇ ਅੱਜ ਉਹ ਕਿਰਤ ਲਈ ਲਗਾਤਾਰ ਯਤਨਸ਼ੀਲ ਹੈ।ਉਹ ਆਪਣੇ ਆਲੇ-ਦੁਆਲੇ ਦੀਆਂ ਸਾਥਣਾ ਲਈ ਇਕ ਬਿਹਤਰੀਨ ਪ੍ਰੇਰਣਾ ਸਰੋਤ ਵੀ ਹੈ।

# ਫ਼ਤਹਿ ਗਰੁੱਪ ਆਫ਼ ਇੰਸਟੀਚਿਊਸ਼ਨ ਦੇ ਮੁੰਡਿਆਂ ਦਾ ਕਬੱਡੀ ਸਰਕਲ ਟੂਰਨਾਮੈਂਟ 'ਚ ਵਧੀਆ ਪ੍ਰਦਰਸ਼ਨ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਫ਼ਤਿਹ ਗਰੁੱਪ ਆਫ਼ ਇੰਸਟੀਚਿਊਸ਼ਨ ਦੇ ਅੰਡਰ-19 ਲੜਕਿਆਂ ਨੇ ਜ਼ਿਲ੍ਹਾ ਪੱਧਰੀ ਸਕੂਲੀ ਕਬੱਡੀ ਸਰਕਲ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਪ੍ਰਾਪਤ ਕੀਤਾ।ਜ਼ੋਨ ਮੰਡੀ ਕਲਾਂ ਦੀ ਟੀਮ ਨੇ ਆਪਣੇ ਪਹਿਲੇ ਮੈਚ ਵਿੱਚ ਗੋਨੇਆਣਾ ਜ਼ੋਨ ਨੂੰ ਤੇ ਦੂਜੇ ਮੈਚ ਵਿੱਚ ਬਠਿੰਡਾ-1 ਨੂੰ ਹਰਾ ਕੇ ਫਾਈਨਲ 'ਚ ਪ੍ਰਵੇਸ਼ ਹਾਸਲ ਕੀਤਾ। ਟੂਰਨਾਮੈਂਟ ਦੌਰਾਨ ਫ਼ਤਿਹ ਗਰੁੱਪ ਦੇ ਤਿੰਨ ਖਿਡਾਰੀ ਸ਼ਰਨਦੀਪ ਸਿੰਘ, ਗੁਰਮੀਤ ਸਿੰਘ ਤੇ ਰੂਪਮਜੋਤ ਸਿੰਘ ਦੀ ਚੋਣ ਸਟੇਟ ਪੱਧਰੀ ਟੂਰਨਾਮੈਂਟ ਲਈ ਹੋਣਾ ਸੰਸਥਾ ਲਈ ਗੌਰਵਮਈ ਪਲ ਹੈ। ਚੇਅਰਮੈਨ ਐਸ.ਐਸ. ਚੱਠਾ ਨੇ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਖੇਡ ਮੈਦਾਨ ਵਿੱਚ ਜੋ ਕਾਬਲੀਅਤ ਤੇ ਜਜ਼ਬਾ ਦਰਸਾਇਆ ਹੈ, ਉਹ ਸਾਡੇ ਲਈ ਮਾਣ ਦੀ ਗੱਲ ਹੈ।ਇਹ ਸਫ਼ਲਤਾ ਖਿਡਾਰੀਆਂ ਦੀ ਮਿਹਨਤ, ਕੋਚਾਂ ਦੀ ਰਹਿਨੁਮਾਈ ਤੇ ਅਧਿਆਪਕਾਂ ਦੇ ਯੋਗਦਾਨ ਦਾ ਨਤੀਜਾ ਹੈ। ਡਾ. ਜਗਵਿੰਦਰ ਸਿੰਘ ਸਿੱਧੂ (ਡੀਨ ਅਕਾਦਮਿਕਸ) ਵਿਦਿਆਰਥੀਆਂ ਨੇ ਸਾਬਤ ਕੀਤਾ ਹੈ ਕਿ ਉਹ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਖੇਡਾਂ ਵਿੱਚ ਵੀ ਕਾਬਲ ਹਨ। ਪ੍ਰਿੰਸੀਪਲ ਬਘੇਲ ਸਿੰਘ ਸਰਵਪੱਖੀ ਵਿਕਾਸ ਲਈ ਖੇਡਾਂ ਬਹੁਤ ਜ਼ਰੂਰੀ ਹਨ, ਖਿਡਾਰੀਆਂ ਦੀ ਇਹ ਸਫਲਤਾ ਸੰਸਥਾ ਲਈ ਮਾਣ ਵਾਲੀ ਗੱਲ ਹੈ।



# ਰਾਸ਼ਟਰੀ ਸੋਇਮਸੇਵਕ ਸੰਘ ਦੇ ਸ਼ਤਾਬਦੀ ਵਰ੍ਹੇ 'ਚ ਸ਼ਾਨਦਾਰ ਆਯੋਜਨ 5 ਨੂੰ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਰਾਸ਼ਟਰੀ ਸਵਯੰਸੇਵਕ ਸੰਘ ਸੁਨਾਮ ਨਗਰ ਵੱਲੋਂ ਸੰਘ ਦੇ ਸ਼ਤਾਬਦੀ ਵਰ੍ਹੇ ਦੇ ਉਪਲੱਖ ਵਿੱਚ ਇਸ ਸਾਲ ਦਾ ਵਿਜੈ ਦਸ਼ਮੀ ਉਤਸਵ ਦਾ ਸ਼ਾਨਦਾਰ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ ਐਤਵਾਰ, 5 ਅਕਤੂਬਰ ਸਵੇਰੇ 10:30 ਵਜੇ ਸ਼ਿਵ ਨਿਕੇਤਨ ਧਰਮਸ਼ਾਲਾ, ਸਿਨੇਮਾ ਚੌਂਕ, ਸੁਨਾਮ ਵਿੱਚ ਹੋਵੇਗਾ।ਨਗਰ ਕਾਰਜਵਾਹ ਮੁਕੇਸ਼ ਗੋਇਲ ਨੇ ਦੱਸਿਆ ਕਿ ਹਿੰਦੂ ਸਮਾਜ ਵਿੱਚ ਪੌਰੁਸ਼ ਅਤੇ ਸ਼ਕਤੀ ਦਾ ਜਾਗਰਣ ਵਿਜੈ ਦਸ਼ਮੀ ਦੇ ਪਾਵਨ ਪਵਿੱਤਰ ਦਿਨ 'ਤੇ ਹੁੰਦਾ ਹੈ। ਓਸੇ ਦਿਨ ਤੋਂ ਸੰਘ ਦੇ ਕਾਰਜ ਦੀ ਸ਼ੁਰੂਆਤ ਹੋਈ ਸੀ ਅਤੇ ਹੁਣ ਸੰਘ ਆਪਣੀ 100 ਸਾਲਾਂ ਦੀ ਗੌਰਵਮਈ ਯਾਤਰਾ ਪੂਰੀ ਕਰ ਰਿਹਾ ਹੈ। ਇਹ ਉਤਸਵ ਸਮਾਜ ਦੀ ਏਕਤਾ ਤੇ ਰਾਸ਼ਟਰੀ ਪੁਨਰਜਾਗਰਣ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ।ਇਸ ਮੌਕੇ ਮਹੰਤ ਸਵਾਮੀ ਦਾਮੋਦਰ ਸ਼ਰਨ ਦਾਸ ਮਹਾਰਾਜ (ਸੰਸਥਾਪਕ ਸ੍ਰੀ ਮਹਾਰਿਸ਼ੀ ਬ੍ਰਹਮ ਹਰੀ ਉਦਾਸੀਨ ਆਸ਼ਰਮ) ਸਮਾਗਮ ਦੀ ਪ੍ਰਧਾਨਗੀ ਕਰਨਗੇ। ਡਾ. ਮੋਹਿਤ ਜਿੰਦਲ, ਡਾਇਰੈਕਟਰ ਜਿੰਦਲ ਮੈਡੀਹਾਰਟ ਹਸਪਤਾਲ, ਸੁਨਾਮ, ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਜਦਕਿ ਰਾਮ ਕੁਮਾਰ ਵਿਆਸ, ਪ੍ਰਾਂਤ ਸੰਯੋਜਕ, ਵਿਰਸਾ ਸੰਭਾਲ ਮੰਚ, ਪੰਜਾਬ ਸਮਾਗਮ ਦੇ ਮੁੱਖ ਵਕਤਾ ਹੋਣਗੇ। ਇਸ ਤੋਂ ਇਲਾਵਾ ਅਮਰ ਨਾਥ ਕਾਂਸਲ, ਨਗਰ ਸੰਘ ਚਾਲਕ, ਵਿਸ਼ੇਸ਼ ਤੌਰ 'ਤੇ ਮੌਜੂਦ ਰਹਿਣਗੇ।

# ਡਾ. ਅਰੋੜਾ ਤੇ ਡਿਪਟੀ ਕਮਿਸ਼ਨਰ ਨੇ ਝੋਨੇ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਈ

**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਦੇ ਸੀਜ਼ਨ ਦੌਰਾਨ ਕਿਸੇ ਵੀ ਕਿਸਾਨ ਨੂੰ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਸਾਰੀਆਂ ਮੰਡੀਆਂ ਵਿੱਚ ਮਹੱਤਵਪੂਰਨ ਸਹੂਲਤਾਂ ਉਪਲੱਬਧ ਹਨ। ਕਿਸਾਨ ਆਪਣੀ ਫਸਲ ਘੱਟ ਤੋਂ ਘੱਟ ਸਮੇਂ ਵਿੱਚ ਵੇਚ ਕੇ ਆਪਣੇ ਘਰ ਪਰਤਣਗੇ ਅਤੇ ਫਸਲ ਦੀ ਅਦਾਇਗੀ ਵੀ ਤਹਿ ਸਮਾਂ ਸੀਮਾਂ ਅੰਦਰ ਕੀਤੀ ਜਾਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਦਾਨਾ ਮੰਡੀ ਵਿੱਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਉਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਵੀ ਮੌਜੂਦ ਸਨ।ਵਿਧਾਇਕਾ ਅਰੋੜਾ ਨੇ ਸੀਜ਼ਨ ਦੀ ਸਫਲ ਸ਼ੁਰੂਆਤ 'ਤੇ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਵਾਰ ਖਰੀਦ ਪਿਛਲੇ ਸਾਲਾਂ ਨਾਲੋਂ ਪਹਿਲਾਂ ਸ਼ੁਰੂ ਕੀਤੀ ਗਈ ਹੈ, ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਵਧੇਰੇ ਸਮਾਂ ਮਿਲ ਸਕੇ। ਉਨ੍ਹਾਂ ਨੇ ਅਪੀਲ ਕੀਤੀ ਕਿ ਕਿਸਾਨ ਸਿਰਫ਼ ਉਸੇ ਸਮੇਂ ਵਾਢੀ ਕਰਨ ਜਦੋਂ ਫਸਲ ਪੂਰੀ ਤਰ੍ਹਾਂ ਪੱਕ ਜਾਵੇ, ਤਾਂ ਜੋ ਨਿਰਧਾਰਤ 17 ਪ੍ਰਤੀਸ਼ਤ ਨਮੀ ਦੀ ਸੀਮਾ ਤੋਂ ਵੱਧ ਨਾ ਹੋਵੇ। ਵਿਧਾਇਕਾ ਨੇ ਭਰੋਸਾ ਦਿਵਾਇਆ ਕਿ ਫ਼ਸਲ ਦਾ ਇੱਕ-ਇੱਕ ਦਾਨਾ ਖਰੀਦਣ ਲਈ ਸਾਡੀ ਸਰਕਾਰ ਵਚਨਬੱਧ ਹੈ। ਇਸ ਮੌਕੇ ਮੌਜੂਦ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਕਿਹਾ ਕਿ ਇਸ ਸੀਜ਼ਨ ਦੌਰਾਨ ਮੋਗਾ ਦੀਆਂ ਮੰਡੀਆਂ ਵਿੱਚ ਤਕਰੀਬਨ 11.75 ਲੱਖ ਮੀਟ੍ਰਿਕ ਟਨ ਝੋਨੇ ਦੀ ਫਸਲ ਆਉਣ ਦੀ ਸੰਭਾਵਨਾ ਹੈ। ਅੱਜ ਤੱਕ 37 ਮੀਟ੍ਰਿਕ ਟਨ ਝੋਨਾ ਮੰਡੀਆਂ ਵਿੱਚ ਆਇਆ ਹੈ ਜਿਸ ਦੀ ਖਰੀਦ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਸਰਕਾਰੀ ਨਿਰਦੇਸ਼ਾਂ ਤਹਿਤ ਕਿਸਾਨਾਂ ਦੀ ਫਸਲ ਦੀ ਅਦਾਇਗੀ 24 ਤੋਂ 36 ਘੰਟਿਆਂ ਵਿੱਚ ਕਰਨੀ ਯਕੀਨੀ ਬਣਾਈ ਜਾਵੇਗੀ। ਉਹਨਾਂ ਕਿਹਾ ਕਿ ਕਿਸਾਨ ਸਿਰਫ਼ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਅਤੇ ਪਰਾਲੀ ਸਾੜਨ ਤੋਂ ਪਰਹੇਜ਼ ਕਰਦੇ ਹੋਏ ਜ਼ਿੰਮੇਵਾਰੀ ਨਾਲ ਫਸਲ ਦੀ ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਦੇ ਪੁਖਤਾ ਪ੍ਰਬੰਧ ਕਰ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਮੰਡੀਆਂ ਦੀ ਸਫ਼ਾਈ, ਲਾਈਟਾਂ, ਪੀਣ ਵਾਲਾ ਸਾਫ਼ ਪਾਣੀ, ਨਮੀ ਮੀਟਰ, ਤਰਪਾਲਾਂ ਆਦਿ ਪ੍ਰਬੰਧ ਸ਼ਾਮਲ ਹਨ। ਉਹਨਾਂ ਕਿਹਾ ਕਿ ਕਿਸਾਨ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਝੋਨਾ ਕੱਟਣ ਤੇ ਲਗਾਏ ਪਾਬੰਦੀ ਆਦੇਸ਼ਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਉਣ।



# 50 ਤੋਂ ਵੱਧ ਪਰਵਾਰਾਂ ਨੇ ਫੜਿਆ ਭਾਜਪਾ ਦਾ ਪੱਲਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਰਹਿਨੁਮਾਈ ਹੇਠ ਮੋਗਾ ਵਿਧਾਨ ਸਭਾ ਅਧੀਨ ਪੈਂਦੇ ਪਿੰਡ ਚੜਿੱਕ ਵਿੱਚ 51 ਪਰਵਾਰਾਂ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦੀ ਘੋਸ਼ਣਾ ਕੀਤੀ। ਜਿਸ ਵਿੱਚ ਜ਼ਿਆਦਾਤਰ ਪਿੰਡ ਦੇ ਨੰਬਰਦਾਰ, ਸਾਬਕਾ ਪੰਚਾਇਤ ਮੈਂਬਰ, ਸਾਬਕਾ ਸਰਪੰਚ ਆਦਿ ਵਰਗੇ ਮੋਹਤਬਰ ਵਿਅਕਤੀ ਸ਼ਾਮਿਲ ਹਨ, ਇਹ ਲੋਕ ਸਿਰਫ਼ ਆਪਣੇ ਪਿੰਡ ਵਿੱਚ ਹੀ ਨਹੀਂ ਬਲਕਿ ਆਲੇ ਦੁਆਲੇ ਦੇ ਕਈ ਪਿੰਡਾਂ ਵਿੱਚ ਚੰਗਾ ਸਿਆਸੀ ਰਸੂਖ ਰੱਖਦੇ ਹਨ। ਇਸ ਮੌਕੇ ਪਿੰਡ ਵਿੱਚ ਕੀਤੇ ਜੋਸ਼ੀਲੇ ਸਵਾਗਤ ਦਾ ਧੰਨਵਾਦ ਕਰਦਿਆਂ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਜਦੋਂ ਭਾਜਪਾ ਦੇ ਕੇਂਦਰੀ ਰਾਜ ਮੰਤਰੀ ਮੋਗਾ ਜ਼ਿਲ੍ਹੇ ਦੇ ਧਰਮਕੋਟ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਆਏ ਤਾਂ ਉਸ ਸਮੇਂ ਕਈ ਕਿਸਾਨ ਜਥੇਬੰਦੀਆਂ ਨੇ ਭਾਜਪਾ ਦੇ ਦੋਹਾਂ ਮੰਤਰੀਆਂ ਨਾਲ ਮੁਲਾਕਾਤ ਕੀਤੀ ਸੀ ਅਤੇ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਮੰਗ ਪੱਤਰ ਦਿੱਤਾ ਸੀ, ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਪੰਜਾਬ ਦਾ ਹੁਣ ਭਾਜਪਾ 'ਤੇ ਹੀ ਵਿਸ਼ਵਾਸ ਵਧ ਰਿਹਾ ਹੈ। ਹੁਣ ਲੋਕਾਂ ਨੂੰ ਭਾਜਪਾ ਵਿੱਚੋਂ ਹੀ ਇੱਕ ਉਮੀਦ ਦਿਖ ਰਹੀ ਹੈ, ਕਿਉਂਕਿ ਗੁਆਢੀ ਰਾਜਾਂ ਵਿੱਚ ਭਾਜਪਾ ਦੀ ਸਰਕਾਰ ਨੇ ਆਉਂਦਿਆਂ ਹੀ ਆਪਣੇ ਵਾਅਦੇ ਪੂਰੇ ਕਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਤਰ੍ਹਾਂ ਪਿੰਡ ਚੜਿੱਕ ਵਿੱਚ ਸਾਬਕਾ ਪੰਚ, ਸਰਪੰਚ, ਨੰਬਰਦਾਰ ਅਤੇ ਮੋਹਤਬਰ ਵਿਅਕਤੀਆਂ ਨੇ ਭਾਜਪਾ ਵਿੱਚ ਆਪਣਾ ਵਿਸ਼ਵਾਸ ਦਿਖਾਇਆ ਹੈ, ਉਸੇ ਤਰ੍ਹਾਂ ਹੋਰ ਲੋਕ ਵੀ ਇਨ੍ਹਾਂ ਦੀ ਪ੍ਰੇਰਨਾ ਸਦਕਾ ਪਾਰਟੀ ਨਾਲ ਜੁੜਨਗੇ। ਡਾ. ਹਰਜੋਤ ਕਮਲ ਨੇ ਕਿਹਾ ਕਿ ਹੁਣ ਤੱਕ ਜਿੰਨੀਆਂ ਵੀ ਸਕੀਮਾਂ ਦਾ ਲਾਭ ਮਿਲ ਰਿਹਾ ਹੈ, ਉਹ ਕੇਂਦਰ ਸਰਕਾਰ ਵਲੋਂ ਹੀ ਦਿੱਤੀਆਂ ਜਾ ਰਹੀਆਂ ਹਨ। ਕਿਸਾਨ ਸਨਮਾਨ ਨਿਧੀ ਯੋਜਨਾ ਤੈਅ ਸਮੇਂ ਤੇ ਕਿਸਾਨਾਂ ਦੇ ਖਾਤਿਆਂ ਵਿੱਚ ਆ ਰਹੀ ਹੈ, ਜਦਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਜੋ ਵਾਅਦੇ ਚੋਣਾਂ ਦੌਰਾਨ ਕੀਤੇ ਸਨ, ਅੱਜ ਤੱਕ ਪੂਰੇ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਭਾਜਪਾ ਦੀ ਸਰਕਾਰ ਬਣਾ ਕੇ ਇਸ ਤਰ੍ਹਾਂ ਦੇ ਖਿਲਵਾੜ ਨੂੰ ਹਮੇਸ਼ਾ ਲਈ ਖਤਮ ਕਰ ਦੇਣਗੇ। ਅੰਤ ਵਿੱਚ ਡਾ. ਹਰਜੋਤ ਕਮਲ ਨੇ ਪਿੰਡਾਂ ਵਿੱਚੋਂ ਮਿਲੇ ਬੇਸ਼ੁਮਾਰ ਪਿਆਰ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨਿਹਾਲ ਸਿੰਘ ਵਾਲਾ ਤੋਂ ਇੰਚਾਰਜ ਐਸ ਪੀ ਮੁਖਤਿਆਰ ਸਿੰਘ ਸੰਧੂ, ਇਕਬਾਲ ਸਿੰਘ ਜਰਨਲ ਸਕੱਤਰ ਐਸ.ਸੀ ਮੋਰਚਾ, ਹੈਪੀ ਢੇਸੀ ਮੰਡਲ ਪ੍ਰਧਾਨ, ਤਰਲੋਕ ਸਿੰਘ ਚੜਿੱਕ, ਦੀਪਾ ਨੰਬਰਦਾਰ ਮੱਲੀਆਂਵਾਲਾ, ਸਤਨਾਮ ਸਿੰਘ, ਬਿਕਰਮ ਸਿੰਘ, ਲਵਦੀਪ ਸਿੰਘ, ਰਾਜਦੀਪ ਸਿੰਘ, ਦੀਪਕ ਸਿੰਘ, ਗੁਰਪ੍ਰੀਤ ਸਿੰਘ, ਲਖਬੀਰ ਸਿੰਘ, ਸੁਖਵਿੰਦਰ ਸਿੰਘ, ਸਿਕੰਦਰ ਸਿੰਘ, ਸੁਖਪਾਲ ਸਿੰਘ, ਚੰਦ ਸਿੰਘ ਐਸ ਸੀ ਮੋਰਚਾ, ਲਖਵਿੰਦਰ ਸਿੰਘ ਉਰਫ਼ ਲੱਖਾ, ਜਗਰੂਪ ਸਿੰਘ, ਮਨਿੰਦਰ ਕੌਰ, ਗੁਰਪ੍ਰੀਤ ਸਿੰਘ, ਕੈਪ. ਅਮਰਜੀਤ ਸਿੰਘ ਕੋਕਰੀ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



# ਗਿਆਨੀ ਗਿਆਨ ਸਿੰਘ ਦਾ ਬਰਸੀ ਸਮਾਗਮ ਅੱਜ

**ਲੌਂਗੋਵਾਲ, (ਪ੍ਰਦੀਪ ਸੱਪਲ)**: ਕਥਾਵਾਚਕ ਭਾਈ ਬਲਵਿੰਦਰ ਸਿੰਘ ਮੰਡੇਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 2 ਅਕਤੂਬਰ ਨੂੰ ਸਥਾਨਕ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਵਿਖੇ ਵਿੱਦਿਆ ਮਾਰਤੰਡ ਮਹਾਨ ਵਿਦਵਾਨ ਗਿਆਨੀ ਗਿਆਨ ਸਿੰਘ ਪੱਤੀ ਲੌਂਗੋਵਾਲ ਦੀ ਸਲਾਨਾ ਬਰਸੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਲਾਨਾ ਬਰਸੀ ਦੇ ਸਬੰਧ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ 2 ਅਕਤੂਬਰ ਨੂੰ ਸਵੇਰੇ 9 ਵਜੇ ਪਾਏ ਜਾਣਗੇ ਅਤੇ ਭੋਗ ਉਪਰੰਤ ਗੁਰਮਤਿ ਵਿਚਾਰਾਂ ਅਤੇ ਅਰਦਾਸ 9 ਵਜੇ ਤੋਂ 11 ਵਜੇ ਤੱਕ ਹੋਣਗੇ। ਇਸ ਮੌਕੇ ਤੇ ਵਿਦਵਾਨ ਡਾ. ਸੁਖਦਿਆਲ ਸਿੰਘ ਮੰਡੇਰ (ਸਾਬਕਾ ਇਤਿਹਾਸ ਮੁਖੀ ਪੰਜਾਬੀ ਯੂਨੀਵਰਸਿਟੀ ਪਟਿਆਲਾ), ਡਾ. ਦਿਲਵਰ ਸਿੰਘ ਸਹਾਇਕ ਡਾਇਰੈਕਟਰ ਯੂਵਕ ਸੇਵਾਵਾਂ ਪੰਜਾਬ ਸਰਕਾਰ ਪਹੁੰਚ ਰਹੇ ਹਨ। ਇਹ ਪ੍ਰੋਗਰਾਮ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਅਤੇ ਸਥਾਨਕ ਗੁਰਦੁਆਰਾ ਸਾਹਿਬ ਦੇ ਮੈਨੇਜਰ ਚੁੱਲ੍ਹੇ ਬਾਬਾ ਆਲਾ ਸਿੰਘ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

## ...ਸ.ਫ਼ਾ 1 ਦੇ ਬਾਕੀ

### ਅਮਰੀਕਾ 'ਚ ਸ਼ਟਡਾਊਨ...

ਜਾਵੇਗਾ। ਦੋਹਾਂ ਪਾਰਟੀਆਂ ਵਿਚਾਲੇ ਓਬਾਮਾ ਹੈੱਲਥ ਕੇਅਰ (ਸਿਹਤ ਬੀਮਾ) ਨੂੰ ਲੈ ਕੇ ਠਣੀ ਹੋਈ ਹੈ। ਡੈਮੋਕਰੇਟ ਚਾਹੁੰਦੇ ਹਨ ਕਿ ਹੈੱਲਥ ਕੇਅਰ ਦੀ ਸਬਸਿਡੀ ਵਧਾਈ ਜਾਵੇ। ਟਰੰਪ ਇਸ ਲਈ ਤਿਆਰ ਨਹੀਂ। ਸ਼ਟਡਾਊਨ ਕਾਰਨ ਟਰੰਪ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਸਰਕਾਰੀ ਨੌਕਰੀ ਤੋਂ ਹਟਾ ਸਕਦਾ ਹੈ। 2025 ਵਿੱਚ ਪਹਿਲਾਂ ਹੀ ਉਹ ਕੇਂਦਰੀ ਨੌਕਰੀਆਂ ਵਿੱਚ 3 ਲੱਖ ਦੀ ਕਟੌਤੀ ਕਰ ਚੁੱਕਾ ਹੈ। ਇਹ ਟਰੰਪ ਦੀ ਨੀਤੀ ਦਾ ਹਿਸਾ ਹੈ।

ਅਮਰੀਕੀ ਮਾਲੀ ਸਾਲ ਇੱਕ ਅਕਤੂਬਰ ਤੋਂ ਸ਼ੁਰੂ ਹੁੰਦਾ ਹੈ ਤੇ ਇਸ ਤੋਂ ਪਹਿਲਾਂ ਬਜਟ ਪਾਸ ਕਰਨਾ ਹੁੰਦਾ ਹੈ। ਅਮਰੀਕਾ ਵਿੱਚ ਪਿਛਲੇ 50 ਸਾਲਾਂ 'ਚ 20 ਵਾਰ ਸ਼ਟਡਾਊਨ ਹੋਇਆ ਹੈ। ਟਰੰਪ ਦੇ ਪਿਛਲੇ ਕਾਰਜਕਾਲ ਵਿੱਚ ਹੀ ਤਿੰਨ ਵਾਰ ਹੋਇਆ ਸੀ। 2019 ਦਾ ਸ਼ਟਡਾਊਨ ਸਭ ਤੋਂ ਵੱਧ 35 ਦਿਨ ਚੱਲਿਆ ਸੀ। ਇਸ ਨਾਲ ਅਮਰੀਕੀ ਅਰਥਚਾਰੇ ਨੂੰ 25 ਹਜ਼ਾਰ ਕਰੋੜ ਰੁਪਏ ਦਾ ਘਾਟਾ ਪਿਆ ਸੀ।

### ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ...

ਜਿਸ ਨੇ ਸੱਚਾਈ ਦਾ ਪਰਦਾ ਫਾਸ਼ ਕੀਤਾ, ਜਿਸ ਵਿੱਚ ਪੰਜਾਬ ਦੀਆਂ ਮੰਗਾਂ ਨੂੰ ਮਨਜ਼ੂਰੀ ਦੇਣ ਦੀ ਬਜਾਏ ਕੇਂਦਰ ਨੇ ਇਹ ਦਿਖਾ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਕੋਲ ਪਹਿਲਾਂ ਹੀ ਐੱਸ ਡੀ ਆਰ ਐੱਫ ਅਧੀਨ 12,590 ਕਰੋੜ ਰੁਪਏ ਉਪਲੱਬਧ ਹਨ।

ਅਮਨ ਅਰੋੜਾ ਨੇ ਪੰਜਾਬ ਭਾਜਪਾ ਆਗੂਆਂ ਸੁਨੀਲ ਜਾਖੜ, ਅਸ਼ਵਨੀ ਸ਼ਰਮਾ ਅਤੇ ਰਵਨੀਤ ਬਿੱਟੂ ਦੀ ਇਸ ਵਿਸ਼ਵਾਸਘਾਤ ਦੇ 'ਚੀਅਰਲੀਡਰ' ਵਜੋਂ ਕੰਮ ਕਰਨ ਲਈ ਸਖ਼ਤ ਨਿੰਦਾ ਕੀਤੀ। ਉਨ੍ਹਾ ਪੁੱਛਿਆ ਕਿ ਇਸ ਸੰਕਟ ਵਿੱਚ ਆਪਣੇ ਲੋਕਾਂ ਨਾਲ ਖੜ੍ਹੇ ਹੋਣ ਦੀ ਬਜਾਏ ਉਹ ਕੇਂਦਰ ਦੇ ਝੂਠਾਂ ਲਈ ਤਾੜੀਆਂ ਕਿਉਂ ਵਜਾ ਰਹੇ ਹਨ? ਜਾਖੜ, ਸ਼ਰਮਾ ਅਤੇ ਬਿੱਟੂ ਨੂੰ ਪੰਜਾਬ ਨੂੰ ਜਵਾਬ ਦੇਣਾ ਚਾਹੀਦਾ ਹੈ। ਜਦੋਂ ਤੁਹਾਡੇ ਆਪਣੇ ਸੂਬੇ ਨਾਲ ਧੋਖਾ ਕੀਤਾ ਜਾ ਰਿਹਾ ਹੈ ਤਾਂ ਤੁਸੀਂ ਚੁੱਪ ਕਿਉਂ ਹੋ? ਜਦੋਂ ਤੁਹਾਡੇ ਲੋਕ ਡੁੱਬ ਰਹੇ ਹਨ ਤਾਂ ਤੁਸੀਂ ਦਿੱਲੀ ਦਾ ਸਾਥ ਕਿਉਂ ਦੇ ਰਹੇ ਹੋ?

### ਦੁਸਹਿਰੇ-ਦੀਵਾਲੀਆਂ ...

ਐਕਟਰ ਬਣ ਗਿਆ ਹੈ। ਉਸ ਦੀ ਕਮਾਈ ਦਾ ਮੁੱਖ ਸਰੋਤ ਸਿਨਮਾ ਹੈ। ਉਂਜ ਉਸ ਨੇ ਕੋਲਕਾਤਾ ਨਾਈਟ ਰਾਈਡਰਜ਼ ਕ੍ਰਿਕਟ ਟੀਮ ਵਿੱਚ ਵੀ ਜੂਹੀ ਚਾਵਲਾ ਨਾਲ ਰਲ ਕੇ ਪੈਸੇ ਲਾਏ ਹੋਏ ਹਨ। ਦੁਨੀਆ ਦੇ ਹੋਰਨਾਂ ਅਮੀਰ ਐਕਟਰਾਂ ਵਿੱਚ ਟੇਲਰ ਸਵਿਫਟ (1.3 ਅਰਬ ਡਾਲਰ), ਅਰਨੋਲਡ ਸ਼ਵਾਰਜ਼ਨੇਗਰ (1.2 ਅਰਬ ਡਾਲਰ), ਜੈਰੀ ਸੀਨਫੇਲਡ (1.2 ਅਰਬ ਡਾਲਰ) ਤੇ ਸੇਲੇਨਾ ਗੋਮੇਜ਼ (72 ਕਰੋੜ ਡਾਲਰ) ਸ਼ਾਮਲ ਹਨ।

# ਜੌੜਾਮਾਜਰਾ ਵੱਲੋਂ 7.60 ਕਰੋੜ ਰੁਪਏ ਦੇ ਵਿਕਾਸ ਕੰਮਾਂ ਦਾ ਉਦਘਾਟਨ



**ਸਮਾਣਾ, (ਇਕਬਾਲ ਸਿੰਘ ਬੱਲ)** ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਹਿਰ ਵਿੱਚ 7 ਕਰੋੜ 60 ਲੱਖ ਰੁਪਏ ਦੇ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਾਈ।ਉਨ੍ਹਾਂ ਮਾਈਸਰ ਮੰਦਰ ਰੋਡ ਵਿਖੇ ਇਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਲ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਅੰਮਰੁਤ-2 ਸਕੀਮ ਤਹਿਤ 18.50 ਕਿਲੋਮੀਟਰ ਲੰਬੀ ਵਾਟਰ ਸਪਲਾਈ ਲਾਈਨ ਪਾਉਣ ਸਮੇਤ ਨਵੇਂ 2 ਟਿਊਬਵੈਲ ਪੰਪ ਲਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਕੰਮ ਨੂੰ ਆਉਂਦੇ 8 ਮਹੀਨਿਆਂ ਵਿੱਚ ਪੂਰਾ ਕੀਤਾ ਜਾਵੇਗਾ, ਇਸ ਕੰਮ ਦੇ ਮੁਕੰਮਲ ਹੋਣ ਨਾਲ ਸ਼ਹਿਰ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਮਿਲੇਗੀ।ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਵਿਕਾਸ ਕੰਮਾਂ ਨੂੰ ਹੋਰ ਤੇਜ਼ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਡਾ. ਰਵਜੋਤ ਸਿੰਘ ਨੇ ਲੋੜੀਂਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਗ੍ਰਾਂਟਾਂ ਜਾਰੀ ਕੀਤੀਆਂ ਹਨ, ਜਿਸ ਤਹਿਤ ਵਿਕਾਸ ਕੰਮਾਂ ਨੂੰ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਹੋਇਆ ਹੈ।

# ਸਰਕਾਰ ਸ਼ਹੀਦਾਂ ਦਾ ਸਤਿਕਾਰ ਕਰੇ : ਸੀ ਪੀ ਆਈ

**ਲੁਧਿਆਣਾ** : ਸਰਕਾਰ ਨੂੰ ਸ਼ਹੀਦਾਂ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਬਣਦਾ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਸਿਰਫ ਦਫਤਰਾਂ ਵਿੱਚ ਫੋਟੋਆਂ ਲਾ ਕੇ ਸ਼ਹੀਦਾਂ ਦਾ ਸਨਮਾਨ ਨਹੀਂ ਹੁੰਦਾ। ਯਾਦ ਕਰਵਾਉਣਾ ਚਾਹੁੰਦੇ ਹਾਂ ਕਿ ਜਦੋਂ ਭਾਰਤ ਨਗਰ ਚੌਂਕ ਦਾ ਗੋਲ ਚੱਕਰ ਖਤਮ ਕਰਕੇ ਲਾਈਟਾਂ ਲਾਈਆਂ ਗਈਆਂ ਸਨ ਤਾਂ ਸ਼ਹੀਦ ਮੇਜਰ ਭੁਪਿੰਦਰ ਸਿੰਘ ਦਾ ਬੁੱਤ ਇਥੋਂ ਹਟਾ ਦਿੱਤਾ ਗਿਆ ਸੀ ਅਤੇ ਇਸ ਨੂੰ ਪਹਿਲਾਂ ਲੜਕੀਆਂ ਦੇ ਗੌਰਮਿੰਟ ਕਾਲਜ ਕੋਲ ਅਤੇ ਫੇਰ ਰੋਜ਼ ਗਾਰਡਨ ਦੇ ਬਾਹਰ ਲਗਾਇਆ ਗਿਆ ਹੈ। ਜਿਸ ਜਗ੍ਹਾ ਤੇ ਇਹ ਬੁੱਤ ਲਗਾਇਆ ਗਿਆ ਹੈ ਉਹ ਜਗ੍ਹਾ ਬਿਲਕੁਲ ਵੀ ਇਸ ਬੁੱਤ ਦੇ ਲਈ ਯੋਗ ਨਹੀਂ। ਭਾਰਤੀ ਕਮਿਊਨਿਸਟ ਪਾਰਟੀ ਲੁਧਿਆਣਾ ਸ਼ਹਿਰੀ ਦੇ ਸਕੱਤਰ ਐਮ ਐਸ ਭਾਟੀਆ ਨੇ ਮੰਗ ਕੀਤੀ ਹੈ ਕਿ ਹੁਣ ਜਦੋਂ ਕਿ ਭਾਰਤ ਨਗਰ ਚੌਂਕ ਵਿਖੇ ਦੁਬਾਰਾ ਗੋਲ ਚੱਕਰ ਬਣਾਇਆ ਗਿਆ ਹੈ ਅਤੇ ਪ੍ਰਸ਼ਾਸਨ ਉਸ ਨੂੰ ਸਜਾਉਣਾ ਵੀ ਚਾਹੁੰਦਾ ਹੈ ਤਾਂ ਮੇਜਰ ਭੁਪਿੰਦਰ ਸਿੰਘ ਦੇ ਬੁੱਤ ਨੂੰ ਅਤੇ ਉਸ ਵੱਲੋਂ ਪਾਕਿਸਤਾਨ ਦੇ ਲਿਆਂਦੇ ਗਏ ਟੈਂਕ ਨੂੰ ਉਸੇ ਸਥਾਨ 'ਤੇ ਸੁਸ਼ੋਭਤ ਕਰਕੇ ਬਣਦਾ ਸਨਮਾਨ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਇਸ ਚੌਂਕ ਦਾ ਵਪਾਰੀਕਰਨ ਨਹੀਂ ਕਰਨਾ ਚਾਹੀਦਾ।ਇਸ ਮੰਗ ਨੂੰ ਮੰਨਣ ਨਾਲ ਅਤੇ ਬੁੱਤ ਨੂੰ ਦੁਬਾਰਾ ਉਥੇ ਸੁਸ਼ੋਭਿਤ ਕਰਨ ਨਾਲ ਲੁਧਿਆਣਾ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਵੇਗੀ। ਪ੍ਰਸ਼ਾਸਨ ਨੂੰ ਲੋਕਾਂ ਦੀਆਂ ਭਾਵਨਾਵਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਚੌਂਕ ਵਿੱਚ ਲੱਗੇ ਬੁੱਤਾਂ ਤੋਂ ਸ਼ਹਿਰ ਵਾਸੀ ਦੇਸ਼ ਭਗਤੀ ਦਾ ਜਜ਼ਬਾ ਲੈਂਦੇ ਹਨ, ਵਪਾਰੀ ਤਾਂ ਆਪਣੀ ਮਸ਼ਹੂਰੀ ਕਿਸੇ ਜਗ੍ਹਾ 'ਤੇ ਵੀ ਕਰ ਸਕਦੇ ਹਨ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

2-Oct-PAGE-3.qxd 10/1/2025 9:40 PM Page 1



# ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਝੰਡਾ ਮਾਰਚ 4 ਨੂੰ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਸੂਬਾਈ ਫੈਸਲੇ ਮੁਤਾਬਕ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਖੇਤ ਮਜ਼ਦੂਰ ਜਥੇਬੰਦੀਆਂ, ਪੰਜਾਬ ਖੇਤ ਮਜ਼ਦੂਰ ਸਭਾ, ਦਿਹਾਤੀ ਮਜ਼ਦੂਰ ਸਭਾ, ਮਜ਼ਦੂਰ ਮੁਕਤੀ ਮੋਰਚਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਸਾਂਝੀ ਮੀਟਿੰਗ ਮੰਗਲ ਸਿੰਘ ਖੁਜਾਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਫ਼ੈਸਲੇ ਪ੍ਰੈੱਸ ਨੂੰ ਰਿਲੀਜ਼ ਕਰਦਿਆਂ ਸਾਥੀ ਅਮਰੀਕ ਸਿੰਘ ਦਾਊਦ ਅਤੇ ਜਸਬੀਰ ਸਿੰਘ ਝਬਾਲ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਪੇਂਡੂ ਖੇਤ ਮਜ਼ਦੂਰਾਂ ਦੇ ਭੱਖਦੇ ਮਸਲਿਆਂ ਅਤੇ ਮੰਗਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਪਿੰਡ ਤਰਸਿੱਕਾ ਤੋਂ ਠੀਕ 10 ਵਜੇ ਝੰਡਾ ਮਾਰਚ ਸ਼ੁਰੂ ਕੀਤਾ ਜਾਵੇਗਾ। ਸਾਥੀ ਝਬਾਲ ਨੇ ਮਜ਼ਦੂਰ ਜਥੇਬੰਦੀਆਂ ਦੇ ਵਰਕਰਾਂ ਵੱਲੋਂ 50 ਮੋਟਰਸਾਈਕਲਾਂ 'ਤੇ ਝੰਡੇ ਬੰਨ੍ਹ ਕੇ ਪੰਜਾਬ ਸਰਕਾਰ ਦੇ ਬੋਲੇ ਕੰਨਾਂ ਤੱਕ ਮਜ਼ਦੂਰਾਂ ਦੇ ਭੱਖਦੇ ਮਸਲਿਆਂ ਤੇ ਮੁਸ਼ਕਿਲਾਂ ਸਬੰਧੀ ਝੰਡਾ ਮਾਰਚ ਕਰਕੇ ਆਵਾਜ਼ ਨੂੰ ਬੁਲੰਦ ਕੀਤਾ ਜਾਵੇਗਾ।ਇਸ ਮੀਟਿੰਗ ਵਿਚ ਗੁਰਨਾਮ ਸਿੰਘ ਭਿੰਡਰ, ਜਗੀਰ ਸਿੰਘ ਸਰਜਾ, ਬਲਬੀਰ ਸਿੰਘ, ਕੁਲਦੀਪ ਸਿੰਘ ਜੱਬੋਵਾਲ, ਪ੍ਰਕਾਸ਼ ਸਿੰਘ ਕੈਰੋਂ ਨੰਗਲ ਆਦਿ ਸਾਥੀ ਹਾਜ਼ਰ ਸਨ ਜਿਨ੍ਹਾਂ ਨੇ ਮੀਟਿੰਗ ਵਿੱਚ ਲਏ ਹੋਏ ਫੈਸਲਿਆਂ ਨੂੰ ਲਾਗੂ ਕਰਨ ਦਾ ਅਹਿਦ ਕੀਤਾ।ਮੀਟਿੰਗ ਵਿੱਚ ਹਾਜ਼ਰ ਸਾਥੀਆਂ ਦਾ ਪ੍ਰਧਾਨ ਮੰਗਲ ਸਿੰਘ ਨੇ ਧੰਨਵਾਦ ਕੀਤਾ ਅਤੇ ਝੰਡਾ ਮਾਰਚ ਨੂੰ ਸਫ਼ਲ ਬਣਾਉਣ ਲਈ ਜ਼ੋਰਦਾਰ ਤਿਆਰੀ ਕਰਨ ਦਾ ਫੈਸਲਾ ਕੀਤਾ।

# ਕੀੜੀ ਅਫਗਾਨਾ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਪੈਦਲ ਯਾਤਰਾ 7 ਨੂੰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪਿੰਡ ਕੀੜੀ ਫਗਾਨਾ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਪਾਰ ਕਿਰਪਾ ਸਦਕਾ ਸਮੂਹ ਪਿੰਡ ਦੀਆਂ ਸੰਗਤਾਂ ਅਤੇ ਇਲਾਕਾ ਨਿਵਾਸੀਆਂ ਦੇ ਭਰਵੇਂ ਸਹਿਯੋਗ ਨਾਲ ਸੰਪਰਦਾਇ ਦਲ ਬਾਬਾ ਬਿਧੀ ਚੰਦ ਜ਼ਿਲ੍ਹਾ ਗੁਰਦਾਸਪੁਰ ਦੇ ਜਥੇਦਾਰ ਸੰਤ ਬਾਬਾ ਸਤਨਾਮ ਸਿੰਘ ਜੀ ਦੀ ਅਗਵਾਈ ਵਿੱਚ ਪਿੰਡ ਕੀੜੀ ਅਫਗਾਨਾ ਤੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਹਰ ਸਾਲ ਦੀ ਤਰ੍ਹਾਂ 24ਵੀਂ ਸਾਲਾਨਾ ਪੈਦਲ ਯਾਤਰਾ 7 ਅਕਤੂਬਰ ਦਿਨ ਮੰਗਲਵਾਰ ਸਵੇਰੇ 5 ਵਜੇ ਆਰੰਭ ਹੋਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਸਤਨਾਮ ਸਿੰਘ, ਡਾਕਟਰ ਜਸਵਿੰਦਰ ਸਿੰਘ ਸੰਧੂ, ਕਥਾਵਾਚਕ ਭਾਈ ਆਕਾਸ਼ਦੀਪ ਸਿੰਘ, ਜਥੇਦਾਰ ਸੁਖਵਿੰਦਰ ਸਿੰਘ ਨਿਹੰਗ ਸਿੰਘ ਅਤੇ ਭਾਈ ਲਖਵਿੰਦਰ ਸਿੰਘ ਸਾਬਕਾ ਸਰਪੰਚ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਲੜੀਵਾਰ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 7 ਅਕਤੂਬਰ 2 ਵਜੇ ਪਾਏ ਜਾਣਗੇ।ਇਹ ਪੈਦਲ ਯਾਤਰਾ ਪਹਿਲੀ ਰਾਤ ਗੁਰਦੁਆਰਾ ਫਲਾਈ ਸਾਹਿਬ ਵਡਾਲਾ ਗ੍ਰੰਥੀਆਂ ਅਤੇ ਦੂਸਰੀ ਰਾਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਪਿੰਡ ਅਲਕਰੇ ਵਿਖੇ ਸੰਗਤਾਂ ਵਿਸ਼ਰਾਮ ਕਰੇਗੀ।ਸੰਗਤਾਂ 9 ਅਕਤੂਬਰ ਸ਼ਾਮ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣਗੀਆਂ।ਇਸ ਪੈਦਲ ਯਾਤਰਾ ਮੌਕੇ ਵੱਖ ਵੱਖ ਪੜਾਅ ਤੇ ਡਾਕਟਰ ਜਸਵਿੰਦਰ ਸਿੰਘ ਸੰਧੂ ਕੀੜੀ ਅਫਗਾਨਾ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਉਣ ਦੇ ਨਾਲ ਨਾਲ 8 ਤੇ 9 ਅਕਤੂਬਰ ਨੂੰ ਦੋ ਦਿਨ ਫਰੀ ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ।



# ਝਾਮਕਾ ਦੇ ਕਈ ਪਰਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਲੋਕ ਭਲਾਈ ਸਕੀਮਾਂ ਨੂੰ ਲਾਗੂ ਕਰਕੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਰਹੇ ਹਨ ਅਤੇ ਹਲਕਾ ਮਜੀਠਾ ਵਿਚ ਵੀ ਇਨ੍ਹਾਂ ਸਕੀਮਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਹਲਕੇ ਦੇ ਪਿੰਡ ਝਾਮਕਾ ਵਿਖੇ ਪਾਰਟੀ ਨੀਤੀਆਂ ਤੋਂ ਖੁਸ਼ ਹੋ ਕੇ ਵੱਖ-ਵੱਖ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਤ ਕਰਨ ਉਪਰੰਤ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੇਰੀ ਦਿਲੀ ਤਮੰਨਾ ਹੈ ਕਿ ਹਲਕਾ ਮਜੀਠਾ ਦਾ ਹਰ ਪਿੰਡ ਸਹੂਲਤਾਂ ਭਰਪੂਰ ਹੋਵੇ। ਇਸ ਮੌਕੇ ਸੂਬੇਦਾਰ ਜਸਵਿੰਦਰ ਸਿੰਘ, ਬਲਬੀਰ ਸਿੰਘ ਬੋਪਾਰਾਏ, ਸ਼ਿਵਰਾਜ ਸਿੰਘ ਬਾਠ ਭੀਲੋਵਾਲ, ਸਿੰਕਦਰ ਸਿੰਘ ਸਾਬਕਾ ਸਰਪੰਚ, ਕੁਲਵਿੰਦਰ ਸਿੰਘ ਮਿੱਠਾ, ਮਲਕੀਤ ਸਿੰਘ ਬੀਡੀਓ ਭੋਏ, ਜਤਿੰਦਰ ਸਿੰਘ ਸਰਪੰਚ ਤਲਵੰਡੀ ਦੋਸੰਧਾ ਸਿੰਘ, ਰਵਿੰਦਰਪਾਲ ਸਿੰਘ ਸਰਪੰਚ ਹਦਾਇਤਪੁਰ, ਯੂਥ ਆਗੂ ਜੁਗਰਾਜ ਸਿੰਘ ਸਾਧਪੁਰ, ਤਰਵਿੰਦਰ ਸਿੰਘ ਸਾਧਪੁਰ, ਸਤਨਾਮ ਸਿੰਘ ਮੱਤੇਵਾਲ, ਗੁਰਸੇਵਕ ਸਿੰਘ ਮੱਤੇਵਾਲ ਆਦਿ ਹਾਜ਼ਰ ਸਨ।

# ਡਿੱਪੂ ਯੂਨੀਅਨ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ

**ਅਜਨਾਲਾ (ਸੁਖਤਿੰਦਰ ਸਿੰਘ ਰਾਜਾ)**-ਡਿੱਪੂ ਯੂਨੀਅਨ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦਸਵੰਧ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਗਿਆ। ਪੰਜਾਬ ਦੀ ਡਿੱਪੂ ਹੋਲਡਰ ਯੂਨੀਅਨ ਐੱਨਐੱਫਐੱਸਏ 355 ਮਾਝਾ ਜ਼ੋਨ ਦੇ ਪ੍ਰਧਾਨ ਸਰਦਾਰ ਜੈਮਲ ਸਿੰਘ ਅਤੇ ਰਮਣ ਕੁਮਾਰ ਵੇਰਕਾ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਵਿੱਚ ਆਪਣੇ ਅੰਮ੍ਰਿਤਸਰ ਜ਼ਿਲ੍ਹੇ ਵੱਲੋਂ ਆਪਣੇ ਡਿਪਾਰਟਮੈਂਟ ਦੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਅਮਨਦੀਪ ਸਿੰਘ ਦੁਸਾਂਝ ਰਾਹੀਂ ਅਤੇ ਏਐੱਫਐੱਸਓ ਸੰਦੀਪ ਸਿੰਘ ਅਜਨਾਲਾ ਰਾਹੀਂ ਦਸਵੰਧ ਕੱਢ ਕੇ ਮੁੱਖ ਮੰਤਰੀ ਪੰਜਾਬ ਰਾਹਤ ਫੰਡ ਵਿੱਚ ਭੇਜਿਆ ਗਿਆ। ਇਸ ਮੌਕੇ ਬੋਲਦਿਆਂ ਪ੍ਰਧਾਨ ਜੈਮਲ ਸਿੰਘ ਨੇ ਕਿਹਾ ਕਿ ਸਾਡੇ ਪੰਜਾਬ ਦੇ ਪ੍ਰਧਾਨ ਰੋਸ਼ਨ ਲਾਲ ਮਿੱਠੂ ਘੈਂਟ ਦੀ ਪ੍ਰੇਰਨਾ ਸਦਕਾ ਅੰਮ੍ਰਿਤਸਰ ਜ਼ਿਲ੍ਹੇ ਨੇ ਪ੍ਰਤੀ ਡਿੱਪੂ ਹੋਲਡਰ ਆਪਣੀ ਮਾਰਜਨ ਮਨੀ ਵਿੱਚੋਂ ਹੜ੍ਹ ਪੀੜਤਾਂ ਲਈ ਇਹ ਯੋਗਦਾਨ ਪਾਇਆ ਹੈ। ਇਸ ਮੌਕੇ ਡਿੱਪੂ ਹੋਲਡਰ ਬਲਵਿੰਦਰ ਸਿੰਘ ਫਤਿਹਵਾਲ, ਜੱਸ ਅੱਬੂ, ਰੌਣਕੀ ਗੱਗੋਮਾਹਲ, ਮਨਿੰਦਰ ਸਿੰਘ ਪੁੰਗਾ, ਰਜੇਸ਼ ਕੁਮਾਰ ਮੱਤੇ ਨੰਗਲ ਅਤੇ ਪਰਮਜੀਤ ਸਿੰਘ ਪੰਮਾ ਆਦਿ ਹਾਜ਼ਰ ਸਨ।



# ਸਿਹਤ ਵਿਭਾਗ ਦੀ ਟੀਮ ਨੇ ਨੰਗਲ ਕੋਟਲੀ ਮੁਹੱਲੇ 'ਚ ਡੇਂਗੂ ਸਬੰਧੀ ਕੀਤਾ ਨਿਰੀਖਣ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਦੇ ਸਰਕਾਰੀ ਹਸਪਤਾਲ ਦੀ ਟੀਮ ਵੱਲੋਂ ਨੰਗਲ ਕੋਟਲੀ ਮੁਹੱਲੇ ਵਿੱਚ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਅਤੇ ਉਥੇ ਡਾ. ਗੁਰਪ੍ਰੀਤ ਕੌਰ ਜ਼ਿਲ੍ਹਾ ਐਪਡੀਮੋਲੋਜੈਸਿਟ ਨੇ ਆਪਣੀ ਟੀਮ ਸਮੇਤ ਵੱਖ ਵੱਖ ਘਰਾਂ ਦਾ ਸਰਵੇ ਕੀਤਾ। ਮੈਡੀਕਲ ਟੀਮ ਵਿਚ ਸੁਪਰਵਾਈਜ਼ਰ ਆਕਾਸ਼, ਗੁਰਬਾਗ ਅਤੇ ਪਵਨ ਕੁਮਾਰ, ਹਰਭੇਜ ਆਦਿ ਸ਼ਾਮਿਲ ਸਨ। ਸਿਹਤ ਵਿਭਾਂਗ ਦੀ ਟੀਮ ਵੱਲੋਂ ਡੇਂਗੂ ਦੇ ਕਿਟਾਊਣ ਅਤੇ ਲਾਰਵੇ ਨੂੰ ਮਾਰਨ ਲਈ ਸਪਰੇਅ ਵੀ ਕੀਤੀ ਗਈ ਜਦੋਂ ਕਿ ਸਪਰੇਅ ਨਾਲ ਲਾਰਵੇ ਨੂੰ ਮਾਰਨ ਵਾਸਤੇ ਵੱਖ-ਵੱਖ ਕਿਸਮ ਦੀਆਂ ਦਵਾਈਆਂ ਦੀ ਵਰਤੋਂ ਵੀ ਕੀਤੀ ਗਈ ਅਤੇ ਜਿਸ ਵਿਚ 15 ਦੇ ਕਰੀਬ ਬੀਡਿੰਗ ਸੋਰਸ ਪਾਏ ਗਏ। ਇਸ ਮੌਕੇ 287 ਘਰਾਂ ਵਿਚ ਸਪਰੇਅ ਕੀਤੀ ਗਈ ਤੇ ਮੌਕੇ 'ਤੇ ਫੌਗਿਗ ਤੋਂ ਇਲਾਵਾ ਹੋਰ ਵੀ ਕਈ ਸਾਧਨ ਵਰਤੇ ਗਏ। ਇਸ ਮੌਕੇ ਪੈਰਾਮੈਡੀਕਲ ਸਟਾਫ਼ ਵਲੋਂ ਵੱਖ ਵੱਖ ਕਿਟਾਣੂਆਂ ਦੇ ਸੈਂਪਲ ਵੀ ਭਰੇ ਗਏ। ਉਨ੍ਹਾਂ ਦੱਸਿਆ ਕਿ ਬ੍ਰੀਡਿੰਗ ਚੈੱਕ ਕਰਨ ਵਾਲੀ ਟੀਮ ਵਿਚ ਵਰਿੰਦਰ, ਮਨਜਿੰਦਰ, ਖੁਸ਼ਦੀਪ, ਕੁਲਦੀਪ ਅਤੇ ਕਰਨ ਆਦਿ ਸ਼ਾਮਲ ਸਨ।

# ਖ਼ਾਲਸਾ ਕਾਲਜ ਵਿਖੇ ਮੁਫ਼ਤ ਫਿਜ਼ੀਓਥੈਰੇਪੀ ਕੈਂਪ ਲਗਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**—ਖ਼ਾਲਸਾ ਕਾਲਜ ਦੇ ਫਿਜ਼ੀਓਥੈਰੇਪੀ ਵਿਭਾਗ ਵੱਲੋਂ ਖ਼ਾਲਸਾ ਯੂਨੀਵਰਸਿਟੀ ਦੇ ਸਹਿਯੋਗ ਨਾਲ ਫਿਜ਼ੀਓਥੈਰੇਪੀ ਓ. ਪੀ. ਡੀ. 'ਚ ਮੁਫ਼ਤ ਫਿਜ਼ੀਓਥੈਰੇਪੀ ਉਪਚਾਰ ਕੈਂਪ ਲਗਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਲਗਾਏ ਗਏ ਉਕਤ ਕੈਂਪ ਦੌਰਾਨ ਆਸ ਪਾਸ ਦੇ ਲੱਗੇ ਇਲਾਕਿਆਂ ਤੋਂ 60 ਤੋਂ ਵਧੇਰੇ ਲੋਕਾਂ ਨੇ ਆਪਣੇ ਇਲਾਜ ਸਬੰਧੀ ਮੁਫ਼ਤ ਸੇਵਾਵਾਂ ਪ੍ਰਾਪਤ ਕਰਕੇ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਫਿਜ਼ੀਓਥਰੈਪੀ ਵਿਭਾਗ ਮੁਖੀ ਡਾ. ਮਨੂੰ ਵਿਸ਼ਿਸ਼ਟ, ਓ. ਪੀ. ਡੀ. ਇੰਚਾਰਜ ਡਾ. ਵਰਿੰਦਰ ਕੌਰ ਨੇ ਡਾ. ਮਾਨਸੀ ਤੁਲੀ ਨਾਲ ਮਿਲ ਕੇ ਪ੍ਰਿੰ: ਡਾ. ਰੰਧਾਵਾ ਕੈਂਪ ਦਾ ਉਦਘਾਟਨ ਕਰਨ ਲਈ ਪੁੱਜਣ 'ਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ।ਉਪਰੰਤ ਪ੍ਰਿੰ: ਡਾ. ਰੰਧਾਵਾ ਦੀ ਨਿਗਰਾਨੀ ਹੇਠ ਡਾ. ਵਿਸ਼ਿਸ਼ਟ ਅਤੇ ਡਾ. ਵਰਿੰਦਰ ਕੌਰ ਪਾਸੋਂ ਕਾਲਜ ਅਤੇ ਨੇੜਲੇ ਖੇਤਰਾਂ ਦੇ 60 ਤੋਂ ਵੱਧ ਲੋਕਾਂ ਨੇ ਮੁਫ਼ਤ ਸਲਾਹ, ਆਸਣ ਮੁਲਾਂਕਣ, ਕਸਰਤ ਪ੍ਰਦਰਸ਼ਨ, ਖੁਰਾਕ ਸਬੰਧੀ ਜਾਣਕਾਰੀ ਅਤੇ ਮੁਫ਼ਤ ਇਲਾਜ ਸਮੇਤ ਸੇਵਾਵਾਂ ਦਾ ਲਾਭ ਉਠਾਇਆ। ਇਸ ਮੌਕੇ ਡਾ. ਵਸ਼ਿਸ਼ਟ ਅਤੇ ਡਾ. ਵਰਿੰਦਰ ਕੌਰ ਨੇ ਪ੍ਰਿੰ: ਡਾ. ਰੰਧਾਵਾ ਵੱਲੋਂ ਕੈਂਪ ਦੇ ਆਯੋਜਨ ਸਬੰਧੀ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।




# ਮਹਿਲਾਵਾਂ ਦੀ ਸਮਾਜਕ ਸ਼ਾਂਤੀ 'ਚ ਭੂਮਿਕਾ 'ਤੇ ਸੈਮੀਨਾਰ ਕਰਵਾਇਆ

**ਮਜੀਠਾ (ਸੋਇਮ ਆਨੰਦ)**

ਆਨੰਦ ਗਰੁੱਪ ਆਫ ਕਾਲਜਿਜ਼, ਜੇਠੂਵਾਲ (ਅੰਮ੍ਰਿਤਸਰ-ਪਠਾਨਕੋਟ ਰੋਡ) ਵੱਲੋਂ ਅਹਿਮਦੀਆ ਮੁਸਲਿਮ ਕਮਿਊਨਿਟੀ ਇੰਡੀਆ ਅਤੇ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਮਹਿਲਾਵਾਂ ਦੀ ਭੂਮਿਕਾ ਸਮਾਜਕ ਸ਼ਾਂਤੀ ਕਾਇਮ ਕਰਨ ਵਿੱਚ ਵਿਸ਼ੇ 'ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ।ਸਮਾਗਮ ਯੂਨਾਈਟਿਡ ਨੇਸ਼ਨਜ਼ ਦੇ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਦੀ ਯਾਦ ਵਿੱਚ ਕਰਵਾਇਆ ਗਿਆ। ਵਾਈਸ ਚੇਅਰਮੈਨ ਡਾ. ਜੇ. ਐੱਸ. ਢਿੱਲੋਂ ਨੇ ਸਭ ਦਾ ਸਵਾਗਤ ਕੀਤਾ।ਮੁੱਖ ਸਪੀਕਰ ਡਾ. ਬਲਜੀਤ ਕੌਰ, ਸਾਬਕਾ ਅਸਿਸਟੈਂਟ ਡਾਇਰੈਕਟਰ ਫੈਮਿਲੀ ਹੈਲਥ, ਪੰਜਾਬ ਨੇ ਮਹਿਲਾਵਾਂ ਦੀ ਸਮਾਜਕ ਸ਼ਾਂਤੀ ਵਿੱਚ ਅਹਿਮ ਭੂਮਿਕਾ 'ਤੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਮਿਸਿਜ਼ ਰਿਪੁਦਮਨ ਕੌਰ ਮਲਹੋਤਰਾ ਪ੍ਰਿੰ., ਡਾ. ਰਮਣਜੀਤ ਕੌਰ ਸੋਹਲ (ਵਾਈਸ ਪ੍ਰਿੰ., ਅਨੰਦ ਕਾਲਜ ਆਫ ਨਰਸਿੰਗ, ਅਤੇ ਮਿਸਿਜ਼ ਪਰਮਜੀਤ ਕੌਰ ਪ੍ਰਿੰ. ਗੋਪਾਲਪੁਰਾ ਨੇ ਵੀ ਵਿਸ਼ੇ ਨਾਲ ਸਬੰਧਤ ਪ੍ਰੇਰਕ ਵਿਚਾਰ ਪੇਸ਼ ਕੀਤੇ। ਸੈਮੀਨਾਰ ਵਿੱਚ ਮਹਿਲਾਵਾਂ ਦੇ ਸਮਾਜਕ ਸਦਭਾਵਨਾ, ਸਿੱਖਿਆ ਅਤੇ ਸ਼ਾਂਤੀ ਸਥਾਪਨ ਵਿੱਚ ਯੋਗਦਾਨ 'ਤੇ ਚਰਚਾ ਹੋਈ।ਇਸ ਮੌਕੇ ਪ੍ਰਿੰ. ਡਾ. ਕਵਲਬੀਰ ਕੌਰ ਅਤੇ ਰਚਨਾ ਕੁਮਾਰੀ, ਵਾਇਸ ਪ੍ਰਿੰ. ਰਮਨਜੀਤ ਕੌਰ ਸੋਹਲ ਅਤੇ ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ, ਗੀਤੂ ਕਾਲੀਆ, ਹਰਪ੍ਰੀਤ ਕੌਰ, ਬਲਜੀਤ ਕੌਰ, ਸੁਰਚੀਪਾਲ, ਰਮਿੰਦਰਜੀਤ ਕੌਰ, ਜੋਤੀ ਬਾਲਾ, ਜਗਰੂਪ ਕੌਰ, ਸੋਨਲ ਮਹਾਜਨ, ਸ਼ੈਲੀ ਸ਼ਰਮਾ, ਭੁਪਿੰਦਰ ਕੌਰ, ਮਨਵਿੰਦਰ, ਸਾਕਸ਼ੀ, ਭਾਵਨਾ, ਪੂਨਮ, ਹਰਲੀਨ, ਰੁਪਨਦੀਪ ਕੌਰ, ਅਰਪਨਜੋਤ ਕੌਰ, ਕੋਮਲਪ੍ਰੀਤ ਕੌਰ, ਪੁਨਰ, ਹਰਮਨਜੋਤ ਕੌਰ, ਹਰਮਨ, ਰਮਨਦੀਪ ਕੌਰ, ਮਨਦੀਪ ਕੌਰ, ਪ੍ਰਿਅੰਕਾ, ਸ਼ਰਨਦੀਪ ਕੌਰ, ਨਿਧੀ, ਸਿਮਰਨਜੀਤ ਕੌਰ ਸਮੇਤ ਹੋਰ ਸਟਾਫ ਅਤੇ ਵਿਦਿਆਰਥੀ ਆਦਿ ਸ਼ਾਮਲ ਸਨ।




# ਰਾਜਪਾਲ ਗੁਲਾਬ ਚੰਦ ਕਟਾਰੀਆ ਆਸਲ ਉਤਾੜ ਪਹੁੰਚੇ; ਸ਼ਹੀਦ ਜਵਾਨਾਂ ਨੂੰ ਦਿੱਤੀ ਸ਼ਰਧਾਂਜਲੀ

**ਪੱਟੀ (ਬਲਦੇਵ ਸਿੰਘ ਸੰਧੂ)**

ਵਜਰਾ ਕੋਰ ਦੇ ਗੋਲਡਨ ਐਰੋ ਡਵੀਜ਼ਨ ਨੇ ਪਿੰਡ ਆਸਲ ਉਤਾੜ ਵਿਖੇ ਪੂਰੇ ਸਨਮਾਨ ਅਤੇ ਸ਼ਾਨ ਨਾਲ 1965 ਦੇ ਭਾਰਤ-ਪਾਕਿਸਤਾਨ ਯੁੱਧ ਦੀ ਡਾਇਮੰਡ ਜੁਬਲੀ ਮਨਾਈ।ਪੈਟਨ ਟੈਂਕਾਂ ਦੇ ਕਬਰਿਸਤਾਨ ਵਜੋਂ ਜਾਣਿਆ ਜਾਂਦਾ ਇਹ ਇਤਿਹਾਸਕ ਜੰਗੀ ਮੈਦਾਨ ਇੱਕ ਵਾਰ ਫਿਰ ਰਾਸ਼ਟਰੀ ਯਾਦ ਅਤੇ ਮਾਣ ਦਾ ਕੇਂਦਰ ਬਣ ਗਿਆ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆਂ ਨੇ ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸੀਨੀਅਰ ਫੌਜੀ ਅਧਿਕਾਰੀ, ਯੁੱਧ ਦੇ ਸਾਬਕਾ ਸੈਨਿਕ, ਬਹਾਦਰ ਔਰਤਾਂ, ਪ੍ਰਸ਼ਾਸਨਿਕ ਪਤਵੰਤੇ, ਵਿਦਿਆਰਥੀ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਾਗਰਿਕ ਇਸ ਮੌਕੇ ਦੇ ਗਵਾਹ ਬਣੇ।ਇਸ ਸਮਾਗਮ ਵਿੱਚ ਉਨ੍ਹਾਂ ਬਹਾਦਰ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਜਿਨ੍ਹਾਂ ਦੀ ਅਟੱਲ ਹਿੰਮਤ ਅਤੇ ਆਸਲ ਉੱਤਾੜ ਅਤੇ ਬਰਕੀ ਦੀਆਂ ਲੜਾਈਆਂ ਵਿੱਚ ਸਰਵਉੱਚ ਕੁਰਬਾਨੀ ਨੇ 1965 ਦੀ ਜੰਗ ਦਾ ਰੁਖ਼ ਬਦਲ ਦਿੱਤਾ ਅਤੇ ਭਾਰਤ ਦੀ ਜਿੱਤ ਵੱਲ ਲੈ ਗਿਆ।ਕੰਪਨੀ ਕੁਆਰਟਰ ਮਾਸਟਰ ਹਵਲਦਾਰ ਅਬਦੁਲ ਹਮੀਦ, ਪਰਮ ਵੀਰ ਚੱਕਰ (ਮਰਨ ਉਪਰੰਤ) ਨੂੰ ਵਿਸ਼ੇਸ਼ ਸ਼ਰਧਾਂਜਲੀ ਭੇਟ ਕੀਤੀ ਗਈ, ਜਿਨ੍ਹਾਂ ਦੀ ਬੇਮਿਸਾਲ ਬਹਾਦਰੀ ਅਤੇ ਹਿੰਮਤ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ।ਆਪਣੇ ਸੰਬੋਧਨ ਵਿੱਚ ਮਾਣਯੋਗ ਰਾਜਪਾਲ ਨੇ ਭਾਰਤੀ ਫੌਜ ਪ੍ਰਤੀ ਆਪਣੀ ਡੂੰਘੀ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ।ਸਮਾਰੋਹ ਦੌਰਾਨ ਮਾਣਯੋਗ ਰਾਜਪਾਲ ਨੇ ਪੁਰਾਲੇਖ-ਕਮ-ਅਜਾਇਬ ਘਰ ਦਾ ਉਦਘਾਟਨ ਕੀਤਾ, ਜੋ 1965 ਦੇ ਯੁੱਧ ਦੇ ਇਤਿਹਾਸ, ਕਲਾਕ੍ਰਿਤੀਆਂ ਅਤੇ ਬਹਾਦਰੀ ਦੀਆਂ ਕਹਾਣੀਆਂ ਨੂੰ ਸੁਰੱਖਿਅਤ ਰੱਖੇਗਾ।ਹਾਮਿਦ ਗੈਲਰੀ ਨੂੰ ਵੀ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ, ਜੋ ਸੀ ਕਿਊਐੱਮਐੱਚ ਅਬਦੁਲ ਹਾਮਿਦ, ਪੀਵੀਸੀ ਦੀ ਬਹਾਦਰੀ ਦੀ ਗਾਥਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਏਗਾ। ਇਸ ਤੋਂ ਇਲਾਵਾ ਯੁੱਧ ਦੇ ਨਾਇਕਾਂ ਅਤੇ ਬਹਾਦਰ ਔਰਤਾਂ ਨੂੰ ਉਨ੍ਹਾਂ ਦੇ ਬਲੀਦਾਨ ਅਤੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।ਉੱਤਰ ਪ੍ਰਦੇਸ਼ ਵਿੱਚ ਆਯੋਜਿਤ ਇਸ ਡਾਇਮੰਡ ਜੁਬਲੀ ਨੇ ਭਾਰਤੀ ਫੌਜ ਅਤੇ ਭਾਰਤ ਦੇ ਲੋਕਾਂ ਵਿਚਕਾਰ ਅਟੁੱਟ ਬੰਧਨ ਨੂੰ ਹੋਰ ਮਜ਼ਬੂਤ ਕੀਤਾ। ਬਹਾਦਰੀ ਅਤੇ ਸ਼ਹਾਦਤ ਦੀ ਇਸ ਧਰਤੀ 'ਤੇ ਆਯੋਜਿਤ ਇਹ ਸਮਾਰੋਹ ਕੁਰਬਾਨੀ ਦੀ ਯਾਦ, ਫੌਜੀ ਪਰੰਪਰਾਵਾਂ ਦੇ ਜਸ਼ਨ ਅਤੇ ਭਵਿੱਖ ਲਈ ਸੰਕਲਪ ਦਾ ਪ੍ਰਤੀਕ ਬਣ ਗਿਆ।




# ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦਾ ਐਡਵੋਕੇਸੀ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਪ੍ਰਾਈਵੇਟ ਸਕੂਲਾਂ ਦੇ ਕਿਸ਼ੋਰ ਨੋਡਲ ਅਧਿਆਪਕ ਦੀ ਜ਼ਿਲ੍ਹਾ ਪੱਧਰੀ ਇਕ ਰੋਜ਼ਾ ਐਡਵੋਕੇਸੀ ਮੀਟਿੰਗ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਕੇਂਦਰ ਕੈਰੋਂ (ਤਰਨ ਤਾਰਨ) ਵਿਖੇ ਲਗਾਈ ਗਈ।ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਤਨਾਮ ਸਿੰਘ ਬਾਠ ਦੀ ਸੁਯੋਗ ਅਗਵਾਈ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਪਰਮਜੀਤ ਸਿੰਘ ਅਤੇ ਪ੍ਰਿੰ. ਮੰਗਤ ਸਿੰਘ ਦੀ ਦੇਖ ਰੇਖ ਹੇਠ ਇਹ ਟ੍ਰੇਨਿੰਗ ਕਰਵਾਈ ਗਈ।ਟ੍ਰੇਨਿੰਗ ਵਿੱਚ ਹੈੱਡਮਾਸਟਰ ਕਮ ਨੋਡਲ ਅਫ਼ਸਰ ਗੁਰਚਰਨ ਸਿੰਘ ਨੇ ਦੱਸਿਆ ਕਿ ਇਸ ਟ੍ਰੇਨਿੰਗ ਵਿੱਚ ਸਿੱਖਿਆ ਵਿਭਾਗ ਅਤੇ ਹੈਲਥ ਡਿਪਾਰਟਮੈਂਟ ਦੇ ਟ੍ਰੇਨਰਾਂ ਵਲੋਂ ਬੜੀ ਲਾਹੇਵੰਦ ਜਾਣਕਾਰੀ ਜ਼ਿਲ੍ਹੇ ਦੇ ਪ੍ਰਾਈਵੇਟ ਸਕੂਲ ਅਧਿਆਪਕਾਂ ਨੂੰ ਦਿੱਤੀ ਗਈ।ਇਸ ਵਿੱਚ ਕੁੱਲ 9 ਬਲਾਕਾਂ ਦੇ ਕਰਮਚਾਰੀਆਂ ਨੇ ਟ੍ਰੇਨਿੰਗ ਲਈ। ਸਿਵਲ ਸਰਜਨ ਦਫਤਰ ਵੱਲੋਂ ਡਾ. ਕੇ. ਪੀ. ਸਿੰਘ ਨੇ ਕਿਸ਼ੋਰ ਅਵਸਥਾ ਵਿੱਚ ਗੁਜ਼ਰ ਰਹੇ ਵਿਦਿਆਰਥੀਆਂ ਨੂੰ ਸਮਝਣ ਦੇ ਟਿਪਸ, ਅਨੀਮੀਆ, ਡੀ ਵਰਮਿੰਗ ਅਤੇ ਏਡਜ਼ ਬਾਰੇ ਜਾਣਕਾਰੀ ਦਿੱਤੀ।ਜ਼ਿਲ੍ਹਾ ਪ੍ਰਿੰਸੀਪਲ ਡਾਇਟ ਮੰਗਤ ਸਿੰਘ ਨੇ ਵੀ ਆਪਣੇ ਵੱਡਮੁੱਲੇ ਵਿਚਾਰ ਦਿੱਤੇ ਤੇ ਕਿਹਾ ਕਿ ਇਸ ਪ੍ਰੋਗਰਾਮ ਨਾਲ ਅਸੀਂ ਆਸਵੰਦ ਹਾਂ ਕਿ ਸਕੂਲ ਪੱਧਰ ਤੇ ਮੁਖੀ ਅਤੇ ਅਧਿਆਪਕ ਹੋਰ ਜ਼ਿਆਦਾ ਮਿਹਨਤ ਕਰਕੇ ਵਿਭਾਗ ਦਾ ਨਾਮ ਉੱਚਾ ਕਰਨਗੇ।ਉਨ੍ਹਾਂ ਭਵਿੱਖ ਵਿੱਚ ਅਜਿਹੇ ਸਾਕਾਰਾਤਮਕ ਪ੍ਰੋਗਰਾਮਾਂ ਲਈ ਸਹਿਯੋਗ ਦਾ ਭਰੋਸਾ ਦਿੱਤਾ। ਜ਼ਿਕਰਯੋਗ ਹੈ ਕਿ ਟ੍ਰੇਨਿੰਗ ਵਿੱਚ ਪ੍ਰੋਜੈਕਟਰ ਅਤੇ ਪੈਨਲਾਂ ਦੀ ਵਰਤੋਂ ਕੀਤੀ ਗਈ।



# ਏਡੀਸੀ ਡਾ. ਹਰਜਿੰਦਰ ਸਿੰਘ ਬੇਦੀ ਨੇ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਸੰਭਾਲਿਆ ਮੋਰਚਾ



**ਗੁਰਦਾਸਪੁਰ, (ਜਨਕ ਮਹਾਜਨ)**-ਇਸ ਵਾਰ ਝੋਨੇ ਦੀ ਕਟਾਈ ਦੇ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਪਰਾਲੀ ਦੀ ਅੱਗ ਨੂੰ ਰੋਕਣ ਲਈ ਮੋਰਚਾ ਸੰਭਾਲਿਆ ਹੋਇਆ ਹੈ। ਵਧੀਕ ਡਿਪਟੀ ਕਮਿਸ਼ਨਰ ਡਾ. ਬੇਦੀ ਵੱਲੋਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਰੋਜ਼ਾਨਾ ਜ਼ਿਲ੍ਹੇ ਦੇ ਪਿੰਡਾਂ ਵਿਚ ਜਾ ਕੇ ਕਿਸਾਨ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਕਾਦੀਆਂ ਬਲਾਕ ਦੇ ਪਿੰਡ ਮਨੋਹਰਪੁਰਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣਾ ਕਿਸੇ ਵੀ ਪੱਖ ਤੋਂ ਸਹੀ ਤੇ ਲਾਭਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪਰਾਲੀ ਦੀ ਸੰਭਾਲ ਖੇਤੀ ਮਸ਼ੀਨਰੀ ਰਾਹੀਂ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨ ਅਤੇ ਇਨ ਸੀਟੂ ਅਤੇ ਐਕਸ ਸੀਟੂ ਤਕਨੀਕ ਨਾਲ ਪਰਾਲੀ ਪ੍ਰਬੰਧਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਕਟਾਰੂਚੱਕ ਦੀ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਸਪੈਸ਼ਲ ਗਿਰਦਾਵਰੀਆਂ ਨੂੰ ਲੈ ਰੀਵਿਊ ਮੀਟਿੰਗ

**ਪਠਾਨਕੋਟ, (ਦਵਿੰਦਰ ਸਿੰਘ)**

ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਸਪੈਸ਼ਲ ਗਿਰਦਾਵਰੀਆਂ ਨੂੰ ਲੈ ਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਅਰਸ਼ਦੀਪ ਸਿੰਘ ਆਰਟੀਓ-ਕਮ-ਵਧੀਕ ਡਿਪਟੀ ਕਮਿਸ਼ਨਰ (ਜ), ਦਿਵਿਆ ਸਿੰਗਲਾ ਤਹਿਸੀਲਦਾਰ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਭੁਪਿੰਦਰ ਸਿੰਘ ਕਟਾਰੂਚੱਕ ਅਤੇ ਹੋਰ ਸਬੰਧਤ ਵਿਭਾਗੀ ਅਧਿਕਾਰੀ ਹਾਜ਼ਰ ਸਨ।ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਭਾਰੀ ਬਰਸਾਤ ਦੇ ਚਲਦਿਆਂ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਨੁਕਸਾਨ ਦੀ ਭਰਪਾਈ ਕਰਨ ਲਈ ਸਪੈਸ਼ਲ ਗਿਰਦਾਵਰੀ ਕੀਤੀ ਜਾਵੇਗੀ। ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਉਹ ਨਿਰਧਾਰਤ ਸਮੇਂ ਅੰਦਰ ਹੀ ਰਿਪੋਰਟ ਪੇਸ਼ ਕਰਨ। ਉਨ੍ਹਾਂ ਕਿਹਾ ਕਿ ਜੋ ਕਿਸੇ ਦਾ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਦੇਣ ਲਈ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਮੀਟਿੰਗ ਦੌਰਾਨ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਪੈਸ਼ਲ ਗਿਰਦਾਵਰੀਆਂ ਦੇ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ।



# ਦੋ ਰੋਜ਼ਾ ਕਪੈਸਟੀ ਬਿਲਡਿੰਗ ਸੈਮੀਨਾਰ ਆਯੋਜਿਤ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਸੀਬੀਐੱਸਈ, (ਸੀਓਈ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਪੈਸਟੀ ਬਿਲਡਿੰਗ ਪ੍ਰੋਗਰਾਮ ਆਨ ਕੰਪੀਟੈਂਸੀ ਬੇਸਡ ਅਸੈਸਮੈਂਟ ਸੈਮੀਨਾਰ ਲਗਾਇਆ ਗਿਆ।ਵੱਖ-ਵੱਖ ਸਕੂਲਾਂ ਦੇ 49 ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।ਇਸ ਸੈਮੀਨਾਰ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਬਦਲਦੇ ਹਾਲਾਤ ਅਨੁਸਾਰ ਸਮੇਂ ਦਾ ਹਾਣੀ ਬਣਾਉਣ ਸੰਬੰਧੀ ਅਧਿਆਪਨ ਦੀਆਂ ਨਵੀਆਂ ਤਕਨੀਕਾਂ ਤੋਂ ਜਾਣੂ ਕਰਵਾਉਣਾ ਅਤੇ ਅਧਿਆਪਨ ਵਿੱਚ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨਾ ਸੀ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰ. ਅਨੂਰੀਤ ਬਾਵਾ ਨੇ ਅਧਿਆਪਕਾਂ ਨੂੰ ਬੱਚਿਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਭਰਨ ਲਈ ਉਤਸ਼ਾਹਿਤ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਗੁਰਵਿੰਦਰ ਕੌਰ ਵੱਲੋਂ ਬਾਖੂਬੀ ਨਿਭਾਈ ਗਈ।


# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਗਾਂਧੀ ਦਿਵਸ ਮਨਾਇਆ

**ਧਾਰੀਵਾਲ, (ਮਨਦੀਪ ਸਿੰਘ ਵਿਕੀ)**

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਅਗਵਾਈ ਹੇਠ ਸਕੂਲ ਵਿੱਚ ਗਾਂਧੀ ਦਿਵਸ ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਗਾਂਧੀ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ। ਛੇਵੀਂ ਜਮਾਤ ਦੀ ਆਲੀਆ ਨੇ ਗਾਂਧੀ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਕਿਵੇਂ ਮਹਾਤਮਾ ਗਾਂਧੀ ਨੇ ਆਪਣਾ ਸਾਰਾ ਜੀਵਨ ਸਾਦੇ ਢੰਗ ਨਾਲ ਬਤੀਤ ਕੀਤਾ। ਆਜ਼ਾਦੀ ਲਈ ਮਹੱਤਵਪੂਰਨ ਯੋਗਦਾਨ ਪਾਇਆ। ਪਹਿਲੀ ਜਮਾਤ ਦੇ ਵਿਦਿਆਰਥੀਆਂ ਫਤਿਹਵੀਰ ਸਿੰਘ, ਅਭੀਜੋਤ ਸਿੰਘ, ਗੁਰਤਾਜ ਸਿੰਘ ਵੱਲੋਂ ਬਹੁਤ ਹੀ ਦਿਲਕਸ਼ ਨਾਟਕ ਪੇਸ਼ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਨੇ ਗਾਂਧੀ ਜੀ ਦੇ ਅਨੁਸਾਰ ਬੁਰਾ ਨਾ ਬੋਲੋ, ਬੁਰਾ ਨਾ ਸੁਣੋ, ਬੁਰਾ ਨਾ ਦੇਖਣ ਅਤੇ ਅਹਿੰਸਾ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ।ਗਾਂਧੀ ਦਿਵਸ ਨੂੰ ਮਨਾਉਂਦਿਆਂ ਹੋਇਆਂ ਸਕੂਲ ਦੇ ਲਿਟਲ ਸਪਰਾਊਟਸ ਦੇ ਵਿਦਿਆਰਥੀਆਂ ਵੱਲੋਂ ਪੇਂਟਿੰਗ ਗਤੀਵਿਧੀ ਕਰਵਾਈ ਗਈ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਾਂਧੀ ਜੀ ਨੇ ਕਿਸ ਤਰ੍ਹਾਂ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਉਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਕਦੇ ਵੀ ਕਿਸੇ ਦੀ ਬੁਰਾਈ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਸੁਣਨੀ ਚਾਹੀਦੀ ਹੈ।ਸਾਨੂੰ ਵੀ ਬਾਪੂ ਦੀ ਤਰ੍ਹਾਂ ਸਾਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ।ਮਿਹਨਤ ਕਰਨ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗਾਂਧੀ ਜੀ ਕਹਿੰਦੇ ਸਨ ਕਿ ਸੱਚਾਈ ਅਤੇ ਅਹਿੰਸਾ ਨਾਲ ਅਸੀਂ ਦੁਨੀਆ ਨੂੰ ਜਿੱਤ ਸਕਦੇ ਹਾਂ।







ਨਵਾਂ ਜ਼ਮਾਨਾ
ਵੀਰਵਾਰ, 2 ਅਕਤੂਬਰ 2025

# ਉੱਤਰਾਖੰਡ ਸਰਕਾਰ ਦੀ ਇਸ਼ਤਿਹਾਰਬਾਜ਼ੀ

*ਸਰਕਾਰਾਂ ਆਪਣੀ ਮਸ਼ਹੂਰੀ ਕਰਾਉਣ ਲਈ ਲੋਕਾਂ ਦੇ ਟੈਕਸ ਤੋਂ ਹੋਈ ਕਮਾਈ ਦੀ ਕਿਵੇਂ ਬਰਬਾਦੀ ਕਰਦੀਆਂ ਹਨ, ਇਸ ਦੀ ਮਿਸਾਲ ਉੱਤਰਾਖੰਡ ਵਿੱਚ ਪੁਸ਼ਕਰ ਸਿੰਘ ਧਾਮੀ ਦੀ ਭਾਜਪਾ ਸਰਕਾਰ ਵੱਲੋਂ ਇਸ਼ਤਿਹਾਰਾਂ 'ਤੇ ਖਰਚੇ ਜਾ ਰਹੇ ਧਨ ਤੋਂ ਮਿਲਦੀ ਹੈ। ਪੰਜ ਨਵੰਬਰ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੇਦਾਰਨਾਥ ਸਾਧਨਾ ਕਰਨ ਪੁੱਜੇ ਸਨ ਤਾਂ ਭਾਰਤੀ ਮੀਡੀਆ ਨੇ ਪਲ-ਪਲ ਦੀ ਲਾਈਵ ਕਵਰੇਜ ਕੀਤੀ ਸੀ। ਉਦੋਂ ਧਾਮੀ ਦੀ ਸਰਕਾਰ ਨੇ ਲੋਕਾਂ ਨੂੰ ਵੀ ਮੈਸੇਜ ਭੇਜੇ ਸਨ, ਜਿਨ੍ਹਾਂ 'ਤੇ 49.73 ਲੱਖ ਰੁਪਏ ਖਰਚ ਹੋਏ ਸਨ। ਪਰਦੇ ਚਾਕ ਕਰਨ ਲਈ ਪ੍ਰਸਿੱਧ ਵੈੱਬਸਾਈਟ 'ਨਿਊਜ਼ਲਾਂਡਰੀ' ਮੁਤਾਬਕ 13 ਜੁਲਾਈ 2024 ਨੂੰ ਹਰੇਲਾ ਤਿਉਹਾਰ ਮੌਕੇ ਧਾਮੀ ਵੱਲੋਂ ਪ੍ਰਦੇਸ਼ ਵਾਸੀਆਂ ਨੂੰ ਵਟਸਐਪ ਰਾਹੀਂ ਵਧਾਈ ਸੰਦੇਸ਼ ਭੇਜੇ ਗਏ, ਜਿਨ੍ਹਾਂ 'ਤੇ 37.48 ਲੱਖ ਰੁਪਏ ਖਰਚ ਹੋਏ। ਇੱਕ ਮਹੀਨੇ ਬਾਅਦ ਇੱਕ ਵਾਰ ਫਿਰ 13 ਅਗਸਤ ਨੂੰ ਹਰੇਲਾ 'ਤੇ ਵਧਾਈ ਸੰਦੇਸ਼ ਭੇਜਿਆ, ਜਿਸ 'ਤੇ 37.45 ਲੱਖ ਰੁਪਏ ਖਰਚ ਹੋਏ। ਯਾਨੀ ਇੱਕ ਹਰੇਲਾ ਤਿਉਹਾਰ 'ਤੇ ਮੁੱਖ ਮੰਤਰੀ ਦੀ ਦੋ ਵਾਰ ਵਧਾਈ ਨੇ ਕਰੀਬ 75 ਲੱਖ ਰੁਪਏ ਰੋੜ੍ਹ ਦਿੱਤੇ। ਪੀ ਵੀ ਆਰ ਸਿਨੇਮਾ ਹਾਲ ਜਾਣ ਵਾਲਿਆਂ ਨੇ ਉੱਤਰਾਖੰਡ ਸਰਕਾਰ ਦੇ ਇਸ਼ਤਿਹਾਰ ਦੇਖੇ ਹੋਣਗੇ। ਸਿਰਫ 2023-24 ਵਿੱਚ ਹੀ ਇਸ ਤਰ੍ਹਾਂ ਦੇ ਇਸ਼ਤਿਹਾਰਾਂ 'ਤੇ 17.44 ਕਰੋੜ ਰੁਪਏ ਖਰਚੇ ਗਏ। ਪਿਛਲੇ ਪੰਜ ਸਾਲਾਂ ਵਿੱਚ ਸੂਬਾ ਸਰਕਾਰ ਨੇ ਇਸ਼ਤਿਹਾਰਾਂ 'ਤੇ 1001.07 ਕਰੋੜ ਰੁਪਏ ਖਰਚੇ, ਜਿਹੜੇ ਔਸਤਨ ਰੋਜ਼ਾਨਾ ਲੱਗਭੱਗ 55 ਲੱਖ ਰੁਪਏ ਬਣਦੇ ਹਨ। 2020-21 ਤੋਂ ਲੈ ਕੇ 2024-25 ਤੱਕ ਇਸ਼ਤਿਹਾਰਾਂ 'ਤੇ ਖਰਚੇ ਗਏ ਪੈਸਿਆਂ ਦੇ ਦਸਤਾਵੇਜ਼ ਦੱਸਦੇ ਹਨ ਕਿ ਧਾਮੀ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਸਰਕਾਰ ਘੱਟ ਖਰਚ ਕਰਦੀ ਸੀ, ਉਨ੍ਹਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਖਰਚ ਤੇਜ਼ੀ ਨਾਲ ਵਧਿਆ। 2020-21 ਵਿੱਚ ਤ੍ਰਿਵੇਂਦਰ ਸਿੰਘ ਰਾਵਤ ਦੇ ਮੁੱਖ ਮੰਤਰੀ ਹੋਣ ਵੇਲੇ ਇਸ਼ਤਿਹਾਰਾਂ 'ਤੇ ਕੁਲ ਖਰਚ 77.71 ਕਰੋੜ ਰੁਪਏ ਹੋਇਆ ਸੀ। ਮਾਰਚ 2021 ਵਿੱਚ ਰਾਵਤ ਦੇ ਅਸਤੀਫਾ ਦੇਣ ਤੋਂ ਬਾਅਦ ਤੀਰਥ ਸਿੰਘ ਰਾਵਤ ਮੁੱਖ ਮੰਤਰੀ ਬਣੇ, ਪਰ 4 ਜੁਲਾਈ ਨੂੰ ਅਸਤੀਫਾ ਦੇ ਗਏ ਤੇ ਫਿਰ ਧਾਮੀ ਮੁੱਖ ਮੰਤਰੀ ਬਣ ਗਏ। ਧਾਮੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ 2020-21 ਵਿੱਚ ਹੀ ਇਸ਼ਤਿਹਾਰਾਂ 'ਤੇ ਖਰਚ ਚਾਰ ਗੁਣਾ ਵਧ ਕੇ 227.35 ਕਰੋੜ ਰੁਪਏ ਹੋ ਗਿਆ ਅਤੇ 2024-25 ਵਿੱਚ 290.29 ਕਰੋੜ ਰੁਪਏ ਤੱਕ ਪੁੱਜ ਗਿਆ। ਸੂਬਾ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿੱਚ ਟੀ ਵੀ ਚੈਨਲਾਂ ਨੂੰ ਲੱਗਭੱਗ 427 ਕਰੋੜ ਦੇ ਇਸ਼ਤਿਹਾਰ ਦਿੱਤੇ। ਇਨ੍ਹਾਂ ਵਿੱਚੋਂ 402 ਕਰੋੜ ਰੁਪਏ ਧਾਮੀ ਦੇ ਦੌਰ ਦੇ ਪਿਛਲੇ ਚਾਰ ਸਾਲਾਂ ਵਿੱਚ ਦਿੱਤੇ ਗਏ। ਧਾਮੀ ਦੇ ਦੌਰ ਵਿੱਚ ਅਖਬਾਰਾਂ (129.6 ਕਰੋੜ), ਡਿਜੀਟਲ ਮੀਡੀਆ (61.9 ਕਰੋੜ), ਰੇਡੀਓ (30.9 ਕਰੋੜ), ਸਿਨਮਿਆਂ (23.4 ਕਰੋੜ), ਐੱਸ ਐੱਮ ਐੱਸ (40.4 ਕਰੋੜ), ਆਊਟਡੋਰ ਇਸ਼ਤਿਹਾਰਬਾਜ਼ੀ (49.5 ਕਰੋੜ), ਪੁਸਤਕਾਂ (56 ਕਰੋੜ) ਅਤੇ ਅਖਬਾਰੀ ਏਜੰਸੀਆਂ (128.7 ਕਰੋੜ) 'ਤੇ ਕੁਲ 923 ਕਰੋੜ ਖਰਚ ਹੋਏ। ਭਾਜਪਾ ਸਰਕਾਰ ਨੇ ਨਾ ਸਿਰਫ ਪ੍ਰਦੇਸ਼ ਦੇ ਖੇਤਰੀ ਤੇ ਕੌਮੀ ਚੈਨਲਾਂ ਨੂੰ ਇਸ਼ਤਿਹਾਰ ਦਿੱਤੇ, ਨਾਗਾਲੈਂਡ, ਓਡੀਸ਼ਾ ਤੇ ਆਸਾਮ ਸਣੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਚਲਦੇ ਨਿੱਕੇ-ਮੋਟੇ ਨਿਊਜ਼ ਚੈਨਲਾਂ ਨੂੰ ਚੋਖੇ ਇਸ਼ਤਿਹਾਰ ਦਿੱਤੇ। ਕੌਮੀ ਚੈਨਲਾਂ ਨੂੰ 105.7 ਕਰੋੜ ਦਿੱਤੇ ਗਏ। ਸਭ ਤੋਂ ਵੱਧ ਨਿਊਜ਼ 18 ਇੰਡੀਆ ਨੂੰ ਮਿਲੇ। ਰਿਲਾਇੰਸ ਦੀ ਮਾਲਕੀ ਵਾਲੇ ਇਸ ਚੈਨਲ ਨੂੰ ਸਿਰਫ 2024-25 ਵਿੱਚ ਹੀ 5.69 ਕਰੋੜ ਮਿਲੇ। ਟਾਈਮਜ਼ ਨਾਓ ਨੂੰ 4.79 ਕਰੋੜ, ਆਜ ਤਕ ਸਣੇ ਟੀ ਵੀ ਟੂਡੇ ਨੈੱਟਵਰਕ ਨੂੰ 4.62 ਕਰੋੜ ਮਿਲੇ। ਐੱਨ ਡੀ ਟੀ ਵੀ ਨੂੰ ਵੀ ਅਡਾਨੀ ਗਰੁੱਪ ਦੀ ਮਾਲਕੀ ਹੇਠ ਆਉਣ ਤੋਂ ਬਾਅਦ 2.88 ਕਰੋੜ ਮਿਲੇ। ਖੇਤਰੀ ਚੈਨਲਾਂ ਨੂੰ 296.8 ਕਰੋੜ ਮਿਲੇ। 2021-22 ਵਿੱਚ ਅਸੈਂਬਲੀ ਚੋਣਾਂ ਵੇਲੇ ਇਨ੍ਹਾਂ ਚੈਨਲਾਂ ਨੂੰ 98.79 ਕਰੋੜ ਦੇ ਇਸ਼ਤਿਹਾਰ ਦਿੱਤੇ ਗਏ।*

*ਇਸ਼ਤਿਹਾਰਬਾਜ਼ੀ 'ਤੇ ਖਰਚੇ ਗਏ ਏਨੇ ਪੈਸਿਆਂ ਨਾਲ ਲੋਕ ਭਲਾਈ ਦੇ ਕਈ ਕੰਮ ਹੋ ਸਕਦੇ ਸਨ, ਪਰ ਸਰਕਾਰ ਨੇ ਆਪਣੀ ਮਸ਼ਹੂਰੀ ਕਰਨ ਨੂੰ ਹੀ ਪਹਿਲ ਦਿੱਤੀ। ਅਫਸੋਸ ਦੀ ਗੱਲ ਹੈ ਕਿ ਟੈਕਸਾਂ ਦੇ ਪੈਸਿਆਂ ਦੀ ਏਨੀ ਬਰਬਾਦੀ ਹੁੰਦੀ ਦੇਖ ਕੇ ਵੀ ਲੋਕ ਫਿਰ ਅਜਿਹੇ ਆਗੂਆਂ ਤੇ ਪਾਰਟੀਆਂ ਨੂੰ ਚੁਣ ਕੇ ਆਪਣੇ ਸਿਰ 'ਤੇ ਬਿਠਾ ਲੈਂਦੇ ਹਨ!*

## ਠਾਣੇਦਾਰ ਵਿਸ਼ਵ ਦਾ?

*ਛੱਡ ਕੇ 'ਦੇਸ' ਪ੍ਰਦੇਸਾਂ ਦੇ ਵੱਲ ਜਾਣਾ,*
*ਆਈ ਮੁੱਢੋਂ ਹੀ ਚੱਲਦੀ 'ਰੀਤ' ਹੈ ਜੀ।*
*ਨਾਲੇ 'ਸੈਰ ਤੇ ਨਾਲੇ ਰੁਜ਼ਗਾਰ' ਵਾਲਾ,*
*ਖੱਟਣ ਅਤੇ ਕਮਾਉਣ ਦਾ ਗੀਤ ਹੈ ਜੀ,*
*ਭੇੜ ਸੱਭਿਆਚਾਰਾਂ ਦਾ ਹੋਣ ਲਗਦਾ।*
*ਡੈਮੋਗ੍ਰਾਫੀ ਜਦ ਹੋਵੇ 'ਵਿਪਰੀਤ' ਹੈ ਜੀ,*
*ਤੜਫਣ ਲੱਗਦੇ ਉਥੋਂ ਦੇ 'ਮੂਲ ਵਾਸੀ'।*
*ਹੁੰਦੀ ਜਿਨ੍ਹਾਂ ਨੂੰ 'ਵਤਨ ਦੀ ਪ੍ਰੀਤ' ਹੈ ਜੀ,*
*ਮੁਖੀ ਦੇਸਾਂ ਦੇ 'ਯੂ ਐਸ ਏ' ਵੱਲ ਦੇਖਣ।*
*ਜਿਵੇਂ ਨ੍ਹੇਰੇ ਵਿੱਚ ਜਗ ਰਿਹਾ 'ਲੈਂਪ' ਹੋਵੇ।*
*ਠਾਣੇਦਾਰ ਹੁਣ ਦੁਨੀਆਂ ਦਾ ਜਾਪਦਾ ਏ,*
*'ਚੌਹਾਂ ਕੂੰਟਾਂ' ਵਿੱਚ 'ਟਰੰਪ-ਟਰੰਪ' ਹੋਵੇ।*

*-ਤਰਲੋਚਨ ਸਿੰਘ ਦੁਪਾਲਪੁਰ, 78146-92724*

# ਮੌਜੂਦਾ ਸਮੇਂ ਦੇ ਰਾਵਣਾਂ ਦਾ ਨਾਸ ਕੌਣ ਕਰੂ?



ਜਗਤਾਰ ਲਾਡੀ

ਦੁਸਹਿਰੇ ਦੇ ਮੌਕੇ 'ਤੇ ਰਾਵਣ ਦੀਆਂ ਬੁੱਤ ਸਾੜੇ ਜਾਂਦੇ ਹਨ। ਇਹ ਰਸਮ ਲੰਮੇ ਸਮੇਂ ਤੋਂ ਚਲੀ ਆ ਰਹੀ ਹੈ।ਇਹ ਰਸਮ ਸਿਰਫ਼ ਧਾਰਮਿਕ ਮੌਕੇ ਤੱਕ ਸੀਮਿਤ ਨਹੀਂ, ਬਲਕਿ ਇਹ ਸਮਾਜਿਕ ਸਚਾਈ ਨੂੰ ਵੀ ਯਾਦ ਦਿਵਾਉਂਦੀ ਹੈ ਕਿ ਸੱਚਾਈ ਹਮੇਸ਼ਾ ਬੁਰਾਈ 'ਤੇ ਜਿੱਤਦੀ ਹੈ। ਦੁਸਹਿਰੇ ਦਾ ਮਕਸਦ ਤੇ ਉਦੇਸ ਵੀ ਇਹੀ ਹੈ। ਸਚਾਈ ਦੀ ਬੁਰਾਈ 'ਤੇ ਜਿੱਤ। ਦੂਜੇ ਪਾਸੇ ਦੇਖਿਆ ਜਾਵੇ ਤਾਂ ਅੱਜ ਵੀ ਭਾਵੇਂ ਅਸੀਂ ਹਰ ਸਾਲ ਇਹ ਰੀਤੀ-ਰਿਵਾਜ ਮੁਤਾਬਕ ਰਾਵਣ ਸਾੜ ਦਿੰਦੇ ਹਾਂ।ਕੀ ਇਹ ਚੀਜ਼ ਆਪਣਾ ਉਦੇਸ਼ ਪੂਰੀ ਕਰ ਦਿੰਦੀ ਹੈ? ਸਾਡੇ ਹਰ ਇੱਕ ਦੇ ਅੰਦਰ ਬੁਰਾਈ ਹੈ। ਇਹ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਹੈ।ਅੱਜ ਰਾਵਣਾਂ ਦੀ ਗਿਣਤੀ ਜ਼ਿਆਦਾ ਵਧ ਗਈ ਹੈ।ਜਿਧਰ ਦੇਖੋ ਰਾਵਣ ਹੀ ਰਾਵਣ ਰਾਜਨੀਤੀ, ਆਰਥਿਕ, ਸਮਾਜਿਕ, ਧਾਰਮਿਕ ਹਰ ਖੇਤਰ ਦੇ ਮਾਹਰ ਰਾਵਣ ਬੈਠੇ ਮਿਲਣਗੇ।ਨੇਤਾ ਲੋਕ ਜਿਹੜੇ ਕਿ ਰਾਵਣ ਨੂੰ ਸਾੜਦੇ ਹਨ, ਉਹਨਾਂ 'ਚੋਂ ਵੀ ਰਾਵਣ ਦੀ ਸ਼ਖ਼ਸੀਅਤ ਹੀ ਝਲਕਦੀ ਹੁੰਦੀ ਹੈ। ਉਥੇ ਮਰਿਆਦਾ ਪੁਰਸ਼ੋਤਮ ਨਹੀਂ ਲੱਭਦੇ।ਰਾਵਣਾਂ ਦੇ ਝੁੰਡ ਅੱਜ ਵੀ ਸਾਡੇ ਆਲੇ-ਦੁਆਲੇ ਘੁੰਮਦੇ ਹਨ।

ਅੱਜ ਦੇ ਸਮਾਜ ਵਿੱਚ ਰਾਵਣ ਸਿਰਫ਼ ਕਹਾਣੀ ਦਾ ਪਾਤਰ ਨਹੀਂ, ਸਗੋਂ ਇਹ ਰਾਜਨੀਤਕ ਭ੍ਰਿਸ਼ਟਾਚਾਰ, ਨਸ਼ਾ, ਅਨਿਆਇ, ਲਿੰਗ ਅਸਮਾਨਤਾ, ਪ੍ਰਦੂਸ਼ਣ ਅਤੇ ਤਕਨਾਲੋਜੀ ਦੀ ਦੁਰਵਰਤੋਂ ਦੇ ਰੂਪ ਵਿੱਚ ਮੌਜੂਦ ਹੈ। ਇਹ ਰਾਵਣ ਸਾਡੇ ਰੋਜ਼ਾਨਾ ਜੀਵਨ ਵਿੱਚ ਛੋਟੇ-ਛੋਟੇ ਫਰਕਾਂ ਨਾਲ ਸਾਨੂੰ ਪ੍ਰਭਾਵਤ ਕਰਦੇ ਹਨ।

ਜੇਕਰ ਰਾਜਨੀਤੀ ਦੀ ਗੱਲ ਕਰੀਏ ਤਾਂ ਦੇਸ਼ ਵਿਚ ਰਾਜਨੀਤੀ, ਅਮੀਰਾਂ, ਪੈਸੇ ਵਾਲੇ, ਅਪਰਾਧੀ ਲੋਕਾਂ ਦਾ ਧੰਦਾ ਬਣ ਚੁੱਕੀ ਹੈ। ਇਹ ਹੁਣ ਸੇਵਾ ਨਹੀਂ ਰਹੀ।ਅਪਰਾਧੀਆਂ ਦੀ ਸਭ ਤੋਂ ਸੇਫ ਜਗ੍ਹਾ ਹੁਣ ਰਾਜਨੀਤੀ ਹੈ। ਵੱਡੇ ਵੱਡੇ ਡਕੈਤ, ਬਲਾਤਕਾਰੀ, ਠੱਗ, ਕਾਤਲ ਅਪਰਾਧ ਕਰਕੇ ਰਾਜਨੀਤੀ ਦੀ ਗੋਦੀ ਵਿੱਚ ਬਹਿ ਜਾਂਦੇ ਹਨ। ਬੜੀ ਹੀ ਚਲਾਕੀ ਨਾਲ ਸਜ਼ਾ ਤੋਂ ਬਚ ਜਾਂਦੇ ਹਨ। ਪਿਛਲੇ ਸਾਲਾਂ ਵਿੱਚ ਦੇਖਿਆ ਗਿਆ ਹੈ ਕਿ ਬਹੁਤ ਅਜਿਹੇ ਲੋਕ ਰਾਜਨੀਤਕ ਸੱਤਾ ਦਾ ਸੁੱਖ ਮਾਣਦੇ ਰਹੇ ਹਨ ਜਾਂ ਮਾਣ ਰਹੇ ਹਨ।

ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਵੀ ਭ੍ਰਿਸ਼ਟਾਚਾਰੀ ਰਾਵਣਾਂ ਕਰਕੇ ਹੈ। ਭਾਰਤ ਵਿੱਚ ਭ੍ਰਿਸ਼ਟਾਚਾਰ ਸਿਰਫ਼ ਇੱਕ ਰਾਜਨੀਤਕ ਸਮੱਸਿਆ ਨਹੀਂ, ਬਲਕਿ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਰਸਤੇ ਵਿੱਚ ਵੀ ਰੋਕ ਹੈ। ਇਹ ਦੇਸ਼ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਦੇ ਅੰਕੜੇ ਵੀ ਹੈਰਾਨ ਕਰਦੇ ਹਨ। ਭਾਰਤ 180 ਦੇਸ਼ਾਂ ਵਿੱਚੋਂ 93ਵੇਂ ਸਥਾਨ 'ਤੇ (Transparency International, 2024) ਹੈ। ਇਥੇ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ।

ਹਰ ਸਾਲ ਭਾਰਤੀ ਆਰਥਿਕਤਾ ਨੂੰ ਭ੍ਰਿਸ਼ਟਾਚਾਰ ਕਾਰਨ 6 ਲੱਖ ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ।ਸਰਕਾਰੀ ਯੋਜਨਾਵਾਂ ਦੇ ਪੈਸੇ 40 ਫੀਸਦੀ ਲੋਕਾਂ ਤੱਕ ਨਹੀਂ ਪਹੁੰਚਦੇ।ਭ੍ਰਿਸ਼ਟਾਚਾਰ ਕਾਰਨ ਲੋਕਤੰਤਰ ਦੀਆਂ ਜੜ੍ਹਾਂ ਕੱਚੀਆਂ ਹੋ ਰਹੀਆਂ ਹਨ ਅਤੇ ਆਮ ਲੋਕਾਂ ਦਾ ਭਰੋਸਾ ਘਟਦਾ ਜਾ ਰਿਹਾ ਹੈ। ਹਰ ਕਦਮ 'ਤੇ ਘੁਟਾਲਾ ਅਤੇ ਦੁਰਵਰਤੋਂ ਦੇ ਕੇਸ ਦਰਜ ਹੋ ਰਹੇ ਹਨ। ਇਹ ਵੀ ਹੈ ਲਗਭਗ ਸੱਠ ਪ੍ਰਤੀਸ਼ਤ ਲੋਕ ਕਿਸੇ ਨਾ ਕਿਸੇ ਰੂਪ ਵਿਚ ਭ੍ਰਿਸ਼ਟਾਚਾਰ ਦੀ ਲਪੇਟ ਵਿਚ ਆਉਂਦੇ ਹਨ। ਉਹਨਾਂ ਦੇ ਕੰਮ ਰਿਸ਼ਵਤ ਦੇ ਕੇ ਹੁੰਦੇ ਹਨ ਜਾਂ ਰਿਸ਼ਵਤ ਉਹਨਾਂ ਤੋਂ ਮੰਗੀ ਜਾਂਦੀ ਹੈ।ਸਰਕਾਰ ਅਤੇ ਅਧਿਕਾਰੀਆਂ ਦੁਆਰਾ ਬਣਾਏ ਗਏ ਨਿਯਮ ਅਕਸਰ ਕਾਗਜ਼ਾਂ ਵਿੱਚ ਹੀ ਰਹਿ ਜਾਂਦੇ ਹਨ। ਇਸ ਕਾਰਨ ਨਾਗਰਿਕਾਂ ਵਿੱਚ ਭਰੋਸੇ ਦੀ ਘਾਟ ਹੋ ਰਹੀ ਹੈ। ਰਿਸ਼ਵਤ ਦਾ ਰਾਵਣ ਦੇਸ਼ ਨੂੰ ਅੰਦਰੋ-ਅੰਦਰ ਖੋਖਲਾ ਕਰ ਰਿਹਾ ਹੈ।

ਨਸ਼ਿਆਂ ਦਾ ਰਾਵਣ ਵੀ ਸਿਰ ਚੁੱਕੀ ਬੈਠਾ ਹੈ।ਦੇਸ਼ ਇਸ ਨਾਲ ਜੂਝ ਰਿਹਾ।ਮਾਪੇ ਇਸ ਤੋਂ ਦੁਖੀ ਹਨ, ਨੌਜਵਾਨ ਪੁੱਤਰ ਮਰ ਰਹੇ ਹਨ। ਉਹਨਾਂ ਦੀ ਕੋਈ ਪੁਕਾਰ ਨਹੀਂ ਸੁਣ ਰਿਹਾ। ਵੱਡੇ-ਵੱਡੇ ਲੋਕਾਂ ਦੇ ਨਾਂਅ ਇਸ ਧੰਦੇ ਵਿਚ ਆ ਰਹੇ ਹਨ, ਪਰ ਕਾਰਵਾਈ ਕੋਈ ਨਹੀਂ ਹੋ ਰਹੀ। ਸਰਹੱਦ ਤੋਂ ਪਾਰੋਂ ਵੱਖ ਵੱਖ ਤਰੀਕਿਆਂ ਨਾਲ ਨਸ਼ਾ ਭੇਜਿਆ ਜਾ ਰਿਹਾ ਹੈ।ਕੋਈ ਕੁਝ ਨਹੀਂ ਕਰ ਰਿਹਾ।ਨਸ਼ਿਆਂ ਨੇ ਨੌਜਵਾਨਾਂ ਨੂੰ ਗੰਭੀਰ ਤੌਰ 'ਤੇ ਲਪੇਟ ਵਿਚ ਲਿਆ ਹੈ।ਭਾਰਤ ਵਿੱਚ 7.5 ਕਰੋੜ ਲੋਕ ਨਸ਼ਿਆਂ ਦੇ ਆਦੀ ਹਨ (AIIMS & NCB 2023) ਰਿਪੋਰਟ ਵਿੱਚ ਕਿਹਾ ਗਿਆ ਹੈ।

ਪੰਜਾਬ ਵਿੱਚ 15-25 ਸਾਲ ਦੇ ਨੌਜਵਾਨ ਵੀ ਵੱਡੀ ਗਿਣਤੀ 'ਚ ਇਸ ਗ੍ਰਿਫ਼ਤ ਵਿਚ ਆ ਚੁੱਕੇ ਹਨ।ਹਰ ਸਾਲ ਲਗਭਗ 30,000 ਮੌਤਾਂ ਨਸ਼ਿਆਂ ਕਾਰਨ ਹੁੰਦੀਆਂ ਹਨ। ਨਸ਼ਾ ਸਿਰਫ਼ ਸਰੀਰ ਨੂੰ ਹੀ ਨਹੀਂ, ਮਨੁੱਖੀ ਭਵਿੱਖ ਅਤੇ ਪਰਿਵਾਰਕ ਸੰਬੰਧਾਂ ਨੂੰ ਵੀ ਖਾ ਰਿਹਾ ਹੈ।ਨਸ਼ਾ, ਖਾਸ ਕਰਕੇ ਅਲਕੋਹਲ ਅਤੇ ਹੋਰ ਖਤਰਨਾਕ ਨਸ਼ਿਆਂ ਦੇ ਗਲਤ ਉਪਯੋਗ ਨਾਲ ਸਮਾਜ ਵਿੱਚ ਹਿੰਸਾ, ਗ਼ਲਤ ਚੋਣਾਂ ਅਤੇ ਅਪਰਾਧ ਨੂੰ ਬੜਾਵਾ ਮਿਲਦਾ ਹੈ। ਨੌਜਵਾਨਾਂ ਵਿੱਚ ਨੈਤਿਕ ਮੁੱਲਾਂ ਦੀ ਘਾਟ ਅਤੇ ਮਜ਼ਬੂਤ ਮਨੋਵਿਗਿਆਨਿਕ ਸਥਿਤੀਆਂ ਵਿੱਚ ਨਿਘਾਰ ਕਾਰਨ ਨਸ਼ਾ ਅਸਲ ਰਾਵਣ ਦਾ ਰੂਪ ਧਾਰ ਰਿਹਾ ਹੈ।

ਔਰਤਾਂ ਨਾਲ ਅੱਤਿਆਚਾਰ ਦਾ ਰਾਵਣ ਵੀ ਬਹੁਤ ਖਤਰਨਾਕ ਹੈ। ਰਾਵਣ ਦੀ ਸਭ ਤੋਂ ਵੱਡੀ ਗਲਤੀ ਸੀ ਸੀਤਾ ਦਾ ਹਰਨ ਕਰਨਾ। ਅੱਜ ਵੀ ਸਮਾਜ ਵਿੱਚ ਔਰਤਾਂ ਨੂੰ ਲਿੰਗ ਅਸਮਾਨਤਾ ਅਤੇ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਵੀ ਔਰਤ ਨਾਲ ਬੇਰਹਿਮੀ ਜਾਰੀ ਹੈ। ਭਾਵੇਂ ਕੁੜੀਆਂ ਲਈ ਨਾਹਰੇ ਲਿਖੇ ਜਾ ਰਹੇ ਹਨ ਕਿ ਬੇਟੀ ਬਚਾਓ ਬੇਟੀ ਪੜ੍ਹਾਓ, ਪਰ ਹਰ ਰੋਜ਼ ਭਾਰਤ ਵਿੱਚ 90 ਤੋਂ ਵੱਧ ਬਲਾਤਕਾਰ ਦੇ ਕੇਸ ਦਰਜ ਹੁੰਦੇ ਹਨ (NCRB, 2023) ਦਹੇਜ ਹੱਤਿਆ ਦੇ ਕੇਸ 6000+ ਸਾਲਾਨਾ ਦੇ ਲਗਭਗ ਹਨ। ਲਿੰਗ ਅਨੁਪਾਤ Sex Ratio: 940 ਔਰਤਾਂ ਪ੍ਰਤੀ 1000 ਮਰਦ ਹਨ, ਜੋ ਕਿ ਕੁੜੀਆਂ ਪ੍ਰਤੀ ਸਮਾਜ ਦੇ ਨਜ਼ਰੀਏ ਨੂੰ ਦਰਸਾਉਂਦਾ ਹੈ।ਇਸ ਲਈ ਜਦੋਂ ਤੱਕ ਔਰਤ ਸੁਰੱਖਿਅਤ ਨਹੀਂ, ਸਮਾਜ ਨੂੰ ਅਸਲ ਵਿੱਚ ਸੁਧਾਰਿਆ ਨਹੀਂ ਜਾ ਸਕਦਾ। ਸਮਾਜ ਵਿੱਚ ਔਰਤਾਂ ਨੂੰ ਸ਼ਕਤੀਸ਼ਾਲੀ ਬਣਾਉਣਾ ਅਤੇ ਉਨ੍ਹਾਂ ਦੇ ਹੱਕਾਂ ਲਈ ਜਾਗਰੂਕਤਾ ਲਿਆਉਣਾ ਅੱਜ ਦੇ ਰਾਵਣ ਨੂੰ ਮਾਰਨ ਲਈ ਸਭ ਤੋਂ ਤਕੜਾ ਹਥਿਆਰ ਹੈ।

ਵਾਤਾਵਰਣ ਵਿਨਾਸ਼ ਦਾ ਰਾਵਣ ਵੀ ਕੁਝ ਸਮਾਂ ਪਹਿਲਾਂ ਪੈਦਾ ਹੋਇਆ ਹੈ, ਜਿਸ ਨੇ ਸਮਾਜ ਨੂੰ ਖਤਰੇ ਵਿਚ ਪਾ ਦਿੱਤਾ ਹੈ। ਪਿਛਲੇ ਦੋ ਦਹਾਕਿਆਂ ਵਿਚ ਪ੍ਰਦੂਸ਼ਣ ਬਹੁਤ ਵਧ ਗਿਆ ਹੈ। ਪ੍ਰਕਿਰਤੀ ਦੇ ਸਾਧਨਾਂ ਦਾ ਗਲਤ ਉਪਯੋਗ ਅਤੇ ਪ੍ਰਦੂਸ਼ਣ ਇੱਕ ਗੰਭੀਰ ਰਾਵਣ ਹੈ।ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਕਾਰਬਨ ਉਤਸਰਜਕ ਹੈ।ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ 14 ਭਾਰਤ ਵਿੱਚ ਹਨ। ਹਰ ਸਾਲ 25 ਲੱਖ ਲੋਕ ਪ੍ਰਦੂਸ਼ਣ ਕਾਰਨ ਮਰਦੇ ਹਨ।ਧਰਤੀ ਅਤੇ ਜੀਵਨ ਦੋਵੇਂ ਇਸ ਰਾਵਣ ਦੀ ਅੱਗ ਵਿੱਚ ਜਲ ਰਹੇ ਹਨ।

ਜੰਗਲਾਂ ਦੀ ਕਟਾਈ, ਨਦੀਆਂ ਅਤੇ ਸਮੁੰਦਰੀ ਤੱਟਾਂ ਦਾ ਪ੍ਰਦੂਸ਼ਣ, ਅਤੇ ਉਦਯੋਗਿਕ ਕਾਰਬਨ ਉਤਸਰਜਨ ਧਰਤੀ ਨੂੰ ਵਿਘਟਿਤ ਕਰ ਰਹੇ ਹਨ। ਬੇਹਿਸਾਬ ਪੋਲੀਥੀਨ ਦੀ ਵਰਤੋਂ ਧਰਤੀ ਨੂੰ ਗੰਧਲਾ ਕਰ ਰਹੀ ਹੈ।ਇਹ ਨਾ ਸਿਰਫ਼ ਪਰਿਆਵਰਣ ਲਈ ਨੁਕਸਾਨਦਾਇਕ ਹੈ, ਬਲਕਿ ਮਨੁੱਖੀ ਜੀਵਨ ਲਈ ਵੀ ਗੰਭੀਰ ਖ਼ਤਰਾ ਹੈ। ਇਸ ਰਾਵਣ ਦਾ ਅੰਤ ਸਾਡੇ ਸਾਰਿਆਂ ਦੇ ਸਹਿਯੋਗ ਨਾਲ ਹੀ ਸੰਭਵ ਹੈ।

ਤਕਨਾਲੋਜੀ ਦਾ ਰਾਵਣ ਵੀ ਨਵਾਂ-ਨਵਾਂ ਪੈਦਾ ਹੋਇਆ ਹੈ।ਇਸ ਨੇ ਦੁਨੀਆ ਦਾ ਸੋਚਣ, ਖਾਣ-ਪੀਣ, ਰਹਿਣ ਦਾ ਤਰੀਕਾ ਬਦਲ ਦਿੱਤਾ ਹੈ। ਆਧੁਨਿਕ ਸਮਾਜ ਵਿੱਚ ਤਕਨਾਲੋਜੀ ਸਾਡੇ ਜੀਵਨ ਦੀ ਜ਼ਰੂਰੀ ਲੋੜ ਬਣ ਗਈ ਹੈ, ਪਰ ਇਸ ਦੀ ਗਲਤ ਵਰਤੋਂ ਨਵੀਆਂ ਸਮੱਸਿਆਵਾਂ ਪੈਦਾ ਕਰ ਰਹੀ ਹੈ।ਭਾਰਤ ਵਿੱਚ 60 ਕਰੋੜ ਤੋਂ ਵੱਧ ਇੰਟਰਨੈਟ ਯੂਜ਼ਰ ਹਨ।

ਇਹ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਅਸਲੀ ਉਦੇਸ਼ ਤੋਂ ਭਟਕਾਅ ਰਿਹਾ ਹੈ।ਇਹ ਸਾਡੇ ਲਈ ਇੱਕ ਰੋਗ ਨਾ ਬਣੇ, ਬਲਕਿ ਤਕਨਾਲੋਜੀ ਸਾਡੇ ਲਈ ਸਹਾਇਕ ਬਣੇ, ਜੇਕਰ ਇਸ ਦਾ ਧਿਆਨ ਨਾ ਰੱਖਿਆ ਤਾਂ ਇਹ ਰਾਵਣ ਦੇ ਹਥਿਆਰ ਵਾਂਗ ਵੀ ਬਦਲ ਸਕਦੀ ਹੈ।ਅਸੀਂ ਕਹਿ ਸਕਦੇ ਹਾਂ ਕਿ ਸੋਸ਼ਲ ਮੀਡੀਆ 'ਤੇ ਨਕਾਰਾਤਮਕ ਜਾਣਕਾਰੀ, ਆਨਲਾਈਨ ਧੋਖਾਧੜੀ ਅਤੇ ਡਿਜੀਟਲ ਅਪਰਾਧ ਤਕਨਾਲੋਜੀ ਦੇ ਰਾਵਣ ਦੇ ਅਸਲ ਰੂਪ ਹਨ। ਜਿਸ ਤਰ੍ਹਾਂ ਰਾਵਣ ਦੇ ਦਸ ਸਿਰ ਉਸ ਦੀ ਬੁਰਾਈ ਨੂੰ ਦਰਸਾਉਂਦੇ ਹਨ, ਇਸ ਤਰਾਂ ਸਾਡੇ ਆਧੁਨਿਕ ਸਮਾਜ ਵਿੱਚ ਵੀ ਕਈ ਰਾਵਣ ਪੈਦਾ ਹੋ ਗਏ ਹਨ।ਹੁਣ ਗੱਲ ਇਹ ਕਿ ਇਹਨਾਂ ਰਾਵਣਾਂ ਦੇ ਨਾਸ ਲਈ ਕੌਣ ਅੱਗੇ ਆਵੇ?

ਰਾਜਨੀਤਕ ਨੇਤਾ ਇਸ ਨੂੰ ਰੋਕ ਸਕਦੇ ਹਨ, ਪਰ ਜੇਕਰ ਸੋਚਾਂ ਵਿਚ ਇਮਾਨਦਾਰੀ ਹੋਵੇ ਤਾਂ ਹੀ ਇਸ ਨੂੰ ਰੋਕਿਆ ਜਾ ਸਕਦਾ ਹੈ।ਚੰਗੇ ਲੋਕਾਂ ਨੂੰ ਰਾਜਨੀਤੀ ਵਿੱਚ ਆਉਣਾ ਪਵੇਗਾ ਤੇ ਸਾਨੂੰ ਵੀ ਲੋਕਤੰਤਰੀ ਪ੍ਰਨਾਲੀ ਵਿਚ ਬਿਨਾਂ ਕਿਸੇ ਲਾਲਚ, ਧਰਮ, ਜਾਤੀ ਦਾ ਧਿਆਨ ਰੱਖੇ ਸੂਝਵਾਨ ਨੇਤਾ ਚੁਣਨੇ ਪੈਣਗੇ।

ਜੇਕਰ ਨਸ਼ਿਆਂ ਦੀ ਗੱਲ ਕਰੀਏ ਤਾਂ ਅਧਿਆਪਕ ਤੇ ਸਿੱਖਿਆ ਪ੍ਰਣਾਲੀ ਨੂੰ ਨੈਤਿਕ ਮੁੱਲਾਂ ਵਾਲੀ ਕਰਨਾ ਪਵੇਗਾ। ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਪਵੇਗਾ। ਇੱਕ ਲਹਿਰ ਖੜ੍ਹੀ ਕਰਨੀ ਪਵੇਗੀ। ਨੌਜਵਾਨ ਪੀੜ੍ਹੀ ਲਈ ਰੁਜ਼ਗਾਰ ਬਹੁਤ ਵੱਡੀ ਗੱਲ ਹੈ। ਸਰਕਾਰ ਨੂੰ ਤੇ ਸਮਾਜ ਨੂੰ ਇਸ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ।


ਔਰਤਾਂ ਦਾ ਸਸ਼ਕਤੀਕਰਨ ਬਹੁਤ ਜ਼ਰੂਰੀ ਹੈ।ਸਮਾਜ ਵਿੱਚ ਸੰਤੁਲਨ ਲਿਆਉਣ ਲਈ ਇਸ 'ਤੇ ਕਾਰਜ ਕੀਤਾ ਜਾਵੇ। ਔਰਤਾਂ ਲਈ ਬਰਾਬਰ ਦੇ ਹੱਕ ਲਾਜ਼ਮੀ ਹਨ। ਔਰਤਾਂ ਵਿਰੁੱਧ ਅੱਤਿਆਚਾਰ ਰੋਕੇ ਜਾਣ ਤੇ ਜਾਗਰੂਕਤਾ ਫੈਲਾਈ ਜਾਵੇ।

ਗੱਲ ਇਥੇ ਆ ਕੇ ਮੁਕਦੀ ਹੈ ਕਿ ਹਰ ਮਨੁੱਖ ਨੂੰ ਆਪਣੇ ਅੰਦਰਲੇ ਰਾਵਣ ਨੂੰ ਮਾਰ ਕੇ ਸਮਾਜ ਸੁਧਾਰਨ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ, ਨਹੀਂ ਤਾਂ ਉਹ ਦਿਨ ਦੂਰ ਨਹੀਂ, ਜਦ ਸਾਡਾ ਸਮਾਜ ਰਾਵਣਾਂ ਨਾਲ ਭਰਿਆ ਹੋਵੇਗਾ। ਇਸ ਦੀ ਤਬਾਹੀ ਪੱਕੀ ਹੈ।ਸੱਚਾਈ ਅਤੇ ਨੈਤਿਕਤਾ ਦੇ ਕਦਮ ਹੀ ਅੱਜ ਦੇ ਰਾਵਣ ਨੂੰ ਮਾਰਨ ਲਈ ਸਭ ਤੋਂ ਵੱਡਾ ਹਥਿਆਰ ਹਨ।

ਅੰਤ 'ਚ ਅਸੀਂ ਕਹਿ ਸਕਦੇ ਹਾਂ ਕਿ ਅੱਜ ਦੇ ਰਾਵਣ ਮੂਰਤੀਆਂ ਵਿੱਚ ਨਹੀਂ, ਸਗੋਂ ਸਾਡੇ ਰਵੱਈਏ, ਕਮਜ਼ੋਰੀਆਂ ਅਤੇ ਆਦਤਾਂ ਵਿੱਚ ਵਸਦੇ ਹਨ। ਇਹ ਰਾਵਣ ਮੂਰਤੀਆਂ ਸਾੜਨ ਨਾਲ ਨਹੀਂ ਮਰਦੇ।ਹਰ ਇਮਾਨਦਾਰ ਨਾਗਰਿਕ, ਜਾਗਰੂਕ ਨੌਜਵਾਨ ਅਤੇ ਸਸ਼ਕਤ ਔਰਤ ਹੀ ਅੱਜ ਦੇ ਰਾਵਣਾਂ ਦਾ ਨਾਸ ਕਰ ਸਕਦੀ ਹੈ।ਸੱਚਾਈ, ਨਿਆਂ, ਸਿੱਖਿਆ ਅਤੇ ਜਾਗਰੂਕਤਾ ਹੀ ਅਸਲ ਹਥਿਆਰ ਹਨ।ਇਹ ਹਥਿਆਰ ਪਹਿਲਾਂ ਸਾਨੂੰ ਆਪਣੇ ਆਪ ਵਿਰੁੱਧ ਤੇ ਫਿਰ ਰਹਿ ਗਏ ਰਾਵਣਾਂ ਵਿਰੁੱਧ ਉਠਾਉਣੇ ਹੀ ਪੈਣਗੇ, ਫਿਰ ਹੀ ਇਹਨਾਂ ਰਾਵਣਾਂ ਦਾ ਨਾਸ ਹੋਵੇਗਾ।

**# ਸੰਪਰਕ : 94636-03091**

# ਕਦੇ-ਕਦੇ ਇੰਜ ਵੀ ਹੁੰਦਾ ਹੈ



ਜਗਦੇਵ ਸ਼ਰਮਾ ਬੁਗਰਾ

ਜਿੰਨੇ ਵੀ ਮੁਹਾਵਰੇ ਅਤੇ ਕਹਾਵਤਾਂ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸੁਣਦੇ, ਬੋਲਦੇ ਜਾਂ ਵਰਤਦੇ ਆਏ ਹਾਂ, ਇਹਨਾ ਸਾਰਿਆਂ ਦੇ ਪਿੱਛੇ ਕੋਈ ਨਾ ਕੋਈ ਕਹਾਣੀ ਜਾਂ ਘਟਨਾ ਹੁੰਦੀ ਹੈ। ਮੁਹਾਵਰੇ ਅਤੇ ਕਹਾਵਤਾਂ ਜ਼ਿੰਦਗੀ ਦਾ ਤੱਤ ਸਾਰ ਹੁੰਦੇ ਹਨ ਅਤੇ ਇਹ ਸੱਚਾਈ ਅਧਾਰਤ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਆਹ ਅਖਾਉਤ, 'ਰੱਬ ਘਰ ਦੇਰ ਹੈ, ਅੰਧੇਰ ਨਹੀਂ' ਵੀ ਪੂਰੀ ਤਰ੍ਹਾਂ ਸੱਚਾਈ ਅਧਾਰਤ ਹੈ। ਸਾਡੇ ਪਰਵਾਰ ਵਿੱਚ ਵਾਪਰੀ ਇੱਕ ਸੁਖਦ ਘਟਨਾ ਇਸ ਦੀ ਸੱਚਾਈ ਨੂੰ ਪ੍ਰਮਾਣਿਤ ਕਰ ਦੇਵੇਗੀ।

ਗੱਲ ਕੋਈ 60 ਕੁ ਸਾਲ ਤੋਂ ਵੀ ਵੱਧ ਪੁਰਾਣੀ ਹੈ। ਮੈਂ ਹਲਾਂ ਸਕੂਲ ਜਾਣਾ ਸ਼ੁਰੂ ਨਹੀਂ ਕੀਤਾ ਸੀ। ਸਾਡੇ ਮਾਮਾ ਜੀ ਪੜ੍ਹ-ਲਿਖ ਕੇ ਵਿੱਦਿਆ ਮਹਿਕਮੇ ਵਿੱਚ ਸਰਕਾਰੀ ਮੁਲਾਜ਼ਮ ਲੱਗ ਗਏ ਸਨ। ਵਿਆਹੁਣ ਦੀ ਉਮਰੇ ਸੁਭਾਵਿਕ ਹੀ ਹੈ ਕਿ ਸਰਕਾਰੀ ਨੌਕਰੀ ਲੱਗੇ ਲੜਕੇ ਨੂੰ ਵਿਆਹ ਵਾਸਤੇ ਰਿਸ਼ਤੇ ਆਉਣੇ ਸ਼ੁਰੂ ਹੋ ਜਾਂਦੇ ਹਨ। ਮੇਰੇ ਮਾਮੇ ਨੂੰ ਵੀ ਹਰ ਰੋਜ਼ ਹੀ ਦੂਰ ਨੇੜਿਓਂ ਦੇਖਣ ਵਾਲੇ ਆਉਣ ਲੱਗੇ। ਆਖਿਰ ਇੱਕ ਰਿਸ਼ਤਾ ਪੱਕਾ ਕਰ ਦਿੱਤਾ ਗਿਆ। ਵਿਆਹ ਦਾ ਦਿਨ ਵੀ ਫ਼ਿਕਸ ਕਰ ਦਿੱਤਾ ਗਿਆ। ਘਰ ਦੇ ਸਾਰੇ ਮੈਂਬਰਾਂ ਲਈ ਨਵੇਂ ਕੱਪੜੇ ਸਿਲਾਏ ਗਏ। ਨਵੇਂ ਚਾਦਰੇ, ਨਵੀਆਂ ਪੱਗਾਂ, ਨਵੀਆਂ ਜੁੱਤੀਆਂ ਜੋੜੇ ਘਰ ਵਿਚ ਆਉਣ ਲੱਗੇ। ਮਾਮਾ ਜੀ ਲਈ ਪੈਂਟ-ਸ਼ਰਟ ਅਤੇ ਜੁਰਾਬਾਂ ਸਮੇਤ ਨਵੇਂ ਬੂਟ। ਵਿਆਹ ਤੋਂ ਚਾਰ ਕੁ ਦਿਨ ਪਹਿਲਾਂ ਹਲਵਾਈ ਬਿਠਾ ਲਿਆ ਗਿਆ। ਬੜਾ ਚਾਅ ਸੀ, ਮਾਮੇ ਦੇ ਵਿਆਹ ਦਾ। ਅਸੀਂ ਵੀ ਮੇਰੇ ਮਾਤਾ ਜੀ ਨਾਲ ਵਿਆਹ ਤੋਂ ਦਸ ਦਿਨ ਪਹਿਲਾਂ ਹੀ ਨਾਨਕੇ ਘਰ ਜਾ ਡੇਰੇ ਲਾਏ ਸਨ। ਗੀਤ ਗਾਏ ਜਾਂਦੇ, ਗੁੜ, ਪਤਾਸੇ ਵੰਡੇ ਜਾਂਦੇ। ਭਾਂਤ-ਭਾਂਤ ਦੀਆਂ ਰਸਮਾਂ ਨਿਭਾਈਆਂ ਗਈਆਂ। ਵਿਆਹ ਵਾਲਾ ਦਿਨ ਵੀ ਆ ਗਿਆ। ਸਵੇਰੇ ਹੀ ਨਹਾ-ਧੋ ਕੇ ਬਰਾਤੀ ਸਜਣ-ਫ਼ਬਣ ਲੱਗੇ। ਬਰਾਤ ਵਾਸਤੇ ਮੇਰੇ ਨਾਨਾ ਜੀ ਨੇ ਬੱਸ ਬੁੱਕ ਕਰਵਾ ਰੱਖੀ ਸੀ। ਮੇਰੇ ਯਾਦ ਹੈ ਕਿ ਅਸੀਂ ਲਾੜੇ, ਸਰਵਾਲ੍ਹੇ ਸਮੇਤ ਬੱਚੇ, ਬੁੱਢੇ ਸਭ ਇੱਕੋ ਹੀ ਬੱਸ ਵਿੱਚ ਘੁਸੜ ਗਏ ਸਾਂ। ਉਦੋਂ ਔਰਤਾਂ ਦਾ ਬਰਾਤੇ ਜਾਣ ਦਾ ਰਿਵਾਜ ਨਹੀਂ ਸੀ। ਡਰਾਈਵਰ ਦੀ ਪਿਛਲੀ ਸੀਟ ਉੱਤੇ ਇੱਕ ਕੱਪੜੇ ਜਿਹਾ ਤਾਣ ਕੇ ਲਾੜੇ ਅਤੇ ਲਾੜੀ ਲਈ ਬਾਕੀ ਬੱਸ ਤੋਂ ਪਾਰਟੀਸ਼ਨ ਕਰਕੇ ਇੱਕ ਕੈਬਿਨ ਜਿਹਾ ਬਣਾ ਦਿੱਤਾ ਗਿਆ ਸੀ। ਨੌਂ ਕੁ ਵਜੇ ਬਰਾਤ ਨਿਸ਼ਚਿਤ ਠਿਕਾਣੇ 'ਤੇ ਪਹੁੰਚ ਗਈ। ਮਿਲਣੀਆਂ ਹੋਣ ਲੱਗੀਆਂ। ਸਭ ਤੋਂ ਪਹਿਲਾਂ ਮਿਲਣੀ ਕੁੜਮਾਂ ਦੀ ਹੋਣੀ ਸੀ, ਯਾਨੀਕਿ ਮੇਰੇ ਨਾਨਾ ਜੀ ਦੀ ਮਿਲਣੀ ਮੇਰੀ ਮਾਮੀ ਜੀ ਦੇ ਵੱਡਿਆਂ ਨਾਲ। ਜਦੋਂ ਜੱਫੀ ਵਿੱਚ ਲੈ ਕੇ ਸਾਡੇ ਨਾਨੇ ਨੂੰ ਉੱਪਰ ਉਠਾਉਣ ਦੀ ਕੋਸ਼ਿਸ਼ ਕੀਤੀ ਗਈ, ਅਚਾਨਕ ਹੀ ਸਿਆਣੇ ਬਰਾਤੀਆਂ ਦੀ ਨਿਗ੍ਹਾ ਸਾਡੇ ਨਾਨੇ ਦੇ ਪੈਰਾਂ ਉੱਪਰ ਪਈ। ਮੇਰਾ ਨਾਨਾ ਜੀ ਆਪਣੀ ਨਵੀਂ-ਨਕੋਰ ਜੁੱਤੀ ਘਰ ਭੁੱਲ ਕੇ ਪੈਰੀਂ ਟੁੱਟੇ ਪੁਰਾਣੇ ਫਿੱਡੇ ਛਿੱਤਰ ਪਾ ਕੇ ਹੀ ਪੁੱਤ ਨੂੰ ਵਿਆਹੁਣ ਪਹੁੰਚ ਗਏ ਸੀ।ਐਨ ਮੌਕੇ 'ਤੇ ਬਜ਼ਾਰੋਂ ਨਵੀਂ ਜੁੱਤੀ ਲਿਆਂਦੀ ਗਈ। ਮੇਰੇ ਨਾਨਾ ਜੀ ਦੇ ਤਾਂ ਮੇਚਾ ਦੇ ਕੇ ਹੀ ਜੁੱਤੀ ਫਿੱਟ ਮਸਾਂ ਆਉਂਦੀ ਸੀ, ਉਸ ਦੇ ਪੈਰਾਂ ਦੇ ਮੇਚ ਦੀ ਜੁੱਤੀ ਤਾਂ ਭਾਵੇਂ ਨਾ ਮਿਲੀ, ਪ੍ਰੰਤੂ ਡੰਗ ਸਾਰੂ ਜਿਹੀ ਲੈ ਕੇ ਕੰਮ ਚਲਾ ਲਿਆ ਗਿਆ। ਇਹ ਜੁੱਤੀ ਚੀਕੂੰ ਚੀਕੂੰ ਘੱਟ ਕਰਦੀ ਸੀ, ਸਗੋਂ ਸਾਡੇ ਨਾਨੇ ਦੀਆਂ ਚੀਕਾਂ ਜ਼ਿਆਦਾ ਕਢਵਾਉਂਦੀ ਸੀ। ਖ਼ੈਰ! ਜੁੱਤੀ, ਕੀ ਨਵੀਂ ਕੀ ਪੁਰਾਣੀ, ਮੇਰੇ ਮਾਮਾ ਜੀ ਵਿਆਹ ਲਿਆਂਦੇ ਗਏ।

ਇਸ ਸਾਰੇ ਘਟਨਾਕ੍ਰਮ ਨੇ ਮੇਰੇ ਪਿਤਾ ਜੀ ਨੂੰ ਇੱਕ ਮਿਹਣੇ ਦਾ ਅਜਿਹਾ ਸਬੱਬ ਬਣਾਇਆ ਕਿ ਜਦੋਂ ਕਦੇ ਵੀ ਉਹਨਾ ਨੇ ਮੇਰੇ ਮਾਤਾ ਜੀ ਨਾਲ ਲੜਨਾ, ਉਹਨਾ ਆਹ ਮਿਹਣਾ ਜ਼ਰੂਰ ਮਾਰਨਾ...

ਤੇਰਾ ਬਾਪੂ ਪੁਰਾਣੀ ਟੁੱਟੀ ਜੁੱਤੀ ਪਾ ਕੇ ਹੀ ਪੁੱਤ ਵਿਆਹੁਣ ਚਲਿਆ ਗਿਆ, ਭਲਾ ਫਿੱਡੇ ਛਿੱਤਰਾਂ ਨਾਲ ਵੀ ਕਦੇ ਨੂੰਹਾਂ ਆਈਆਂ ਨੇ? ਵਗੈਰਾ-ਵਗੈਰਾ। ਅੱਗਿਓਂ ਮੇਰੀ ਭੋਲੀ-ਭਾਲੀ ਮਾਂ ਨੇ ਕਹਿਣਾ, 'ਲੈ ਭੁੱਲ ਗਿਆ ਬੱਸ ਭੁੱਲ ਗਿਆ, ਤੈਂ ਤਾਂ ਕੁੱਜੇ 'ਚ ਕਾਨਾ ਈ ਪਾ ਲਿਆ, ਖਹਿੜਾ ਈ ਨਹੀਂ ਛੱਡਦਾ।' ਸਾਡੇ ਮਾਤਾ ਜੀ ਹੋਰ ਕਹਿੰਦੇ ਵੀ ਕੀ ਭਲਾ?

ਸਮਾਂ ਲੰਘਦਾ ਗਿਆ। ਦਿਨ, ਮਹੀਨੇ ਸਾਲ ਬੀਤੇ। ਜਗਦੇਵ ਸ਼ਰਮਾ ਪੱਚੀਆਂ ਦਾ ਹੋ ਗਿਆ। ਮਾਪਿਆਂ ਦਾ ਸੋਹਣਾ ਸੁਨੱਖਾ-ਪੁੱਤ ਸਰਕਾਰੀ ਨੌਕਰ ਵੀ ਲੱਗ ਗਿਆ। ਵਿਆਹ ਲਈ ਪਹਿਲਾਂ ਹੀ ਰਿਸ਼ਤਾ ਆਇਆ, ਪੱਕਾ ਹੋ ਗਿਆ। ਵਿਆਹ ਦਾ ਦਿਨ ਧਰ ਦਿੱਤਾ ਗਿਆ। ਘਰ ਵਿਚ ਰੌਣਕਾਂ ਰਹਿਣ ਲੱਗੀਆਂ।ਜ਼ਮਾਨੇ ਦੇ ਬਦਲਾਅ ਮੁਤਾਬਿਕ ਪਰਵਾਰਕ ਮੈਂਬਰਾਂ ਲਈ ਪੈਂਟਾਂ, ਕਮੀਜ਼ਾਂ, ਪੱਗਾਂ, ਬੈਲਟਾਂ, ਟਾਈਆਂ, ਬੂਟ ਗੁਰਗਾਬੀਆਂ ਅਤੇ ਜੁਰਾਬਾਂ ਆਦਿ ਆਉਣ ਲੱਗੀਆਂ। ਵਿਆਹ ਵਾਲੇ ਦਿਨ ਸਜ-ਧਜ ਕੇ, ਪੈਂਟਾਂ ਵਿੱਚ ਕੁੜਤੇ ਦੇ ਕੇ, ਟਾਈਆਂ-ਸਾਈਆਂ ਲਾ ਕੇ ਬਰਾਤੀ ਬਰਾਤ ਚੜ੍ਹ ਗਏ। ਸਵੇਰੇ ਕੋਈ ਛੇ ਕੁ ਵਜੇ ਬਰਾਤ ਚਲੀ ਗਈ ਸੀ।ਬਰਾਤ ਤੁਰੀ ਤੋਂ ਪਿੱਛੋਂ ਕੁੜੀਆਂ-ਬੁੜ੍ਹੀਆਂ ਨੇ ਖ਼ੂਬ ਗਿੱਧਾ ਪਾਇਆ।ਖਾਸਾ ਦਿਨ ਚੜ੍ਹੇ ਤੋਂ ਵਿਹਲੇ ਹੋ ਕੇ ਮੇਰੇ ਮਾਤਾ ਜੀ ਨੇ ਕਿਸੇ ਕੰਮ ਲਈ ਅਲਮਾਰੀ ਨੂੰ ਪੌੜੀ ਲਾਈ। ਅਲਮਾਰੀ ਉਪਰ ਇੱਕ ਡੱਬਾ ਦੇਖ ਕੇ ਮਾਤਾ ਜੀ ਦੇ ਖਾਨਿਓਂ ਗਈ। ਡੱਬਾ ਖੋਲ੍ਹ ਕੇ ਦੇਖਿਆ ਮੇਰੇ ਪਿਤਾ ਜੀ ਦੀ ਨਵੀਂ-ਨਕੋਰ ਕੱਢਵੀਂ ਜੁੱਤੀ ਡੱਬੇ ਦੀ ਸ਼ੋਭਾ ਵਧਾ ਰਹੀ ਸੀ। ਪਿਤਾ ਜੀ ਖੱਲ ਦੀ ਨਵੀਂ ਜੁੱਤੀ ਘਰ ਭੁੱਲ ਕੇ ਟੁੱਟੇ-ਪੁਰਾਣੇ ਫਿੱਡੇ ਛਿੱਤਰਾਂ ਨਾਲ ਹੀ ਜਗਦੇਵ ਦੀ ਯਾਨੀ ਕਿ ਮੇਰੀ ਬਰਾਤੇ ਚੜ੍ਹ ਗਏ ਸਨ। ਮੇਰੇ ਮਾਤਾ ਜੀ ਤੋਂ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਉਹ ਢਿੱਡ ਫੜ ਕੇ ਉੱਚੀ-ਉੱਚੀ ਹੱਸ ਰਹੇ ਸਨ ਅਤੇ ਸਾਰੀਆਂ ਮੇਲਣਾਂ ਨੂੰ ਦੱਸ ਰਹੇ ਸਨ।ਮੇਰੇ ਨਾਨਾ ਜੀ ਵਾਲਾ ਕਾਰਾ ਦੁਹਰਾਅ ਕੇ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ' ਨੂੰ ਮੇਰੇ ਪਿਤਾ ਜੀ ਨੇ ਸਿੱਧ ਕਰ ਵਿਖਾਇਆ ਸੀ।

ਖ਼ੈਰ! ਨਵੀਂ-ਪੁਰਾਣੀ ਜੁੱਤੀ ਨਾਲ ਪੁੱਤ ਤਾਂ ਵਿਆਹ ਲਿਆਂਦਾ ਗਿਆ। ਉਹ ਦਿਨ ਤੇ ਆਹ ਦਿਨ, ਮੇਰੇ ਪਿਤਾ ਜੀ ਮੇਰੇ ਮਾਤਾ ਜੀ ਨਾਲ ਘੱਟ ਹੀ ਲੜਦੇ ਸਨ ਅਤੇ ਜੇਕਰ ਕਦੇ ਲੜਨਾ ਪੈ ਵੀ ਜਾਂਦਾ, ਉਹ ਕਦੇ ਵੀ ਫਿੱਡੇ ਛਿੱਤਰਾਂ ਦਾ ਜ਼ਿਕਰ ਭੁੱਲ ਕੇ ਵੀ ਨਾ ਕਰਦੇ। ਨਾਲ ਹੀ ਸਿੱਧ ਹੋ ਗਈ ਸੀ ਉਪਰੋਕਤ ਮਸ਼ਹੂਰ ਕਹਾਵਤ ਕਿ 'ਰੱਬ ਘਰ ਦੇਰ ਹੈ, ਅੰਧੇਰ ਨਹੀਂ'।

**# ਸੰਪਰਕ : 98727-87243**

# ਹੜ੍ਹਾਂ ਦੇ ਕਹਿਰ ਦਾ ਮੁਕਾਬਲਾ ਕਰ ਰਿਹਾ ਪੰਜਾਬ

**ਹਰਭਜਨ ਸਿੰਘ**

ਪੰਜਾਬ ਇਸ ਵੇਲੇ ਹੜ੍ਹਾਂ ਦੀ ਮਾਰ ਹੇਠ ਹੈ। 1988 ਦੇ ਹੜ੍ਹਾਂ ਤੋਂ ਬਾਅਦ ਪੰਜਾਬ ਇਸ ਵੇਲੇ ਵੱਡੇ ਕਹਿਰ ਦਾ ਮੁਕਾਬਲਾ ਕਰ ਰਿਹਾ ਹੈ। ਇਸ ਹੜ੍ਹ ਨਾਲ ਪੰਜਾਬ ਦੀ ਬਹੁਤ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ। ਪੰਜਾਬ ਦੇ ਲੱਗਪੱਗ 2300 ਪਿੰਡ ਪੂਰੇ ਦੇ ਪੂਰੇ ਪਾਣੀ ਵਿੱਚ ਡੁੱਬ ਗਏ ਹਨ। ਡੁੱਬੇ ਪਿੰਡਾਂ ਦੇ ਆਲੇ-ਦੁਆਲੇ ਪਾਣੀ ਦਰਿਆਵਾਂ ਵਾਂਗ ਵਹਿ ਰਿਹਾ ਸੀ। ਪੰਜ ਲੱਖ ਏਕੜ ਤੋਂ ਵੱਧ ਝੋਨੇ ਦੀ ਫਸਲ ਬਰਬਾਦ ਹੋ ਗਈ ਹੈ। ਕਣਕ ਅਤੇ ਹੋਰ ਹਾੜੀ ਦੀਆਂ ਫਸਲਾਂ ਬੀਜਣੀਆਂ ਮੁਸ਼ਕਲ ਹੋਣਗੀਆਂ, ਕਿਉਂਕਿ ਖੇਤਾਂ ਵਿੱਚ ਪਾਣੀ ਦੇ ਵਹਾਅ ਨਾਲ ਰੇਤ, ਗਾਰ ਆ ਗਈ ਹੈ ਉਸ ਨੂੰ ਉਠਾਉਣ, ਲਾਂਭੇ ਕਰਨ ਦਾ ਕੰਮ ਬਹੁਤ ਭਾਰੀ ਅਤੇ ਖਰਚੇ ਵਾਲਾ ਹੈ। ਸਮੁੱਚੇ ਪੰਜਾਬ ਅੰਦਰ ਘਰਾਂ ਦੇ ਢਹਿ ਜਾਣ ਕਾਰਨ 7 ਲੱਖ ਲੋਕ ਬੇਘਰ ਹੋ ਗਏ ਹਨ। ਹੁਣ ਤੱਕ 56 ਕੀਮਤੀ ਜਾਨਾਂ ਜਾ ਚੁੱਕੀਆਂ ਹਨ। 10 ਲੱਖ ਤੋਂ ਵੱਧ ਪਸ਼ੂਆਂ ਦਾ ਨੁਕਸਾਨ ਹੋਇਆ ਹੈ। ਹੜ੍ਹਾਂ ਕਾਰਨ 8500 ਕਿਲੋਮੀਟਰ ਸੜਕਾਂ ਪੂਰੀ ਤਰ੍ਹਾਂ ਟੁੱਟ ਗਈਆਂ ਹਨ ਅਤੇ 2500 ਪੁਲ ਟੁੱਟ ਗਏ ਹਨ। ਪਿੰਡਾਂ ਦੇ ਪਿੰਡ ਇੱਕ-ਦੂਜੇ ਤੋਂ ਕੱਟੇ ਜਾ ਚੁੱਕੇ ਹਨ। ਕਈ ਮਹੀਨਿਆਂ ਤੋਂ ਪੰਜਾਬ ਦੇ ਜ਼ਿਆਦਾ ਹੜ੍ਹ ਪ੍ਰਭਾਵਤ 13 ਜ਼ਿਲ੍ਹਿਆਂ ਦੇ ਬੱਚੇ ਸਕੂਲ, ਕਾਲਜ ਨਹੀਂ ਜਾ ਸਕੇ ਅਤੇ ਹੁਣ ਵੀ ਇਨ੍ਹਾਂ ਹੜ੍ਹਾਂ ਕਾਰਨ ਸੂਬੇ ਦੇ 3200 ਸਕੂਲ ਅਤੇ 19 ਕਾਲਜ ਜੋ ਪੂਰੀ ਤਰ੍ਹਾਂ ਨੁਕਸਾਨੇ ਗਏ ਹਨ, ਉਨ੍ਹਾਂ 'ਚ ਪੜ੍ਹ ਰਹੇ ਬੱਚਿਆਂ ਦੀ ਪੜ੍ਹਾਈ ਪ੍ਰਭਾਵਤ ਹੋ ਰਹੀ ਹੈ। ਹਜ਼ਾਰਾਂ ਦੀ ਗਿਣਤੀ 'ਚ ਹਸਪਤਾਲਾਂ ਤੋਂ ਲੈ ਕੇ ਸਰਕਾਰੀ ਸੇਵਾਵਾਂ ਦੇਣ ਵਾਲੀਆਂ ਇਮਾਰਤਾਂ ਦੇ ਨੁਕਸਾਨ ਕਾਰਣ ਲੋਕ ਸਿਹਤ ਸੇਵਾਵਾਂ ਅਤੇ ਹੋਰ ਜ਼ਰੂਰੀ ਸੇਵਾਵਾਂ ਲੈਣ ਤੋਂ ਵਾਂਝੇ ਹਨ। ਸਰਕਾਰ ਨੇ ਹੜ੍ਹਾਂ ਨਾਲ ਹੋਏ ਨੁਕਸਾਨ ਬਾਰੇ ਇੱਕ ਫੌਰੀ ਅਨੁਮਾਨ ਲਾ ਕੇ ਦੱਸਿਆ ਹੈ ਕਿ ਹੜ੍ਹਾਂ ਕਾਰਨ 13,800 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਪਰ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਸਰਕਾਰੀ ਮੁੱਢਲਾ ਅਨੁਮਾਨ ਅਸਲ ਹੋਏ ਨੁਕਸਾਨ ਤੋਂ ਕਾਫੀ ਘੱਟ ਜਾਪਦਾ ਹੈ, ਪਰ ਜ਼ਮੀਨ ਨਾਲ ਜੁੜੇ ਮਾਹਰ ਦੱਸ ਰਹੇ ਹਨ ਕਿ ਨੁਕਸਾਨ ਦੀ ਰਕਮ 25,000 ਕਰੋੜ ਰੁਪਏ ਦੇ ਆਸ-ਪਾਸ ਰਹੇਗੀ। ਇਸ ਅਵਸਥਾ 'ਚ ਹੜ੍ਹਾਂ ਦੀ ਤਬਾਹੀ ਬਹੁਤ ਭਾਰੀ ਹੈ।

ਹੜ੍ਹਾਂ ਦੀ ਇਸ ਭਾਰੀ ਤਬਾਹੀ ਸਾਹਮਣੇ ਫੌਰੀ ਕੰਮ ਹੜ੍ਹਾਂ 'ਚ ਘਿਰੇ ਲੋਕਾਂ ਨੂੰ ਪਾਣੀ ਵਿੱਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਅਤੇ ਰਹਿਣ ਦਾ ਪ੍ਰਬੰਧ ਕਰਨ ਦਾ ਸੀ। ਮਾਲ-ਡੰਗਰ ਨੂੰ ਪਾਣੀ ਵਿੱਚੋਂ ਰੁੜ੍ਹਨ ਤੋਂ ਬਚਾਉਣ ਦਾ ਸੀ। ਖਾਣ-ਪੀਣ ਲਈ ਰਾਹਤ ਸਮੱਗਰੀ ਦਾ ਪ੍ਰਬੰਧ ਕਰਕੇ ਲੰਗਰ ਚਲਾਉਣ ਦਾ ਸੀ। ਬਿਮਾਰ ਲੋਕਾਂ ਲਈ ਦਵਾਈਆਂ ਅਤੇ ਡਾਕਟਰਾਂ ਦੇ ਪ੍ਰਬੰਧ ਦਾ ਸੀ। ਇਹ ਸਾਰੇ ਪ੍ਰਬੰਧ, ਸਾਰੇ ਕੰਮ, ਪੰਜਾਬ ਦੇ ਲੋਕਾਂ ਨੇ ਫੌਰੀ 'ਤੇ ਆਪਣੀਆਂ ਜਾਨਾਂ ਨੂੰ ਜੋਖਮ ਵਿੱਚ ਪਾ ਕੇ ਕਰ ਵਿਖਾਏ ਹਨ। ਪੰਜਾਬ ਦੇ ਉਹ ਇਲਾਕੇ, ਜੋ ਹੜ੍ਹਾਂ ਤੋਂ ਜ਼ਿਆਦਾ ਪ੍ਰਭਾਵਤ ਨਹੀਂ ਸਨ, ਉਥੋਂ ਦੇ ਲੋਕ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਮਦਦ ਲਈ ਫੌਰੀ ਤੌਰ 'ਤੇ ਜੁਟ ਗਏ ਹਨ। ਨੌਜਵਾਨਾਂ ਦੀ ਭੂਮਿਕਾ ਅਤੀ ਸਲਾਹੁਣਯੋਗ ਰਹੀ ਹੈ। ਉਨ੍ਹਾ ਨੇ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਉਡੀਕ ਨਹੀਂ ਕੀਤੀ। ਧਾਰਮਿਕ ਸੰਸਥਾਵਾਂ ਤੋਂ ਲੈ ਕੇ ਕਲਾਕਾਰ, ਗਾਇਕ, ਸੱਭਿਆਚਾਰਕ ਵਰਕਰ, ਸਮਾਜਿਕ ਸੇਵਾ ਨਾਲ ਜੁੜੀਆਂ ਸੰਸਥਾਵਾਂ, ਜਨਤਕ ਜਥੇਬੰਦੀਆਂ, ਰਾਜਨੀਤਕ ਪਾਰਟੀਆਂ, ਪੰਜਾਬ ਨੂੰ ਖੁਸ਼ਹਾਲ ਅਤੇ ਹੱਸਦਾ-ਵੱਸਦਾ ਵੇਖਣ ਵਾਲੇ ਵਿਦੇਸ਼ਾਂ 'ਚ ਰਹਿੰਦੇ ਪੰਜਾਬੀਆਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਜੋ ਯੋਗਦਾਨ ਪਾਇਆ ਹੈ ਅਤੇ ਪਾ ਰਹੇ ਹਨ ਅਤੇ ਜੋ ਕਰ ਵਿਖਾਇਆ ਹੈ ਅਤੇ ਵਿਖਾ ਰਹੇ ਹਨ, ਉਸ ਨਾਲ ਇਹ ਭਰੋਸਾ ਬੱਝ ਗਿਆ ਹੈ ਕਿ ਪੰਜਾਬ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋਵੇਗਾ। ਪੰਜਾਬ ਦੇ ਲੋਕਾਂ ਨੂੰ ਅਤੇ ਲੋਕਾਂ ਦੀ ਏਕਤਾ ਨੂੰ ਸਲਾਮ ਕਰਨਾ ਬਣਦਾ ਹੈ।

ਪੰਜਾਬ ਹੜ੍ਹਾਂ ਦੀ ਭਾਰੀ ਤਬਾਹੀ ਦੇ ਚੱਲਦਿਆਂ ਕੇਂਦਰ ਸਰਕਾਰ ਦੇ ਮੰਤਰੀਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਫੌਰੀ ਤੌਰ 'ਤੇ ਪੰਜਾਬ ਨੂੰ 'ਗੰਭੀਰ ਹੜ੍ਹ ਪੀੜਤ ਸੂਬਾ' ਐਲਾਨਣਾ ਚਾਹੀਦਾ ਸੀ ਅਤੇ ਇਸ ਹਿਸਾਬ ਨਾਲ ਫੌਰੀ ਰਾਹਤ ਕਾਰਜਾਂ ਲਈ ਰਾਹਤ ਰਕਮ ਵੀ ਜ਼ਿਆਦਾ ਦੇਣੀ ਚਾਹੀਦੀ ਸੀ। ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਰੁਪਏ ਦੀ ਰਾਹਤ ਰਕਮ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਹੋਏ ਨੁਕਸਾਨ ਅਤੇ ਫੌਰੀ ਲੋੜਾਂ ਦੇ ਸਾਹਮਣੇ ਬਹੁਤ ਨਿਗੂਣੀ ਰਕਮ ਹੈ। ਇਹ ਨਿਗੂਣੀ ਰਕਮ ਵੀ ਇਹ ਲੇਖ ਲਿਖੇ ਜਾਣ ਵਾਲੇ ਦਿਨ ਤੱਕ ਵੀ ਅਮਲੀ ਰੂਪ ਵਿੱਚ ਪੰਜਾਬ ਨੂੰ ਪ੍ਰਾਪਤ ਨਹੀਂ ਹੋਈ ਹੈ। ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਨੂੰ ਦਰਸਾਅ ਰਹੀ ਹੈ। ਦੇਸ਼ ਅਤੇ ਵਿਦੇਸ਼ ਪੱਧਰ 'ਤੇ ਪੰਜਾਬ ਗੰਭੀਰ ਹੜ੍ਹਾਂ ਤੋਂ ਪ੍ਰਭਾਵਤ ਅਤੇ ਆਪ-ਮੁਹਾਰੇ ਰਾਹਤ ਕਾਰਜਾਂ 'ਚ ਜੁਟੇ ਲੋਕਾਂ ਦਾ ਹੈਰਾਨੀਜਨਕ ਦ੍ਰਿਸ਼ ਦੀਆਂ ਵੱਡੀਆਂ ਖਬਰਾਂ ਬਣਨ ਅਤੇ ਲੋਕਾਂ ਦੇ ਭਾਰੀ ਦਬਾਅ ਤੋਂ ਬਾਅਦ ਹੀ ਕੇਂਦਰ ਸਰਕਾਰ ਨੇ ਪੰਜਾਬ ਨੂੰ 'ਗੰਭੀਰ ਹੜ੍ਹ ਪੀੜਤ ਸੂਬਾ' ਐਲਾਨਿਆ ਹੈ, ਪਰ ਅਜੇ ਤੱਕ ਕੇਂਦਰ ਸਰਕਾਰ ਵੱਲੋਂ ਹੋਰ ਵਿੱਤੀ ਸਹਾਇਤਾ ਦਾ ਐਲਾਨ ਨਹੀਂ ਕੀਤਾ ਗਿਆ, ਜੋ ਜਲਦੀ ਤੋਂ ਜਲਦੀ ਕਰਨਾ ਬਣਦਾ ਹੈ। ਪੰਜਾਬ ਇੱਕ ਸਰਹੱਦੀ ਸੂਬਾ ਹੈ। ਕੁਝ ਮਹੀਨੇ ਪਹਿਲਾਂ ਭਾਰਤ-ਪਾਕਿਤਸਾਨ ਦੀ ਜੰਗ ਸਮੇਂ ਵੀ ਪੰਜਾਬ ਖਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਨੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੈ। ਉਸ ਵੇਲੇ ਵੀ ਕੇਂਦਰ ਸਰਕਾਰ ਨੇ ਕੋਈ ਮਦਦ ਨਹੀਂ ਕੀਤੀ। ਹੁਣ ਵੀ ਹੜ੍ਹਾਂ ਤੋਂ ਜ਼ਿਆਦਾ ਪ੍ਰਭਾਵਤ ਜ਼ਿਲ੍ਹੇ ਪਾਕਿਸਤਾਨ ਨਾਲ ਲੱਗਣ ਵਾਲੇ ਹੀ ਹਨ। ਔਖੀ ਸਥਿਤੀ 'ਚ ਪੰਜਾਬ ਦੀ ਬਾਂਹ ਫੜਨ ਦੀ ਥਾਂ ਕੇਂਦਰ ਸਰਕਾਰ ਦੇ ਮੰਤਰੀਆਂ ਸਮੇਤ ਪ੍ਰਧਾਨ ਮੰਤਰੀ ਨੇ ਰਾਜਨੀਤਕ ਬਿਆਨਾਂ ਵੱਲ ਜ਼ਿਆਦਾ ਤਵੱਜੋਂ ਦਿੱਤੀ ਹੈ, ਜਿਸ ਤੋਂ ਉਨ੍ਹਾਂ ਦਾ ਪੰਜਾਬ ਪ੍ਰਤੀ ਰਵੱਈਆ ਵੀ ਉਜਾਗਰ ਹੋਇਆ ਹੈ।

ਮੁੱਖ ਮੰਤਰੀ ਪੰਜਾਬ ਨੇ ਫਸਲਾਂ ਦੇ ਖਰਾਬੇ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਹੋਏ ਨੁਕਸਾਨ ਦੀ ਜਾਣਕਾਰੀ ਇਕੱਤਰ ਕਰਨ ਲਈ ਗਿਰਦਾਵਰੀ 13 ਸਤੰਬਰ ਤੋਂ ਸ਼ੁਰੂ ਕਰਕੇ 45 ਦਿਨਾਂ 'ਚ ਮੁਕੰਮਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਦੇ ਪੂਰੇ ਮਕਾਨ ਢਹਿ ਗਏ ਹਨ, ਉਨ੍ਹਾਂ ਨੂੰ 1,00,000 ਰੁਪਏ ਅਤੇ ਘਰਾਂ ਦੇ ਘੱਟ ਨੁਕਸਾਨ ਵਾਲਿਆਂ ਨੂੰ 40,000 ਰੁਪਏ, ਗਾਂ ਅਤੇ ਮੱਝ ਦੀ ਮੌਤ ਜਾਂ ਪਾਣੀ 'ਚ ਰੁੜ੍ਹ ਜਾਣ ਕਾਰਣ ਲਾਪਤਾ ਹੋਣ ਦੀ ਸੂਰਤ 'ਚ 37,000 ਰੁਪਏ ਰਾਹਤ ਦੇਣ ਦਾ ਐਲਾਨ ਕੀਤਾ ਗਿਆ ਹੈ। ਪਾਣੀ 'ਚ ਡੁਬੇ 2300 ਪਿੰਡਾਂ ਦੀ 100 ਕਰੋੜ ਰੁਪਏ ਖਰਚ ਕੇ ਸਫਾਈ ਕੀਤੀ ਜਾਵੇਗੀ। ਕਿਸਾਨਾਂ ਦੇ ਖੇਤਾਂ ਵਿੱਚ ਮਿੱਟੀ ਭਰਨ ਲਈ ਜੇ ਸੀ ਬੀ ਦਾ ਪ੍ਰਬੰਧ ਸਰਕਾਰ ਕਰਕੇ ਦੇਵੇਗੀ। ਹੜ੍ਹਾਂ ਕਾਰਨ ਜਿਨ੍ਹਾਂ ਦੀ ਮੌਤ ਹੋਈ ਹੈ, ਉਨ੍ਹਾਂ ਦੇ ਪਰਵਾਰਾਂ ਨੂੰ 4 ਲੱਖ ਰੁਪਏ ਦਿੱਤੇ ਜਾਣਗੇ। ਸਰਕਾਰ ਕਹਿ ਰਹੀ ਹੈ ਕਿ ਦੀਵਾਲੀ ਤੋਂ ਪਹਿਲਾਂ ਹੋਏ ਨੁਕਸਾਨ ਦੇ ਚੈੱਕ ਮਿਲ ਜਾਣਗੇ।

# ਜੱਗੂ ਭਗਵਾਨਪੁਰੀਆ ਗੈਂਗ ਨਾਲ ਸੰਬੰਧਤ ਤਸਕਰ 4.7 ਕਿਲੋਗ੍ਰਾਮ ਹੈਰੋਇਨ ਸਮੇਤ ਕਾਬੂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚਲਾਈ ਮੁਹਿੰਮ ਦੌਰਾਨ ਸਫਲਤਾ ਹਾਸਲ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀਆਈ) ਪਟਿਆਲਾ ਨੇ ਇੱਕ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਉਸਦੇ ਕਬਜ਼ੇ ਵਿੱਚੋਂ 4.7 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਵੰਸ਼ ਕੁਮਾਰ, ਪਿੰਡ ਦਾਲਮ, ਬਟਾਲਾ ਵਜੋਂ ਹੋਈ ਹੈ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਵੰਸ਼ ਕੁਮਾਰ ਦੁਬਈ ਅਧਾਰਤ ਅੰਮ੍ਰਿਤਪਾਲ ਸਿੰਘ, ਜੋ ਜੇਲ੍ਹ ਵਿੱਚ ਬੰਦ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਸਾਥੀ ਹੈ, ਨਾਲ ਨੇੜਿਓਂ ਕੰਮ ਕਰ ਰਿਹਾ ਹੈ। ਡੀਜੀਪੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੁ ਸਮੁੱਚੇ ਗਠਜੋੜ ਦਾ ਪਰਦਾਫਾਸ਼ ਕੀਤਾ ਜਾ ਸਕੇ। ਅਪ੍ਰੇਸ਼ਨ ਦੇ ਹੋਰ ਵੇਰਵੇ ਸਾਂਝੇ ਕਰਦਿਆਂ ਏਆਈਜੀ ਸੀਆਈ ਪਟਿਆਲਾ




ਡਾ. ਸਿਮਰਤ ਕੌਰ ਨੇ ਕਿਹਾ ਕਿ ਭਰੋਸੇਯੋਗ ਜਾਣਕਾਰੀ ਪ੍ਰਾਪਤ ਹੋਈ ਸੀ ਕਿ ਸ਼ੱਕੀ ਵੰਸ਼ ਕੁਮਾਰ ਨੇ ਤਰਨਤਾਰਨ ਤੋਂ ਹੈਰੋਇਨ ਦੀ ਖੇਪ ਚੁੱਕੀ ਹੈ ਤੇ ਉਹ ਇਸਨੂੰ ਜਲੰਧਰ ਪੁਚਾਉਣ ਜਾ ਰਿਹਾ ਹੈ।ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਸੀਆਈ ਪਟਿਆਲਾ ਦੀਆਂ ਪੁਲਸ ਟੀਮਾਂ ਨੇ ਉਸ ਨੂੰ ਘੇਰਾ ਪਾ ਲਿਆ ਅਤੇ ਮੌਕੇ 'ਤੇ ਹੀ ਉਸਦੇ ਕਬਜ਼ੇ 'ਚੋਂ ਹੈਰੋਇਨ ਦੀ ਖੇਪ ਬਰਾਮਦ ਕੀਤੀ ਅਤੇ ਉਸਦਾ ਮੋਬਾਈਲ ਫੋਨ ਵੀ ਜ਼ਬਤ ਕਰ ਲਿਆ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਵੰਸ਼ ਅੰਮ੍ਰਿਤਪਾਲ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ।ਉਨ੍ਹਾਂ ਕਿਹਾ ਕਿ ਮੁਲਜ਼ਮ ਅੰਮ੍ਰਿਤਪਾਲ 'ਤੇ ਪਹਿਲਾਂ ਵੀ ਤਿੰਨ ਅਪਰਾਧਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚ ਅਸਲਾ ਐਕਟ, ਐਨਡੀਪੀਐਸ ਐਕਟ ਤੇ ਆਈਪੀਸੀ ਦੀ ਧਾਰਾ 302 ਸ਼ਾਮਲ ਹਨ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਅੰਮ੍ਰਿਤਪਾਲ ਨੂੰ ਇਨ੍ਹਾਂ 'ਚੋਂ ਇੱਕ ਮਾਮਲੇ ਵਿੱਚ ਅਦਾਲਤ ਨੇ ਭਗੌੜਾ ਵੀ ਐਲਾਨਿਆ ਹੋਇਆ ਹੈ। ਏਆਈਜੀ ਨੇ ਕਿਹਾ ਕਿ ਸਪਲਾਈ ਚੇਨ ਦਾ ਪਤਾ ਲਾਉਣ ਅਤੇ ਜਲੰਧਰ ਵਿੱਚ ਖੇਪ ਪ੍ਰਾਪਤ ਕਰਨ ਵਾਲੀਆਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।ਉਨ੍ਹਾਂ ਅੱਗੇ ਕਿਹਾ ਕਿ ਆਗਾਮੀ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਉਮੀਦ ਹੈ।

# ਝੋਨੇ ਦੀ ਖਰੀਦ 'ਚ ਅੜਿੱਕਿਆਂ ਖਿਲਾਫ ਰੋਸ ਪ੍ਰਦਰਸ਼ਨ 8 ਨੂੰ

**ਜਗਰਾਉਂ (ਨਛੱਤਰ ਸੰਧੂ)**- ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਦੀ ਅਗਵਾਈ 'ਚ ਐਸ ਡੀ ਐਮ ਜਗਰਾਉਂ ਨੂੰ ਮੰਗ ਪੱਤਰ ਦਿੱਤਾ। ਮੰਗ ਪੱਤਰ ਰਾਹੀ ਮੰਗ ਕੀਤੀ ਗਈ ਕਿ ਅਨਾਜ ਮੰਡੀਆਂ 'ਚ ਝੋਨੇ ਦੀ ਖਰੀਦ 'ਚ ਸਰਕਾਰੀ ਖਰੀਦ ਏਜੰਸੀਆਂ ਵਲੋਂ ਡਾਹੇ ਜਾਣ ਵਾਲੇ ਅੜਿੱਕੇ ਰੱਦ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਭਾਰੀ ਬਾਰਸ਼ਾਂ ਕਾਰਨ ਝੋਨੇ ਨੂੰ ਲੱਗਿਆ ਹਲਦੀ ਰੋਗ ਕਾਰਨ ਝੋਨੇ ਦਾ ਦਾਣਾ ਪਤਲਾ ਤੇ ਬਦਰੰਗ ਹੋਣ ਦੇ ਬਾਵਜੂਦ ਖਰੀਦਣ, ਝੋਨੇ ਦੀ ਨਮੀ ਘੱਟੋ ਘੱਟ 20 ਨਿਸਚਤ ਕਰਨ ਤੇ ਝੋਨੇ ਦਾ ਪੂਰਾ ਰੇਟ ਦੇਣ ਦੀ ਮੰਗ ਕੀਤੀ ਗਈ। ਉਨ੍ਹਾਂ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਸੁਸਾਇਟੀਆਂ 'ਚ ਯੂਰੀਏ ਅਤੇ ਡੀ ਏ ਪੀ ਦੀ ਸਪਲਾਈ ਤੁਰੰਤ ਭਿਜਵਾਈ ਜਾਵੇ। ਵਫਦ ਨੇ ਪ੍ਰਸ਼ਾਸਨ ਤੋ ਪਿਛਲੇ ਸਾਲ ਦੇ ਕਾਉਂਕੇ, ਅਖਾੜਾ ਪਿੰਡਾਂ 'ਚ ਦਰਜ ਪਰਾਲੀ ਦੇ ਕੇਸ ਦੁਬਾਰਾ ਚੁੱਕ ਕੇ ਕਿਸਾਨਾਂ ਨੂੰ ਪਰੇਸ਼ਾਨ ਕਰਨ ਦੀ ਨਿੰਦਾ ਕਰਦਿਆਂ ਕੇਸ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਮੰਗਾਂ ਨੂੰ ਲੈ ਕੇ 8



ਅਕਤੂਬਰ ਨੂੰ ਜਥੇਬੰਦੀ ਵਲੋਂ ਅਨਾਜ ਮੰਡੀ ਜਗਰਾਉਂ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ। ਜਥੇਬੰਦੀ ਨੇ ਕਿਹਾ ਕਿ ਇਨ੍ਹਾਂ ਮੁੱਦਿਆਂ 'ਤੇ ਭਲਕੇ ਸੂਬਾ ਕਮੇਟੀ ਦੀ ਮੀਟਿੰਗ 'ਚ ਇਸ ਮਸਲੇ 'ਤੇ ਸੂਬਾ ਪੱਧਰੀ ਸੰਘਰਸ਼ ਵੀ ਵਿੱਢਿਆ ਜਾਵੇਗਾ। ਇਸ ਸਮੇਂ ਤਰਸੇਮ ਸਿੰਘ ਬੱਸੂਵਾਲ, ਰਛਪਾਲ ਸਿੰਘ ਨਵਾਂ ਡੱਲਾ, ਕੁੰਡਾ ਸਿੰਘ ਕਾਉਂਕੇ, ਨਿਰਮਲ ਸਿੰਘ ਕਾਉਂਕੇ ਆਦਿ ਸ਼ਾਮਲ ਸਨ।

# ਅਨਾਜ ਮੰਡੀ ਮਮਦੋਟ 'ਚ ਦਹੀਆ ਤੇ ਸੰਧੂ ਨੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ

**ਮਮਦੋਟ (ਜਸਵੀਰ ਸਿੰਘ ਕੰਬੋਜ)**- ਮਾਰਕਿਟ ਕਮੇਟੀ ਮਮਦੋਟ ਅਧੀਨ ਆਉਂਦੀ ਮੁੱਖ ਅਨਾਜ ਮੰਡੀ ਮਮਦੋਟ 'ਚ ਅੱਜ ਤੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋ ਗਈ ਹੈ।ਖਰੀਦ ਦੀ ਰਸਮੀ ਤੌਰ 'ਤੇ ਸ਼ੁਰੂਆਤ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਐਮ ਐਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਅਤੇ ਮਾਰਕਿਟ ਕਮੇਟੀ ਮਮਦੋਟ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ ਵੱਲੋਂ ਕਰਵਾਈ ਗਈ ।ਇਸ ਮੌਕੇ ਵਿਧਾਇਕ ਦਹੀਆ ਨੇ ਅਨਾਜ ਮੰਡੀ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਫਸਲ ਵੇਚਣ ਸਮੇਂ ਬਦਦੀਆਂ ਸਹੂਲਤਾਂ ਦੇਣ ਵਾਸਤੇ ਵਚਨਬੱਧ ਹੈ ਤੇ ਕਿਸੇ ਵੀ ਕਿਸਾਨ ਨੂੰ ਫਸਲ ਵੇਚਣ ਸਮੇਂ ਕਿਸੇ ਵੀ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਮੰਡੀ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਕਿਸੇ ਵੀ ਕਿਸਾਨ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ। ਇਸ ਮੌਕੇ ਹਾਜਰ ਮਾਰਕਿਟ ਕਮੇਟੀ ਮਮਦੋਟ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਝੋਨੇ ਦੀ ਫਸਲ ਦੀ ਖਰੀਦ ਦੀ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਨਿਯਮਾਂ ਅਨੁਸਾਰ ਹੋਏਗੀ। ਉਨ੍ਹਾਂ ਕਿਹਾ ਕਿ ਮਾਪ-ਤੋਲ ਤੋਂ ਲੈ ਕੇ ਭੁਗਤਾਨ ਤੱਕ ਹਰੇਕ ਕਦਮ 'ਤੇ ਧਿਆਨ ਦਿੱਤਾ ਜਾਵੇਗਾ।ਇਸ ਮੌਕੇ ਡੀ ਐਮ ਓ ਜਸ਼ਨਦੀਪ ਸਿੰਘ, ਮਾਰਕਿਟ ਕਮੇਟੀ ਦੇ ਸਕੱਤਰ ਬਿਕਰਮਜੀਤ ਸਿੰਘ ਸੰਧੂ, ਆੜਤੀਆ ਯੂਨੀਅਨ ਦੇ ਪ੍ਰਧਾਨ ਯਸ਼ਪਾਲ ਗਾਬਾ, ਤਰਸੇਮ ਸਿੰਘ ਸੋਨੂੰ ਛੱਪੜ, ਡਾਕਟਰ ਪਵਨ ਸੋਲੰਕੀ



ਨਿੱਜੀ ਸਕੱਤਰ ਹਲਕਾ ਵਿਧਾਇਕ, ਸਰਪੰਚ, ਸੁਖਵਿੰਦਰ ਸਿੰਘ ਸੁੱਖਾ ਜੋਸਨ ਜੋਧਪੁਰ, ਪਰਦੀਪ ਕੁਮਾਰ ਬਿੰਦਰਾ, ਅਸ਼ੋਕ ਸਹਿਗਲ, ਬਲਵਿੰਦਰ ਸਿੰਘ ਕਾਕੂ ਕੇ, ਸਾਬਕਾ ਸਰਪੰਚ ਸੁਖਦੇਵ ਸਿੰਘ ਸੋਢੀ, ਸਾਜਨ ਐਮ ਸੀ, ਸੁਭਾਸ਼ ਬੱਤਾ, ਜਸਵੀਰ ਸਿੰਘ ਚੇਅਰਮੈਨ, ਗੁਰਪ੍ਰੀਤ ਸਿੰਘ ਐਮ ਸੀ, ਗੁਰਨਾਮ ਸਿੰਘ ਹਜਾਰਾ ਸਰਪੰਚ, ਬਲਵਿੰਦਰ ਸਿੰਘ ਲੱਡੂ ਸਰਪੰਚ, ਡਾਕਟਰ ਸੁਰਿੰਦਰ ਕੁਮਾਰ, ਬਲਵੀਰ ਸਿੰਘ ਫੱਤੇ ਵਾਲਾ , ਬਲਵੀਰ ਸਿੰਘ ਜਲੋਕੇ ਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

# ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਦੇ ਮਾਮਲੇ 'ਚ ਦੋ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਪੋਲੈਂਡ ਭੇਜਣ ਦੇ ਨਾਂਅ 'ਤੇ 13 ਲੱਖ ਰੁਪਏ ਦੀ ਮਾਰੀ ਗਈ ਕਥਿਤ ਠੱਗੀ ਦੇ ਮਾਮਲੇ 'ਚ ਮੂਲੇਪੁਰ ਪੁਲਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਨਪ੍ਰੀਤ ਸਿੰਘ ਵਾਸੀ ਪਿੰਡ ਮੂਲੇਪੁਰ ਨੇ ਪੁਲਸ ਨੂੰ ਦਿੱਤੀ ਦਰਖ਼ਾਸਤ ਵਿੱਚ ਦੋਸ਼ ਲਗਾਏ ਸਨ ਕਿ ਨਵਨੀਤ ਸਿੰਘ ਵਾਸੀ ਪਟਿਆਲਾ ਤੇ ਕੁਲਦੀਪ ਸਿੰਘ ਵਾਸੀ ਪਿੰਡ ਨਲੀਨਾ ਕਲਾਂ ਨੇ ਉਸ ਨੂੰ ਅਤੇ ਉਸ ਦੇ ਸਾਥੀ ਨਿਰਭੈ ਸਿੰਘ ਨੂੰ ਪੋਲੈਂਡ ਭੇਜਣ ਦੇ ਨਾਂਅ 'ਤੇ ਉਨ੍ਹਾਂ ਨਾਲ 13,32,015 ਰੁਪਏ ਦੀ ਠੱਗੀ ਮਾਰੀ ਹੈ। ਇੰਚਾਰਜ ਐਂਟੀ ਹਿਊਮਨ ਟਰੈਫਿਕਿੰਗ ਯੂਨਿਟ ਵੱਲੋਂ ਕੀਤੀ ਗਈ ਦਰਖਾਸਤ ਦੀ ਪੜਤਾਲ ਉਪਰੰਤ ਥਾਣਾ ਮੂਲੇਪੁਰ ਵਿਖੇ ਨਵਨੀਤ ਸਿੰਘ ਅਤੇ ਕੁਲਦੀਪ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਵਾ ਕੇ ਐਸ.ਪੀ. ਸੁਖਨਾਜ ਸਿੰਘ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਮਾਤਾ ਗੁਜਰੀ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਵਿਸ਼ੇਸ਼ ਵਰਕਸ਼ਾਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮਾਤਾ ਗੁਜਰੀ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਕਾਲਜ ਦੇ ਇਂਸਟੀਚਿਊਟ ਇਨੋਵੇਸ਼ਨ ਸੈੱਲ ਦੇ ਸਹਿਯੋਗ ਨਾਲ ਬੀ.ਸੀ.ਏ. ਭਾਗ ਦੂਸਰਾ ਦੇ ਵਿਦਿਆਰਥੀਆਂ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਵਿਸ਼ੇ 'ਤੇ ਕੀਤੀ ਗਈ ਇੱਕ ਹਫ਼ਤੇ ਦੀ ਵਿਸ਼ੇਸ਼ ਵਰਕਸ਼ਾਪ ਸਫ਼ਲਤਾਪੂਰਵਕ ਸੰਪੰਨ ਹੋ ਗਈ। ਇਸ ਵਰਕਸ਼ਾਪ ਦੌਰਾਨ ਨਾਮਵਰ ਕੰਪਨੀ ਅਨੁਦੀਪ ਫਾਊਂਡੇਸ਼ਨ ਤੋਂ ਸੀਨੀਅਰ ਫੈਕਲਟੀ ਮੈਂਬਰ ਮੁਹੰਮਦ ਨਿਸਾਰ ਨੇ ਵਿਦਿਆਰਥੀਆਂ ਨੂੰ ਏ.ਆਈ. ਦੇ ਬੁਨਿਆਦੀ ਸਿਧਾਂਤ, ਜਨਰੇਟਿਵ ਏ.ਆਈ., ਰਿਜ਼ਿਊਮ ਮੇਕਿੰਗ, ਏ.ਸੀ.ਈ. ਪ੍ਰੋਫੈਸ਼ਨਲ ਇੰਟਰਵਿਊ ਦੇ ਬੁਨਿਆਦੀ ਸਿਧਾਂਤਾਂ ਅਤੇ ਏ.ਆਈ. ਟੂਲਸ ਦੀ ਵਰਤੋਂ ਸਮੇਤ ਕਈ ਮਹੱਤਵਪੂਰਨ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਕਾਲਜ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਿੱਖਿਆ ਭਰਪੂਰ ਪ੍ਰੋਗਰਾਮ ਵਿਦਿਆਰਥੀਆਂ ਦੇ ਵਿੱਦਿਅਕ ਅਤੇ ਵਿਹਾਰਕ ਗਿਆਨ ਵਿੱਚ ਵਾਧਾ ਕਰਦੇ ਹਨ। ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਪ੍ਰੋ. ਰਸ਼ਮੀ ਅਰੋੜਾ ਨੇ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਏ.ਆਈ. ਮਾਡਲ ਬਣਾਉਣ, ਗੂਗਲ ਟੀਚੇਬਲ ਮਸ਼ੀਨ ਅਤੇ ਚੈਟ ਜੀ.ਪੀ.ਟੀ. ਵਰਗੇ ਪ੍ਰਸਿੱਧ ਵਿਹਾਰਕ ਸਾਧਨਾਂ ਬਾਰੇ ਵਿਸਥਾਰ ਨਾਲ ਜਾਣਨ ਦਾ ਮੌਕਾ ਮਿਲਿਆ। ਇਸ ਮੌਕੇ ਕੰਪਿਊਟਰ ਸਾਇੰਸ ਵਿਭਾਗ ਦੇ ਸਮੂਹ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਹਾਜ਼ਰ ਸਨ।

# ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਨੁੱਕੜ ਨਾਟਕ ਕਰਾਏ

**ਮਾਨਸਾ (ਆਤਮਾ ਸਿੰਘ ਪਮਾਰ)** ਨਹਿਰੂ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਦੇ 118 ਵੇਂ ਜਨਮਦਿਨ ਨੂੰ ਸਮਰਪਤ ਨੁੱਕੜ ਨਾਟਕ 'ਵਹਿੰਗੀ' ਕਰਾਇਆ ਗਿਆ। ਯੂਨੀਅਨ ਦੀ ਜ਼ਿਲ੍ਹਾ ਕਨਵੀਨਰ ਅਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਤ ਹੁੰਦੇ ਕਿਹਾ ਕਿ ਅੱਜ ਵਿਦਿਆਰਥੀਆਂ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਅਪਨਾਉਂਦੇ ਹੋਏ ਸਮੇਂ ਦੇ ਲੋਕ ਵਿਰੋਧੀ ਹੁਕਮਰਾਨਾ ਖ਼ਿਲਾਫ਼ ਸੰਘਰਸ਼ ਕਰਨਾ ਚਾਹੀਦਾ ਹੈ ਕਿਉਂਕਿ ਸ਼ਹੀਦ ਭਗਤ ਸਿੰਘ ਨੇ ਉਸ ਸਮੇਂ ਦੀ ਜ਼ਾਲਮ ਸਾਮਰਾਜੀ ਹੁਕਮਤ ਖ਼ਿਲਾਫ਼ ਇਕਜੁੱਟ ਹੋ ਕੇ ਲੜੇ, ਜੋ ਭਾਰਤ ਦੀ ਲੁੱਟ ਕਰ ਰਹੀ ਸੀ ਤੇ ਉਹ ਲੁੱਟ ਅੱਜ ਵੀ ਬਰਕਰਾਰ ਹੈ।ਲੁਟੇਰਿਆਂ ਦੇ ਚਿਹਰੇ ਬਦਲੇ ਹਨ, ਪ੍ਰੰਤੂ ਲੁੱਟ ਉਵੇਂ ਹੀ ਅੱਜ ਦੇ ਸਮੇਂ ਵਿੱਚ ਹੋ ਰਹੀ ਹੈ। ਹੱਕ ਮੰਗਦੇ ਬੇਰੁਜ਼ਗਾਰਾਂ ਤੇ ਡੰਡੇ ਵਰ੍ਹਾਏ ਜਾਂਦੇ ਹਨ। ਪੰਜਾਬ ਵਿੱਚ ਹੜ੍ਹਾਂ ਕਾਰਨ ਪੰਜਾਬ ਨੂੰ ਆਰਥਿਕ ਮਦਦ ਨਿਗੂਣੀ ਦਿੱਤੀ ਜਾ ਰਹੀ, ਪ੍ਰੰਤੂ ਪਿਛਲੇ ਪੰਜ ਸਾਲਾ ਵਿੱਚ ਵੱਡੇ ਕਾਰਪੋਰੇਟ ਘਰਾਣਿਆਂ ਦੇ 8 ਲੱਖ ਕਰੋੜ ਮਾਫ ਕੀਤਾ ਗਿਆ।ਪੰਜਾਬ ਸਟੂਡੈਂਟਸ ਯੂਨੀਅਨ ਦੀ ਜ਼ਿਲ੍ਹਾ ਆਗੂ ਦਲਜੀਤ ਕੌਰ ਖਾਰਾ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਲਗਾਤਾਰ ਸੂਬਿਆਂ ਦੇ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ, ਜਿਸ ਵਿੱਚੋਂ ਉਹ ਨਵੀਂ ਸਿੱਖਿਆ ਨੀਤੀ-2020 ਨੂੰ ਲਿਆ ਕਿ ਵਿਦਿਆਰਥੀਆਂ ਦੀ ਮਾਨਸਿਕ ਤੇ ਆਰਥਿਕ ਲੁੱਟ ਕੀਤੀ ਜਾ ਰਹੀ ਹੈ।ਨਵੀਂ ਸਿੱਖਿਆ ਨੀਤੀ ਰਾਹੀਂ ਭਾਜਪਾ ਆਪਣਾ ਫਿਰਕੂ ਏਜੰਡਾ ਲਾਗੂ ਕਰ ਰਹੀ ਤੇ ਲਗਾਤਾਰ ਸਿਲੇਬਸਾਂ ਦਾ ਭਗਵਾਂਕਰਨ ਕਰਕੇ ਭਾਰਤ ਦੀ ਅਜ਼ਾਦੀ ਦੀ ਲਹਿਰ ਵਿੱਚ ਕੁੱਦੇ ਅਸਲ ਨਾਇਕਾ ਨੂੰ ਸਿਲੇਬਸਾਂ ਵਿੱਚੋਂ ਕੱਢ



ਰਹੀ ਹੈ।ਆਗੂ ਗੁਰਧਿਆਨ ਸਿੰਘ ਹਰੀਗੜ੍ਹ ਨੇ ਕਿਹਾ ਕਿ ਹਰੇਕ ਵਰਗ ਨਾਲ ਧੱਕਾ ਹੋ ਰਿਹਾ ਹੈ ਤੇ ਸਰਕਾਰਾਂ ਪਬਲਿਕ ਸੈਕਟਰਾਂ ਨੂੰ ਖਤਮ ਕਰਕੇ ਪ੍ਰਾਈਵੇਟ ਸੈਕਟਰਾਂ ਨੂੰ ਵੇਚ ਰਹੀਆਂ ਹਨ। ਸਾਹਿਬ ਸਿੰਘ ਭਾਟੀਆ ਨੇ ਕਿਹਾ ਕਿ ਵਿਦਿਆਰਥੀ ਲਈ ਲਿਆਂਦੀ ਨਵੀ ਸਿੱਖਿਆ ਨੀਤੀ ਉਚੇਰੀ ਸਿੱਖਿਆ ਲਈ ਨੀਤੀ ਮਾਰੂ ਸਾਬਤ ਹੋ ਰਹੀ ਹੈ ਪੰਜਾਬ ਸਰਕਾਰ ਨੂੰ ਇਸ ਨੀਤੀ ਨੂੰ ਖਤਮ ਕਰਕੇ ਪੰਜਾਬ ਦੀ ਸਿੱਖਿਆ ਨੀਤੀ ਪੰਜਾਬ ਤੋਂ ਤਹਿ ਕਰਨੀ ਚਾਹੀਦੀ ਹੈ।ਵਿਦਿਆਰਥੀਆਂ 'ਤੇ ਥੋਪੇ ਗਏ ਚਾਰ ਮਾਈਨਰ ਵਿਸ਼ਿਆਂ ਨੂੰ ਤੁਰੰਤ ਹਟਾਉਣਾ ਚਾਹੀਦਾ ਹੈ।

# ਗੰਨੇ ਦੇ ਰਸ ਦੀ ਬੋਤਲਬੰਦ ਤਕਨਾਲੋਜੀ ਲਈ ਮਹਾਰਾਸ਼ਟਰ ਦੀ ਫਰਮ ਨਾਲ ਸਮਝੌਤਾ ਕੀਤਾ

**ਲੁਧਿਆਣਾ (ਰੈਕਟਰ ਕਥੂਰੀਆ)** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਮਹਾਰਾਸ਼ਟਰ ਸਥਿਤ ਇਕ ਫਰਮ ਗੰਨਾ ਹਾਊਸ, ਭੋਰ ਟਾਊਨਸ਼ਿਪ, ਨਾਸ਼ਿਕ ਨਾਲ ਗੰਨੇ ਦੇ ਜੂਸ ਦੀ ਬੋਤਲਿੰਗ ਤਕਨਾਲੋਜੀ ਦੇ ਵਪਾਰੀਕਰਨ ਲਈ ਇਕ ਸਮਝੌਤਾ ਕੀਤਾ। ਇਸ ਮੌਕੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਅਤੇ ਸੰਬੰਧਤ ਫਰਮ ਦੇ ਪ੍ਰਤੀਨਿਧ ਨੇ ਸਮਝੌਤੇ 'ਤੇ ਹਸਤਾਖਰ ਕੀਤੇ।ਸਮਝੌਤੇ ਮੌਕੇ ਵਧੀਕ ਨਿਰਦੇਸ਼ਕ ਖੋਜ ਡਾ ਮਹੇਸ਼ ਕੁਮਾਰ ਤੇ ਤਕਨਾਲੋਜੀ ਵਪਾਰੀਕਰਨ ਸੈੱਲ ਦੇ ਸਹਿਯੋਗੀ ਨਿਰਦੇਸ਼ਕ ਡਾ ਖੁਸ਼ਦੀਪ ਧਰਨੀ ਵੀ ਮੌਜੂਦ ਰਹੇ। ਹਾਜ਼ਿਰ ਮਾਹਿਰਾਂ ਨੇ ਡਾ. ਪੂਨਮ ਏ. ਸਚਦੇਵ, ਪ੍ਰਿੰਸੀਪਲ ਫੂਡ ਟੈਕਨਾਲੋਜਿਸਟ ਨੂੰ ਇਸ ਤਕਨਾਲੋਜੀ ਦੇ ਵਪਾਰੀਕਰਨ ਲਈ ਵਧਾਈ ਦਿੱਤੀ।ਉਨ੍ਹਾਂ ਇਸ ਤਕਨੀਕ ਦੇ ਵਪਾਰੀਕਰਨ ਲਈ ਕੀਤੇ ਯਤਨ ਦੀ ਵੀ ਸ਼ਲਾਘਾ ਕੀਤੀ।ਉਨ੍ਹਾਂ ਇਸ ਗੱਲ ਦੀ ਵੀ ਤਾਰੀਫ਼ ਕੀਤੀ ਕਿ ਇਸ ਤਕਨੀਕ ਨੂੰ ਦੇਸ਼ ਦੇ ਹੋਰ ਸੂਬਿਆਂ ਵਿੱਚ ਪਸਾਰਿਆ ਜਾ ਰਿਹਾ ਹੈ। ਡਾ ਪੂਨਮ ਸਚਦੇਵ ਨੇ ਦੱਸਿਆ ਕਿ ਗੰਨੇ ਦੇ ਰਸ ਨੂੰ ਸੂਖਮ ਜੀਵਾਂ ਨੂੰ ਮਾਰਨ ਤੇ ਸ਼ੈਲਫ ਲਾਈਫ ਵਧਾਉਣ ਲਈ ਥਰਮਲ ਤੌਰ 'ਤੇ ਪ੍ਰੋਸੈਸ ਕੀਤਾ ਜਾਂਦਾ ਹੈ, ਇਸ ਤਰ੍ਹਾਂ ਸੜਕ ਕਿਨਾਰੇ ਵਿਕਰੇਤਾਵਾਂ ਦੇ ਮੁਕਾਬਲੇ ਇੱਕ ਪੂਰੀ ਤਰ੍ਹਾਂ ਸਿਹਤਮੰਦ ਅਤੇ ਸਫਾਈ ਉਤਪਾਦ ਪੇਸ਼ ਕਰਦਾ ਹੈ।ਇਹ ਹਰ ਤਰ੍ਹਾਂ ਦੇ ਰਸਾਇਣ ਤੋਂ ਵੀ ਮੁਕਤ ਹੈ। ਡਾ. ਖੁਸ਼ਦੀਪ ਧਰਨੀ ਨੇ ਦੱਸਿਆ ਕਿ ਪੀਏਯੂ ਨੇ ਵੱਖ-ਵੱਖ ਤਕਨਾਲੋਜੀਆਂ ਦੇ ਪਸਾਰ ਲਈ ਦੇਸ਼ ਭਰ ਦੀਆਂ ਫਰਮਾਂ ਨਾਲ ਸੰਧੀਆਂ ਕੀਤੀਆਂ ਹਨ।ਉਨ੍ਹਾਂ ਕਿਹਾ ਕਿ ਪੀਏਯੂ ਗੰਨੇ ਦੇ ਜੂਸ ਦੀ ਬੋਤਲਿੰਗ ਤਕਨਾਲੋਜੀ ਨੂੰ ਆਮ ਲੋਕਾਂ ਤਕ ਪੁਚਾਉਣ ਲਈ ਵਚਨਬੱਧ ਹੈ।

## ਸਵੱਛਤਾ ਹੀ ਸੇਵਾ ਤੇ ਐੱਚ ਆਈ ਵੀ / ਏਡਜ਼ ਵਿਸ਼ੇ 'ਤੇ ਇੱਕ ਰੋਜ਼ਾ ਗਤੀਵਿਧੀ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਪਬਲਿਕ ਕਾਲਜ ਸਮਾਣਾ ਅਤੇ ਕਾਲਜ ਅਧੀਨ ਚਲਾਏ ਜਾ ਰਹੇ ਐਜੂਕੇਸ਼ਨ ਕਾਲਜ ਦੇ ਐਨ.ਐਸ.ਐਸ. ਵਿਭਾਗ ਅਤੇ ਰੈਡ ਰਿਬਨ ਕਲੱਬ ਵੱਲੋਂ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਅਤੇ ਐਚ.ਆਈ.ਵੀ./ ਏਡਜ਼ ਵਿਸ਼ੇ 'ਤੇ ਇੱਕ ਰੋਜ਼ਾ ਗਤੀਵਿਧੀ ਕਰਵਾਈ ਗਈ, ਜਿਸ ਦੌਰਾਨ ਕਾਲਜ ਦੇ ਸਾਇੰਸ ਵਿਭਾਗ ਤੋਂ ਡਾ. ਨਿਧੀ ਬਾਂਸਲ ਦੁਆਰਾ ਵਿਦਿਆਰਥੀਆਂ ਨੂੰ ਐਚ.ਆਈ.ਵੀ./ ਏਡਜ਼ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਣ ਦੇ ਮੁਕਾਬਲੇ ਕਰਵਾਏ ਗਏ ਅਤੇ ਇੱਕ ਜਾਗਰੂਕਤਾ ਰੈਲੀ ਕੱਢੀ ਗਈ ਜਿਸ ਨੂੰ ਕੋਆਰਡੀਨੇਟਰ ਐਜੂਕੇਸ਼ਨ ਕਾਲਜ ਅਤੇ



ਇੰਚਾਰਜ ਰੈਡ ਰਿਬਨ ਕਲੱਬ ਡਾ. ਹਰਕੀਰਤਨ ਕੌਰ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਗਤੀਵਿਧੀ ਵਿਚ 50 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਸੋਨੂੰ ਜੈਨ, ਡਾ. ਅਰਵਿੰਦਰ ਕੌਰ ਕਾਕੜਾ, ਪ੍ਰੋ. ਹਮਿਤ ਕੁਮਾਰ, ਡਾ. ਸ਼ੇਰ ਸਿੰਘ, ਪ੍ਰੋ. ਸ਼ੰਟੀ ਕੁਮਾਰ ਅਤੇ ਐਜੂਕੇਸ਼ਨ ਕਾਲਜ ਦੇ ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਜਸਪ੍ਰੀਤ ਕੌਰ ਤੋਂ ਇਲਾਵਾ ਡਾ. ਅਮਰਿੰਦਰ ਕੌਰ ਅਤੇ ਐਜੂਕੇਸ਼ਨ ਕਾਲਜ ਦੇ ਰੈਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ. ਹਰਪ੍ਰੀਤ ਕੌਰ ਵੀ ਮੌਜੂਦ ਰਹੇ।

## ਫਰੀਡਮ ਫਾਈਟਰਜ਼ ਦੇ ਪਰਵਾਰਕ ਮੈਂਬਰਾਂ ਦਾ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ

**ਮੋਗਾ (ਇਕਬਾਲ ਸਿੰਘ ਖਹਿਰਾ)**- ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਕ ਮੈਬਰਾਂ ਦੀਆਂ ਮੁਸਕਲਾਂ/ਸਮੱਸਿਆਵਾਂ ਦਾ ਨਿਵਾਰਣ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਇਹ ਪ੍ਰਗਟਾਵਾ ਗੁਰਚਰਨ ਸਿੰਘ ਸੰਘਾ ਜਨਰਲ ਸਕੱਤਰ ਪੰਜਾਬ ਫਰੀਡਮ ਫਾਈਟਰਜ਼ ਦੀ ਅਗਵਾਈ ਹੇਠ ਮਿਲਣ ਆਏ ਵਫਦ ਨਾਲ ਵਿਚਾਰ



ਵਟਾਂਦਰਾ ਉਪਰੰਤ ਕੀਤਾ। ਉਹਨਾਂ ਕਿਹਾ ਕਿ ਉਹ ਜਲਦੀ ਹੀ ਸੁਤੰਤਰਤਾ ਸੰਗਰਾਮੀਆਂ ਦੇ ਪਰਵਾਰਾਂ ਨਾਲ ਮਿਲਣੀ ਕਰਨਗੇ ।ਗੁਰਚਰਨ ਸਿੰਘ ਸੰਘਾ ਨੇ ਮੋਗਾ ਇਲਾਕੇ ਵਲੋਂ ਵੱਖ ਵੱਖ ਅੰਦੋਲਨਾਂ ਵਿਚ ਕੀਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵਫਦ ਵਿਚ ਸੁਖਦੇਵ ਸਿੰਘ ਖੋਸਾ, ਰੂਪ ਸਿੰਘ ਬਰਗਾੜੀ, ਅਮਰਜੀਤ ਸਿੰਘ ਬੁੱਟਰ, ਡਾ ਹਰਿੰਦਰਪਾਲ ਸਿੰਘ, ਗੁਰਮੀਤ ਸਿੰਘ ਡਰੋਲੀ ਅਤੇ ਅਮਰਜੀਤ ਸਿੰਘ ਜਨੇਰ ਸ਼ਾਮਲ ਸਨ।ਗੁਰਚਰਨ ਸਿੰਘ ਸੰਘਾ ਨੇ ਆਪਣੀ ਸੰਪਾਦਤ ਕੀਤੀ ਪੁਸਤਕ ਆਜ਼ਾਦ ਹਿੰਦ ਫੌਜ ਦਾ ਲਸਾਨੀ ਇਤਿਹਾਸ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੂੰ ਭੇਟ ਕੀਤੀ।

## ਲਾਡੀ ਢੋਸ ਨੇ ਹੜ੍ਹ ਪੀੜਤਾਂ ਦੀ ਸੇਵਾ ਲਈ ਅਹਿਮ ਰੋਲ ਨਿਭਾਇਆ : ਮਾਨ, ਵਿਰਕ

**ਕੋਟ ਈਸੇ ਖਾ (ਅਰੋੜਾ)**- ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ ਹਰ ਉਹ ਉਪਰਾਲਾ ਕੀਤਾ ਹੈ ਜਿਸ ਨਾਲ ਹੜ੍ਹ ਪੀੜਤ ਪਰਵਾਰਾਂ ਨੂੰ ਸਹਾਇਤਾ ਮਿਲ ਸਕੇ ਅਤੇ ਕੋਈ ਮੁਸ਼ਕਿਲ ਨਾ ਆਵੇ। ਵਿਧਾਇਕ ਵੱਲੋਂ ਹੜ੍ਹ ਪੀੜਤਾਂ ਕੋਲ ਜਾ ਕੇ ਉਹਨਾਂ ਨਾਲ ਦਰਦ ਵੰਡਾਇਆ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਹਲਕਾ ਵਿਧਾਇਕ ਨੇ ਆਪਣੀ ਟੀਮ ਦੇ ਸਹਿਯੋਗ ਨਾਲ ਪਿੰਡਾਂ ਵਿੱਚ ਜਾ ਕੇ ਹੜ੍ਹ ਪੀੜਤਾਂ ਲਈ ਖਾਣ ਪੀਣ ਲਈ ਵਸਤਾਂ, ਪਸ਼ੂਆਂ ਦਾ



ਚਾਰਾ ਅਤੇ ਹੋਰ ਰਾਹਤ ਸਮੱਗਰੀ ਲੋਕਾਂ ਤੱਕ ਪਹੁੰਚਾਈ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਧਰਮਕੋਟ ਤੋਂ ਯੂਥ ਆਗੂ ਗੋਪੀ ਮਾਨ ਦਾਤੇਵਾਲ ਅਤੇ ਹਲਕਾ ਧਰਮਕੋਟ ਤੋਂ ਸੋਸ਼ਲ ਮੀਡੀਆ ਦੇ ਇੰਚਾਰਜ ਤਲਵਿੰਦਰ ਸਿੰਘ ਉਮਰੀਆਣਾ ਨੇ ਸਾਂਝੇ ਤੌਰ 'ਤੇ ਕੀਤਾ। ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਵਿਧਾਨ ਸਭਾ ਦੇ ਵਿੱਚ ਵੀ ਜੋ ਸੈਸ਼ਨ ਹੋਇਆ ਹੈ ਉਸ ਵਿੱਚ ਵੀ ਹਲਕਾ ਵਿਧਾਇਕ ਲਾਡੀ ਢੋਸ ਵੱਲੋਂ ਹੜ੍ਹਾਂ ਦੇ ਨਾਲ ਹੋਏ ਨੁਕਸਾਨ ਬਾਰੇ ਜੋ ਮੁੱਦਾ ਚੱਕਿਆ ਹੈ ਜਿਸ ਵਿੱਚ ਉਹਨਾਂ ਨੇ ਪਿੰਡਾਂ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਬਾਰੇ ਦੱਸਿਆ ਹੈ ਅਤੇ ਅਤੇ ਕੇਂਦਰ ਸਰਕਾਰ ਪਾਸੋਂ ਪ੍ਰਭਾਵਤ ਪਿੰਡਾਂ ਲਈ ਰਾਹਤ ਪੇਕੇਜ ਦਾ ਵੀ ਮੰਗ ਕੀਤੀ ਹੈ।

# ਸਾਰਸ ਮੇਲਾ ਸਟਾਰ ਕਲਾਕਾਰਾਂ ਨਾਲ ਚਕਾਚੌਂਧ ਕਰੇਗਾ

**ਲੁਧਿਆਣਾ (ਰਾਜ ਸਿੰਗਲਾ)** ਜ਼ਿਲ੍ਹਾ ਪ੍ਰਸ਼ਾਸਨ 4 ਤੋਂ 13 ਅਕਤੂਬਰ ਤੱਕ ਜੀਵੰਤ ਸਾਰਸ ਮੇਲੇ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਸ਼ਾਨਦਾਰ ਸਮਾਗਮ ਵਿੱਚ ਪ੍ਰਸਿੱਧ ਪੰਜਾਬੀ ਕਲਾਕਾਰਾਂ ਦੀ ਇੱਕ ਸ਼ਾਨਦਾਰ ਲਾਈਨਅੱਪ ਵੀ ਦਿਖਾਈ ਦੇਵੇਗੀ, ਜੋ ਸੰਗੀਤ ਤੇ ਮਨੋਰੰਜਨ ਨਾਲ ਭਰੀਆਂ ਅਭੁੱਲ ਸ਼ਾਮਾਂ ਦਾ ਵਾਅਦਾ ਕਰੇਗੀ। ਮੇਲਾ 4 ਅਕਤੂਬਰ ਨੂੰ ਪ੍ਰਸਿੱਧ ਗਾਇਕ ਗੁਰਦਾਸ ਮਾਨ, 5 ਅਕਤੂਬਰ ਨੂੰ ਕੁਲਵਿੰਦਰ ਬਿੱਲਾ ਤੇ 6 ਅਕਤੂਬਰ ਨੂੰ ਗਤੀਸ਼ੀਲ ਜੋੜੀ ਬਸੰਤ ਕੁਰ ਅਤੇ ਪਰੀ ਪੰਧੇਰ ਨਾਲ ਸ਼ੁਰੂ ਹੋਵੇਗਾ।7 ਅਕਤੂਬਰ ਨੂੰ ਕੰਵਰ ਗਰੇਵਾਲ ਤੇ ਮਨਰਾਜ ਪਾਤਰ ਸਟੇਜ 'ਤੇ ਉਤਰਨਗੇ, ਜਦੋਂ ਕਿ 8 ਅਕਤੂਬਰ ਨੂੰ ਗੁਰਨਾਮ ਭੁੱਲਰ, ਸਵੀਤਾਜ ਬਰਾੜ, ਪ੍ਰਭ ਬੈਂਸ, ਅਸਮੀਤ ਸੇਹਰਾ ਅਤੇ ਕਾਲਾ ਗਰੇਵਾਲ ਦਾ ਸ਼ਾਨਦਾਰ ਸਮੂਹ ਪੇਸ਼ਕਾਰੀ ਕਰੇਗਾ। 9 ਅਕਤੂਬਰ ਨੂੰ ਦਿਲਪ੍ਰੀਤ ਢਿੱਲੋਂ ਅਤੇ ਵਿੱਕੀ ਢਿੱਲੋਂ, 10 ਅਕਤੂਬਰ ਨੂੰ ਸਤਿੰਦਰ ਸਰਤਾਜ ਅਤੇ 11 ਅਕਤੂਬਰ ਨੂੰ ਰਣਜੀਤ ਬਾਵਾ ਨਾਲ ਉਤਸ਼ਾਹ ਜਾਰੀ ਰਹੇਗਾ।ਜੋਸ਼ ਬਰਾੜ, ਗੀਤਾਜ ਬਿੰਦਰਖੀਆ ਦੀ ਪੇਸ਼ਕਾਰੀ, 12



ਅਕਤੂਬਰ ਨੂੰ ਭੀੜ ਨੂੰ ਜੋਸ਼ ਨਾਲ ਭਰ ਦੇਣਗੇ ਤੇ ਗਿੱਪੀ ਗਰੇਵਾਲ 13 ਅਕਤੂਬਰ ਨੂੰ ਚਾਰਟ-ਟੌਪਿੰਗ ਹਿੱਟ ਗੀਤਾਂ ਨਾਲ ਮੇਲਾ ਸਮਾਪਤ ਕਰਨਗੇ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਐਲਾਨ ਕੀਤਾ ਕਿ ਸਾਰਸ ਮੇਲੇ ਤੋਂ ਪ੍ਰਾਪਤ ਸਾਰੀ ਕਮਾਈ ਹੜ੍ਹ ਰਾਹਤ ਫੰਡਾਂ ਵਿੱਚ ਦਾਨ ਕੀਤੀ ਜਾਵੇਗੀ, ਜੋ ਹਾਲ ਹੀ ਦੇ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਸਹਾਇਤਾ ਕਰੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਮਾਗਮ ਪੰਜਾਬ ਦੇ ਜੀਵੰਤ ਸੱਭਿਆਚਾਰ ਦੇ ਜਸ਼ਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਇੱਕ ਸਾਰਥਕ ਮੌਕਾ ਹੈ।

# ਸਰਕਾਰੀ ਰਾਜਿੰਦਰਾ ਹਸਪਤਾਲ 'ਚ ਨਰਸਾਂ ਦਾ ਧਰਨਾ ਜਾਰੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਯੂਨਾਈਟਿਡ ਨਰਸਿਜ਼ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਲਗਾਇਆ ਪੱਕਾ ਧਰਨਾ ਮੰਗਲਵਾਰ ਨੂੰ ਛੇਵੇਂ ਦਿਨ ਵੀ ਜਾਰੀ ਰਿਹਾ। ਅੰਮ੍ਰਿਤਸਰ, ਪਟਿਆਲਾ ਅਤੇ ਮੋਹਾਲੀ ਦੇ ਸਰਕਾਰੀ ਮੈਡੀਕਲ ਕਾਲਜਾਂ ਦੇ ਨਰਸਿੰਗ ਕਰਮਚਾਰੀਆਂ ਨੇ ਪੂਰੀ ਇਕਜੁੱਟਤਾ ਨਾਲ ਇਸ 'ਚ ਸ਼ਮੂਲੀਅਤ ਕੀਤੀ । ਇਸ ਤੋਂ ਇਲਾਵਾ ਨਰਸਿੰਗ ਸਟਾਫ ਦੇ ਮੇਲ ਮੈਂਬਰ ਅੰਕੁਰ ਮਲੇਠੀਆ ਵੀ ਪਾਰਕਿੰਗ ਦੀ ਬਿਲਡਿੰਗ ਦੀ ਛੱਤ 'ਤੇ ਡਟੇ ਰਹੇ। ਦੂਜੇ ਪਾਸੇ ਸੋਮਵਾਰ ਨੂੰ ਉੱਚ ਅਧਿਕਾਰੀਆਂ ਵੱਲੋਂ ਯੂਨਾਈਟਿਡ ਨਰਸਿਜ਼ ਐਸੋਸੀਏਸ਼ਨ ਦੇ ਪ੍ਰਤਿਨਿਧੀਆਂ ਨਾਲ ਕੀਤੀ ਗਈ ਬੈਠਕ ਬੇਸਿੱਟਾ ਰਹੀ ਤੇ ਡਾਇਰੈਕਟਰੇਟ ਆਫ ਰਿਸਰਚ ਐਂਡ ਮੈਡੀਕਲ ਐਜੂਕੇਸ਼ਨ ਵੱਲੋਂ ਦੁਬਾਰਾ 15 ਦਿਨਾਂ ਦਾ ਸਮਾਂ ਮੰਗਿਆ ਗਿਆ ਹੈ। ਮੰਗਲਵਾਰ ਨੂੰ ਡੀ ਆਰ ਐੱਮ ਈ ਵੱਲੋਂ ਪੱਤਰ ਜਾਰੀ ਕਰ ਕੇ ਸਟਾਫ ਨਰਸਿਜ਼ ਨੂੰ 3 ਅਕਤੂਬਰ ਸਵੇਰੇ 9 ਵਜੇ ਤੱਕ ਡਿਊਟੀ ਜੁਆਇਨ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਧਰਨੇ ਨੂੰ ਵੱਖ-ਵੱਖ ਧਾਰਮਿਕ ਅਤੇ




ਸਮਾਜਿਕ ਸੰਗਠਨਾਂ ਵੱਲੋਂ ਭਰਪੂਰ ਸਮਰਥਨ ਪ੍ਰਾਪਤ ਹੋਇਆ। ਬਾਅਦ ਦੁਪਹਿਰ ਡੀ ਐੱਚ ਐੱਸ ਦੇ ਸਾਥੀਆਂ ਵੱਲੋਂ ਆ ਕੇ ਧਰਨੇ 'ਚ ਲਗਾਤਾਰ ਸੱਤ ਦਿਨ ਸ਼ਮੂਲੀਅਤ ਕਰ ਕੇ ਸਟਾਫ ਨਰਸਿਜ਼ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ। ਯੂਨਾਈਟਿਡ ਨਰਸਿਜ਼ ਐਸੋਸੀਏਸ਼ਨ ਦੇ ਪ੍ਰਧਾਨ ਆਰਤੀ ਬਾਲੀ ਨੇ ਦੱਸਿਆ ਕਿ ਆਪਣੀਆਂ ਮੰਗਾਂ ਮਨਵਾਉਣ ਲਈ ਸ਼ੁਰੂ ਕੀਤਾ ਅੰਦੋਲਨ ਹੁਣ ਆਰ-ਪਾਰ ਦੀ ਲੜਾਈ ਬਣ ਚੁੱਕਿਆ ਹੈ ਤੇ ਮੰਗਾਂ ਮਨਵਾਉਣ ਤੱਕ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ 'ਚ ਡੀ ਆਰ ਐੱਮ ਈ ਵੱਲੋਂ ਮੁੜ ਤੋਂ 15 ਦਿਨਾਂ ਦਾ ਸਮਾਂ ਮੰਗਣਾ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਸਟਾਫ ਨਰਸਿਜ਼ ਦੀਆਂ ਮੰਗਾਂ ਪ੍ਰਤੀ ਸਰਕਾਰ ਗੰਭੀਰ ਨਹੀ। ਉਨ੍ਹਾਂ ਕਿਹਾ ਕਿ ਹੜਤਾਲ ਦੇ ਕਾਰਨ ਹਸਪਤਾਲਾਂ ਵਿੱਚ ਬੀ ਐੱਸ ਸੀ ਨਰਸਿੰਗ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਤੋਂ ਕੰਮ ਲਿਆ ਜਾ ਰਿਹਾ ਹੈ, ਜੋ ਕਿ ਗੈਰ-ਕਾਨੂੰਨੀ ਕਦਮ ਮਰੀਜ਼ਾਂ ਦੀ ਜਾਨ ਨਾਲ ਖ਼ਿਲਵਾੜ ਕਰਨ ਦੇ ਬਰਾਬਰ ਹੈ। ਪ੍ਰਧਾਨ ਆਰਤੀ ਬਾਲੀ ਨੇ ਕਿਹਾ ਕਿ ਡੀ ਆਰ ਐੱਮ ਈ ਵੱਲੋਂ 3 ਅਕਤੂਬਰ ਤੱਕ ਡਿਊਟੀ ਜੁਆਇਨ ਕਰਨ ਦੇ ਹੁਕਮ ਨਰਸਿੰਗ ਸਟਾਫ ਨੂੰ ਡਰਾਉਣ ਦੀ ਅਸਫਲ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਖੁਦ ਲੋਕਲ ਹੋਣ ਦੇ ਬਾਵਜੂਦ ਅਜੇ ਤੱਕ ਨਰਸਿੰਗ ਸਟਾਫ ਨਾਲ ਗੱਲਬਾਤ ਲਈ ਇੱਕ ਵਾਰ ਵੀ ਨਹੀਂ ਪਹੁੰਚੇ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਜਗਮੀਤ ਸਿੰਘ, ਅਕਾਲੀ ਦਲ ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ, ਪਟਿਆਲਾ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ, ਸਨੌਰ ਹਲਕਾ ਇੰਚਾਰਜ ਰਜਿੰਦਰ ਸਿੰਘ ਵਿਰਕ, ਕਬੀਰ ਦਾਸ, ਪ੍ਰੋ. ਸੁਮੇਲ ਸਿੰਘ ਸੀੜਾ, ਅਜੀਤ ਸਿੰਘ ਖਟੋਈ, ਕਮਲਜੀਤ ਸਿੰਘ ਚੁੰਨੀ, ਸਵਰਨ ਸਿੰਘ ਬੰਗਾ (ਜੋਇੰਟ ਐਕਸ਼ਨ ਕਮੇਟੀ), ਗੁਰਬਖਸ਼ ਸਿੰਘ, ਰਾਕੇਸ਼ ਕੁਮਾਰ, ਕਸ਼ਮੀਰ ਸਿੰਘ , ਜੀਜੇ ਸਿੰਘ ਤੇ ਸੁਰਿੰਦਰ ਸਿੰਘ ਅਤੇ ਬਲਦੇਵ ਸਿੰਘ ਸਿਰਸਾ ਆਦਿ ਨੇ ਹਾਜ਼ਰੀ ਭਰ ਕੇ ਨਰਸਿੰਗ ਸਟਾਫ ਦੇ ਸੰਘਰਸ਼ ਨੂੰ ਸਮਰਥਨ ਦਿੱਤਾ।ਮੰਗਲਵਾਰ ਨੂੰ ਡਾਇਰੈਕਟਰੇਟ ਆਫ ਰਿਸਰਚ ਐਂਡ ਮੈਡੀਕਲ ਐਜੂਕੇਸ਼ਨ (ਡੀ ਆਰ ਐੱਮ ਈ) ਵੱਲੋਂ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੇ ਅੰਮ੍ਰਿਤਸਰ ਦੇ ਡਾਇਰੈਕਟਰ-ਕਮ-ਪ੍ਰਿੰਸੀਪਲ ਨੂੰ ਪੱਤਰ ਲਿਖ ਕੇ ਹੜਤਾਲੀ ਨਰਸਿੰਗ ਸਟਾਫ ਨੂੰ 3 ਅਕਤੂਬਰ ਤੱਕ ਡਿਊਟੀ ਜੁਆਇਨ ਕਰਨ ਦੇ ਹੁਕਮ ਜਾਰੀ ਕਰਨ ਦੇ ਆਦੇਸ਼ ਦਿੱਤੇ ਗਏ ਹਨ।

# ਪ੍ਰਾਇਮਰੀ ਸਕੂਲ ਭਾਗੀਕੇ ਵਿਖੇ ਮਹੀਨਾਵਾਰ ਈਵੈਂਟ ਕਰਵਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**- ਸਰਕਾਰੀ ਪ੍ਰਾਇਮਰੀ ਸਕੂਲ ਭਾਗੀਕੇ ਵਿਖੇ ਬੀ ਪੀ ਈ ਓ ਮੈਡਮ ਵਰਿੰਦਰ ਕੌਰ ਦੀ ਅਗਵਾਈ ਹੇਠ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਲਈ ਪਪਟ ਬਣਾਉਣ ਦਾ ਈਵੈਂਟ ਕਰਵਾਇਆ ਗਿਆ। ਈਵੈਂਟ ਦਾ ਮੁੱਖ ਉਦੇਸ਼ ਬੱਚਿਆਂ ਦੀਆਂ ਛੋਟੀਆਂ ਮਾਸ ਪੇਸ਼ੀਆਂ ਦਾ ਵਿਕਾਸ ਅਤੇ ਰਚਨਾਤਮਕ ਭਾਵਨਾਵਾਂ ਪੈਦਾ ਕਰਨਾ ਹੈ। ਇਸ ਉਦੇਸ਼ ਬਾਰੇ ਮਾਤਾਵਾਂ ਨੂੰ ਜਾਣਕਾਰੀ ਦਿੱਤੀ ਗਈ। ਇਹ ਈਵੈਂਟ ਸਕੂਲ ਮੁਖੀ ਅਮਰਜੀਤ ਕੌਰ, ਸਮੂਹ ਸਟਾਫ ਅਤੇ ਪ੍ਰਥਮ ਜਿਲ੍ਹਾ ਕੋਆਰਡੀਨੇਟਰ ਜਗਤਾਰ ਸਿੰਘ ਦੇ ਸਹਿਜੋਗ ਨਾਲ ਕਰਵਾਇਆ ਗਿਆ। ਇਸ ਈਵੈਂਟ ਵਿੱਚ ਆਂਗਣਵਾੜੀ ਵਰਕਰਾਂ, ਹੈਲਪਰ ਅਤੇ ਮਾਤਾਵਾਂ ਨੇ ਭਾਗ ਲਿਆ।

# ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਟਰੱਸਟ) ਹਾਮਝੇੜੀ ਦੇ ਵਿਦਿਆਰਥੀਆਂ ਵੱਲੋਂ ਸੁਤੰਤਰਤਾ ਸੰਗਰਾਮੀ ਹਰਭਜਨ ਸਿੰਘ ਮੈਮੋਰੀਅਲ ਸਕੂਲ ਆਫ਼ ਐਮੀਨਸ ਘੱਗਾ ਵਿਖੇ ਹੋਈ 69ਵੀਂ ਅਥਲੈਟਿਕਸ ਚੈਂਪੀਅਨਸ਼ਿਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਕੂਲ ਮੈਨੇਜਮੈਂਟ ਟਰੱਸਟ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸਨਮਾਨ ਸਮਾਰੋਹ ਦੌਰਾਨ ਨੈਸ਼ਨਲ ਐਥਲੀਟ ਗੁਰਮਨਦੀਪ ਕੌਰ, ਗੁਰਿੰਦਰ ਸਿੰਘ ਸਿੱਧੂ ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਤੇ ਖ਼ਜ਼ਾਨਚੀ ਬਲਰਾਮ ਸਿੰਘ ਧੌਂਸਾ ਵੱਲੋਂ ਜੇਤੂ




ਵਿਦਿਆਰਥੀਆਂ ਨੂੰ ਮੈਡਲ ਟਰੈਕ ਸੂਟ ਤੇ ਸਪੋਰਟਸ ਬੂਟ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਗੁਰਤੇਜ ਸਿੰਘ ਨੇ ਦੱਸਿਆ ਕਿ ਅਥਲੈਟਿਕਸ ਮੀਟ ਦੌਰਾਨ ਬਾਰ੍ਹਵੀਂ ਕਲਾਸ ਦੀ ਵਿਦਿਆਰਥਣ ਮਨਦੀਪ ਕੌਰ ਨੇ ਅੰਡਰ 19 ਸਾਲਾ ਉਮਰ ਵਰਗ ਵਿੱਚ 200 ਤੇ 400 ਮੀਟਰ ਦੌੜ ਵਿੱਚ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਦੋ ਸੋਨ ਤਗਮੇ ਸਕੂਲ ਦੀ ਝੋਲੀ ਪਾਏ ਹਨ।ਇਸ ਤੋਂ ਇਲਾਵਾ ਬਾਰਵੀਂ ਕਲਾਸ ਦੇ ਵਿਦਿਆਰਥੀ ਖੁਸ਼ਪ੍ਰੀਤ ਸਿੰਘ ਨੇ 100 ਮੀਟਰ ਰੇਸ ਵਿੱਚ ਗੋਲਡ ਮੈਡਲ ਤੇ ਬਾਰ੍ਹਵੀਂ ਹੀ ਕਲਾਸ ਦੇ ਵਿਦਿਆਰਥਣ ਹੁਸਨਪ੍ਰੀਤ ਕੌਰ ਨੇ 100 ਮੀਟਰ ਰੇਸ ਤੇ ਦਸਵੀਂ ਕਲਾਸ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਸ਼ਾਟਪੁੱਟ 19 ਸਾਲਾ ਉਮਰ ਵਰਗ ਵਿੱਚ 100 ਮੀਟਰ ਰੇਸ ਤੇ ਗਿਆਰ੍ਹਵੀਂ ਕਲਾਸ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਨੇ 17 ਸਾਲਾਂ ਉਮਰ ਵਰਗ ਵਿੱਚ 1500 ਮੀਟਰ ਰੇਸ ਵਿੱਚ ਕਾਂਸੇ ਦਾ ਤਮਗਾ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਬਲਕਾਰ ਸਿੰਘ ਦੀ ਲਗਨ ਤੇ ਮਿਹਨਤ ਸਦਕਾ ਵਿਦਿਆਰਥੀਆਂ ਨੇ ਇਹ ਉਪਲਬਧੀਆਂ ਹਾਸਲ ਕੀਤੀਆਂ ਹਨ, ਜਿਨ੍ਹਾਂ ਵਿੱਚੋਂ ਮਨਦੀਪ ਕੌਰ ਤੇ ਖੁਸ਼ਪ੍ਰੀਤ ਸਿੰਘ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਹਿੱਸਾ ਲੈਣਗੇ। ਸਕੂਲ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਜ਼ਿਲ੍ਹਾ ਤੇ ਰਾਜ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਦੀ ਆਸ ਪ੍ਰਗਟ ਕੀਤੀ ਹੈ।

# 12 ਗ੍ਰਾਮ ਹੈਰੋਇਨ ਸਮੇਤ ਔਰਤ ਤੇ ਇੱਕ ਵਿਅਕਤੀ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਿਟੀ ਤੇ ਥਾਣਾ ਸਦਰ ਪੁਲਸ ਵੱਲੋਂ ਵੱਖ-ਵੱਖ ਥਾਂਵਾਂ ਤੋਂ 12 ਗ੍ਰਾਮ ਹੈਰੋਇਨ ਸਮੇਤ ਇੱਕ ਔਰਤ ਤੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਥਾਣਾ ਸਿਟੀ ਜਲਾਲਾਬਾਦ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਜਸਬੀਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਿਸ ਪਾਰਟੀ ਗਸ਼ਤ ਕਰਦੇ ਹੋਏ ਹਿਸਾਨ ਵਾਲਾ ਰੋਡ ਤੇ ਨਹਿਰ ਦੇ ਪੁਲ ਤੋਂ ਪੱਟੜ ਦੇ ਕੋਲ ਪੁੱਜੇ ਤਾਂ ਸਾਹਮਣੇ ਤੋਂ ਕਰਨਦੀਪ ਸਿੰਘ ਉਰਫ ਕਰਨ ਪੁੱਤਰ ਜੋਗਿੰਦਰ ਸਿੰਘ ਵਾਸੀ ਢਾਣੀ ਵਿਸਾਖਾ ਸਿੰਘ ਝੁੱਗੇ ਜਵਾਹਰ ਸਿੰਘ ਵਾਲੇ ਆਉਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਖਿਸਕਣ ਲੱਗਾ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਸਿਟੀ ਜਲਾਲਾਬਾਦ ਵਿਖੇ ਕਰਨਦੀਪ ਸਿੰਘ ਉਰਫ ਕਰਨ ਦੇ ਵਿਰੁੱਧ ਧਾਰਾ ਐਨ.ਡੀ. ਪੀ. ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਧਰ ਥਾਣਾ ਸਦਰ ਜਲਾਲਾਬਾਦ ਵਿਖੇ ਦਰਜ ਮੁਕੱਦਮਾ ਨੰਬਰ 134 ਦੇ ਤਫਤੀਸ਼ੀ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਥਾਣਾ ਏਰੀਏ ਵਿੱਚ ਮੌਜੂਦ ਸੀ ਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਲਿੰਕ ਰੋਡ ਨਾਨਕ ਨਗਰੀ ਧਰਮੂ ਵਾਲਾ ਦੇ ਕੋਲ ਪੁੱਜੇ ਤਾਂ ਸਾਹਮਣੇ ਤੋਂ ਇਕ ਔਰਤ ਪੈਦਲ ਆਉਦੀ ਦਿਖਾਈ ਦਿੱਤੀ। ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਇਕਦਮ ਘਬਰਾ ਕੇ ਪਿੱਛੇ ਮੁੜਨ ਲੱਗੀ। ਇਸ ਔਰਤ ਨੂੰ ਪੁਲਸ ਪਾਰਟੀ ਨੇ ਕਾਬੂ ਕਰਨ ਉਪਰੰਤ ਮੁੱਢਲੀ ਪੁੱਛਗਿੱਛ ਦੌਰਾਨ ਔਰਤ ਦੀ ਪਛਾਣ ਬਿੰਦਰ ਕੌਰ ਉਰਫ਼ ਅੱਕੋ ਪਤਨੀ ਜਸਵੰਤ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਪਿੰਡ ਫੱਤੂਵਾਲਾ ਵਜੋਂ ਹੋਈ ਹੈ। ਪੁਲਸ ਵੱਲੋਂ ਤਲਾਸ਼ੀ ਦੌਰਾਨ 7 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਔਰਤ ਬਿੰਦਰ ਕੌਰ ਉਰਫ ਅੱਕੋ ਦੇ ਵਿਰੁੱਧ ਧਾਰਾ 21/61/85 ਐਨ.ਡੀ.ਪੀ. ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# 16 ਨਸ਼ਾ ਤਸਕਰਾਂ ਦੀ 6 ਕਰੋੜ ਦੀ ਜਾਇਦਾਦ ਜ਼ਬਤ, 5 ਵੱਡੀਆਂ ਮੱਛੀਆਂ ਕਾਬੂ

**ਸਮਾਣਾ, ਪਟਿਆਲਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਪਟਿਆਲਾ ਪੁਲਸ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਸਫ਼ਲਤਾ ਹਾਸਲ ਕਰਦਿਆਂ 500 ਤੋਂ ਜ਼ਿਆਦਾ ਨਸ਼ੇ ਦੇ ਆਦੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਕਰਾ ਕੇ ਨਸ਼ਾ ਮੁਕਤੀ ਦੇ ਰਾਹ ਤੋਰਿਆ ਹੈ ਤੇ 2000 ਤੋਂ ਜਿਆਦਾ ਨਸ਼ੇ ਦੇ ਆਦੀਆਂ ਦਾ ਓਟ ਸੈਂਟਰਾਂ 'ਚ ਇਲਾਜ ਸ਼ੁਰੂ ਕਰਾਇਆ ਹੈ।ਇਹ ਪ੍ਰਗਟਾਵਾ ਜ਼ਿਲ੍ਹਾ ਪੁਲਸ ਮੁਖੀ ਵਰੁਣ ਸਰਮਾ ਨੇ ਪੁਲਸ ਲਾਈਨ ਵਿਖੇ ਕੀਤਾ।ਉਨ੍ਹਾਂ




ਕਿਹਾ ਕਿ ਪੁਲਸ ਵੱਲੋਂ ਜਿੱਥੇ ਨਸ਼ੇ ਦੇ ਆਦੀਆਂ ਨਾਲ ਸਦਭਾਵਨਾਂ ਦਿਖਾਉਂਦਿਆਂ ਉਨ੍ਹਾਂ ਦਾ ਇਲਾਜ ਕਰਾਇਆ ਰਿਹਾ ਹੈ, ਉਥੇ ਨਸ਼ਾ ਤਸਕਰਾਂ ਵਿਰੁੱਧ ਕੋਈ ਢਿੱਲ ਨਹੀਂ ਵਰਤੀ ਜਾ ਰਹੀ ਹੈ। ਐਸ.ਐਸ.ਪੀ. ਨੇ ਦੱਸਿਆ ਕਿ ਇਹ ਪਟਿਆਲਾ ਪੁਲਸ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਪੁਰਜ਼ੋਰ ਕਾਰਵਾਈ ਕਰਦਿਆਂ ਨਸ਼ਿਆਂ ਦੀ ਸਪਲਾਈ ਚੇਨ ਤੋੜ ਦਿੱਤੀ ਹੈ ਤੇ ਸਤੰਬਰ ਮਹੀਨੇ 'ਚ 93 ਕੇਸ ਦਰਜ ਕੀਤੇ ਅਤੇ 100 ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟਿਆ ਹੈ, ਜਦੋਂ ਤੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਹੋਈ ਹੈ, ਉਦੋਂ ਤੋਂ 16 ਨਸ਼ਾ ਤਸਕਰਾਂ ਦੀ ਕਰੀਬ 6 ਕਰੋੜ ਰੁਪਏ ਦੀ ਜਾਇਦਾਦ ਅਟੈਚ ਕਰਨ ਦੀ ਕਾਰਵਾਈ ਕੀਤੀ ਹੈ, ਜਦਕਿ 5 ਹੋਰ ਵੱਡੀਆਂ ਮੱਛੀਆਂ ਵਿਰੁੱਧ ਕਾਰਵਾਈ ਕਰਕੇ ਇਨ੍ਹਾਂ ਦੀ ਵੀ ਜਾਇਦਾਦ ਅਟੈਚ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਵਰੁਣ ਸ਼ਰਮਾ ਨੇ ਅੱਗੇ ਦੱਸਿਆ ਕਿ ਪਟਿਆਲਾ ਪੁਲਸ ਦਾ ਨਸ਼ਿਆਂ ਦੇ ਤਸਕਰਾਂ ਨੂੰ ਸਜ਼ਾ ਦਿਵਾਉਣ ਦੀ ਦਰ 95 ਫੀਸਦੀ ਹੈ, ਜਿਸ ਤੋਂ ਸਾਡੀ ਤਫ਼ਤੀਸ਼ ਦੇ ਚੰਗੇ ਮਿਆਰ ਸਾਬਤ ਹੁੰਦੇ ਹਨ।ਉਨ੍ਹਾਂ ਕਿਹਾ ਕਿ ਸੇਫ਼ ਪੰਜਾਬ ਐਂਟੀ ਡਰੱਗ ਹੈਲਪਲਾਈਨ 97791-00200 'ਤੇ ਮਿਲੀਆਂ ਸੂਚਨਾਵਾਂ ਤਹਿਤ 250 ਮੁਕੱਦਮੇ ਦਰਜ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ 1 ਜਨਵਰੀ ਤੋਂ 30 ਸਤੰਬਰ ਤੱਕ ਐਨਡੀਪੀਐਸ ਐਕਟ ਤਹਿਤ 781 ਕੇਸ ਦਰਜ ਕੀਤੇ ਤੇ 1065 ਨਸ਼ਾ ਤਸਕਰ ਕਾਬੂ ਕਰਕੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ ਤੇ 16,69,100 ਰੁਪਏ ਡਰੱਗ ਮਨੀ ਜਬਤ ਕੀਤੀ ਗਈ। ਇਸ ਤੋਂ ਬਿਨ੍ਹਾਂ ਆਬਕਾਰੀ ਐਕਟ ਤਹਿਤ 376 ਕੇਸ ਦਰਜ ਕੀਤੇ ਗਏ ਤੇ 406 ਜਣੇ ਗ੍ਰਿਫਤਾਰ ਕੀਤੇ ਗਏ।

# ਬਾਬਾ ਫਰੀਦ ਸਕੂਲ ਛੱਤਿਆਣਾ ਵਿਖੇ ਐੱਨ ਐੱਸ ਐੱਸ ਕੈਂਪ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਯੁਵਕ ਸੇਵਾਵਾਂ ਵਿਭਾਗ ਦੇ ਕੁਲਵਿੰਦਰ ਸਿੰਘ ਡਿਪਟੀ ਡਾਇਰੈਕਟਰ ਪੰਜਾਬ ਅਤੇ ਦਵਿੰਦਰ ਲੋਟੇ ਅਸਿਸਟੈਂਟ ਡਾਇਰੈਕਟਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਪ੍ਰਿੰਸੀਪਲ ਪਰਮਜੀਤ ਕੌਰ ਦੀ ਯੋਗ ਅਗਵਾਈ ਵਿੱਚ ਸੱਤ ਰੋਜ਼ਾ ਐਨ ਐਸ ਐਸ ਕੈਂਪ ਦੀ ਰੋਜ਼ਾਨਾ ਸ਼ੁਰੂਆਤ ਗੁਰਜੋਤ ਸਿੰਘ ਲੈਕਚਰਾਰ ਕੈਮਿਸਟਰੀ ਵੱਲੋਂ ਵਲੰਟੀਅਰਾਂ ਨੂੰ ਯੋਗ ਆਸਣ ਕਰਵਾ ਕੇ ਕਰਵਾਉਂਦੇ ਹਨ। ਇਸ ਮੌਕੇ ਐਨ ਐਸ ਐਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੋਗਰਾਮ ਅਫਸਰ ਬਲਕਰਨ ਸਿੰਘ ਬਰਾੜ, ਲੈਕਚਰਾਰ ਸੁਖਦੀਪ ਤੇ ਸਿੰਘ ਮਾਨ ਪੰਜਾਬੀ ਲੈਕਚਰਾਰ ਨੇ ਦੱਸਿਆ ਕਿ ਕੈਂਪ ਦੌਰਾਨ ਐਨ ਐਸ ਐਸ ਵਲੰਟੀਅਰਾਂ ਨੂੰ ਬਾਬਾ ਸ਼ੇਖ ਫਰੀਦ ਜੀ ਦੇ ਟਿੱਲੇ ਤੇ ਫਰੀਦਕੋਟ ਵਿਖੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੇ ਦਰਸ਼ਨ ਕਰਵਾਏ ਅਤੇ ਸ਼ਾਮ ਨੂੰ ਬਠਿੰਡਾ ਵਿਖੇ ਬਲਵੰਤ ਗਾਰਗੀ ਆਡੀਟੋਰੀਅਮ ਹਾਲ ਵਿੱਚ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਸ਼ਹੀਦੀ ਦੇ ਸਬੰਧ ਵਿੱਚ ਨਾਟਕ ਮੈਂ ਭਗਤ ਸਿੰਘ ਦੇ ਰੂਬਰੂ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਕੈਂਪ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦੇ ਸਕੂਲ ਕੈਂਪਸ ਅਤੇ ਖੇਡ ਗਰਾਊਂਡ ਦੀ ਸਫਾਈ ਕੀਤੀ। ਕੈਂਪ ਦੌਰਾਨ ਲੈਕਚਰਾਰ ਡਾ. ਚੰਦਰ ਪ੍ਰਕਾਸ਼ ਡੀ ਏ ਵੀ ਕਾਲਜ ਗਿੱਦੜਬਾਹਾ ਅਤੇ ਪ੍ਰੋ. ਜਸਵਿੰਦਰ ਬਾਘਲਾ ਡੀ ਏ ਵੀ ਕਾਲਜ ਗਿੱਦੜਬਾਹਾ ਨੇ ਐਨ ਐਸ ਐਸ ਵਲੰਟੀਅਰਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਵੱਖ ਵੱਖ ਵਿਸ਼ਿਆਂ 'ਤੇ ਸੈਮੀਨਾਰ ਲਗਾਏ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਐਨ ਐਸ ਵਲੰਟੀਅਰਾਂ ਨੂੰ ਵਧੀਆ ਵਲੰਟੀਅਰ ਹੋਣ ਲਈ ਬਣਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਅਮਨਦੀਪ ਕੌਰ, ਮਨਦੀਪ ਕੌਰ, ਗੁਰਪ੍ਰੀਤ ਕੌਰ, ਬੇਅੰਤ ਕੌਰ, ਸ਼ਰਨਜੋਤ ਕੌਰ, ਸੁਖਜਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

# ਸੀਮਿੰਟ ਫੈਕਟਰੀ ਰੋਡ ਦੀ ਖ਼ਸਤਾ ਹਾਲਤ ਦੇ ਰਹੀ ਹੈ ਹਾਦਸਿਆਂ ਨੂੰ ਸੱਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਪੰਜਾਬ ਸੀਟੂ ਦੇ ਸੂਬਾ ਮੀਤ ਪ੍ਰਧਾਨ ਬਲਕਾਰ ਸਿੰਘ ਨੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਪਿੰਡ ਲਹਿਰਾ ਮੁਹੱਬਤ ਤੋਂ ਪਿੰਡ ਬਾਠ ਅਤੇ ਅਲਟ੍ਰਾਟੈਕ ਸੀਮਿੰਟ ਫੈਕਟਰੀ ਲਹਿਰਾ ਮੁਹੱਬਤ ਨੂੰ ਜਾਂਦੀ ਸੜਕ ਜੋ ਕਿ ਨੈਸ਼ਨਲ ਹਾਈਵੇ-7 ਤੋਂ ਲਗਭਗ 4.5 ਕਿਲੋਮੀਟਰ ਹੈ। ਇਸ ਰੋਡ ਉਪਰ ਦੀ ਸੀਮਿੰਟ ਫੈਕਟਰੀ ਦੇ ਰੋਜ਼ਾਨਾ ਲਗਭਗ 250 ਤੋਂ ਵੀ ਜ਼ਿਆਦਾ ਹੈਵੀ ਟਰੱਕ ਟਰਾਲੇ ਅੱਪਡਾਉਨ ਕਰਦੇ ਹਨ। ਜਿਸ ਕਰਕੇ ਇਹ ਸੜਕ ਜਲਦੀ ਆਪਣੀ ਮੁਨਿਆਦ ਪੁੱਗਣ ਤੋਂ ਪਹਿਲਾਂ ਹੀ ਟੁੱਟ ਜਾਂਦੀ ਹੈ। ਪਿਛਲੇ ਸਮੇਂ ਦੌਰਾਨ ਅਲਟ੍ਰਾਟੈਕ ਸੀਮਿੰਟ ਮੈਨੇਜਮੈਂਟ ਵੱਲੋਂ ਇਸ ਸੜਕ



ਨੂੰ ਚੌੜਾ ਕਰਨ ਲਈ ਇਸ ਦੀ ਦੋਨੋਂ ਸਾਈਡ ਦੀਵਾਰ ਬਣਵਾਈ ਗਈ ਸੀ, ਜੋ ਕਿ ਹੁਣ ਥਾਂ-ਥਾਂ ਤੋਂ ਟੁੱਟ ਰਹੀ ਹੈ ਅਤੇ ਮੀਂਹ ਕਾਰਨ ਘਾਰੇ ਪੈ ਗਏ ਹਨ। ਜਿਸ ਕਰਕੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਣ ਦੇ ਨਾਲ -ਨਾਲ ਰਾਹਗੀਰਾਂ ਲਈ ਵੀ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਇਸ ਸੜਕ ਉੱਪਰ ਦੀ ਕਿਸਾਨਾਂ ਅਤੇ ਆਮ ਲੋਕਾਂ ਤੋਂ ਇਲਾਵਾ ਜੀ. ਐੱਚ. ਟੀ. ਪੀ.ਲਹਿਰਾ ਮੁਹੱਬਤ ਅਤੇ ਸੀਮਿੰਟ ਫੈਕਟਰੀ ਵਿੱਚ ਕੰਮ ਕਰਦੇ ਸੈਂਕੜੇ ਵਰਕਰ ਵੀ ਦਿਨ-ਰਾਤ ਆਪਣੇ ਵਹੀਕਲਾਂ ਰਾਹੀਂ ਅੱਪ-ਡਾਉਨ ਕਰਦੇ ਹਨ। ਸੀਮਿੰਟ ਫੈਕਟਰੀ ਦੇ ਭਾਰੀ ਟਰੱਕ ਟਰਾਲੇ ਲੰਘਣ ਕਰਕੇ ਇਸ ਸੜਕ 'ਤੇ ਲਗਭਗ ਫੁੱਟ-ਫੁੱਟ ਡੂੰਘੇ ਖੱਡੇ ਬਣ ਗਏ ਹਨ। ਇਹ ਟੋਏ ਮੀਂਹ ਦੇ ਪਾਣੀ ਨਾਲ ਭਰ ਜਾਣ ਕਰਕੇ ਅਤੇ ਧੂੜ-ਮਿੱਟੀ ਉੱਡਣ ਕਰਕੇ ਦਿਖਾਈ ਨਹੀਂ ਦਿੰਦੇ, ਜਿਸ ਕਰਕੇ ਸੀਮਿੰਟ ਫੈਕਟਰੀ ਦੇ ਵਰਕਰ ਕਈ ਵਾਰ ਇਨ੍ਹਾਂ ਖੱਡਿਆਂ ਵਿੱਚ ਡਿੱਗੇ ਹਨ। ਉਹਨਾਂ ਕਿਹਾ ਕਿ ਇਸ ਸਬੰਧੀ ਅਲਟ੍ਰਾਟੈਕ ਸੀਮਿੰਟ ਮੈਨੇਜਮੈਂਟ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਇਹ ਸੜਕ ਬਣਾਉਣ ਦਾ ਕੰਮ ਪ੍ਰਸ਼ਾਸਨ ਦਾ ਹੈ। ਅਸੀਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਗੱਲ ਕਰਦੇ ਹਾਂ, ਕਹਿ ਕੇ ਪੱਲਾ ਝਾੜ ਲਿਆ। ਸੀਟੂ ਆਗੂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਸ ਸੜਕ ਦਾ ਕੰਮ ਜਲਦ ਸ਼ੁਰੂ ਨਾ ਕੀਤਾ ਗਿਆ ਜਾਂ ਇਸ ਸੜਕ ਦੇ ਕਾਰਨ ਕੋਈ ਹਾਦਸਾ ਵਾਪਰਿਆ ਤਾਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਅਣਮਿੱਥੇ ਸਮੇਂ ਲਈ ਧਰਨਾ ਲਾਇਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਅਲਟ੍ਰਾਟੈਕ ਸੀਮਿੰਟ ਮਨੇਜਮੈਂਟ ਅਤੇ ਪ੍ਰਸ਼ਾਸਨ ਦੀ ਹੋਵੇਗੀ।

# ਵਧੀਕ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਕੀਤੀ ਅਪੀਲ



**ਮਲੋਟ /ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਝੋਨੇ ਦੀ ਵਾਢੀ ਦੇ ਸੀਜ਼ਨ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਦੀਆਂ ਹਦਾਇਤਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਏ.ਡੀ.ਸੀ. ਜਨਰਲ) ਗੁਰਪ੍ਰੀਤ ਸਿੰਘ ਥਿੰਦ ਵੱਲੋਂ ਜ਼ਿਲ੍ਹੇ ਦੇ ਪਿੰਡ ਰੁਪਾਣਾ, ਝੋਰੜ, ਬਾਮ, ਮਹਾਂਬੱਧਰ ਅਤੇ ਭਾਗਸਰ ਵਿਖੇ ਕਿਸਾਨ ਮਿਲਣੀਆਂ ਕਰਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਅਤੇ ਰਹਿੰਦ ਖੂੰਹਦ ਨੂੰ ਨਾ ਸਾੜਨ ਦੀ ਅਪੀਲ ਕੀਤੀ ਗਈ।ਇਨ੍ਹਾਂ ਮਿਲਣੀਆਂ ਮੌਕੇ ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ ਨੇ ਕਿਸਾਨਾਂ ਨੂੰ ਕਿਹਾ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਅਤੇ ਕੁਦਰਤੀ ਸ੍ਰੋਤਾਂ ਦੀ ਸਾਂਭ ਸੰਭਾਲ ਬਹੁਤ ਲਾਜ਼ਮੀ ਹੈ। ਇਸ ਦੇ ਲਈ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਇਸ ਧਰਤੀ 'ਤੇ ਵਿਚਰਦਿਆਂ ਹਰ ਮਨੁੱਖ ਵਾਤਾਵਰਣ ਦੀ ਸੰਭਾਲ ਵਿਚ ਆਪਣਾ ਯੋਗਦਾਨ ਜ਼ਰੂਰ ਪਾਵੇ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਹੋਰਨਾਂ ਕਿਸਾਨਾਂ ਨੂੰ ਵੀ ਇਸ ਦੇ ਲਈ ਪ੍ਰੇਰਿਤ ਕਰਨ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿੰਡਾਂ ਵਿਚ ਕਿਸਾਨਾਂ ਦਾ ਪਰਾਲੀ ਪ੍ਰਬੰਧਨ ਨੂੰ ਲੈ ਕੇ ਚੰਗਾ ਹੁੰਗਾਰਾ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਕਿਸਾਨਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਉਹ ਆਪੋ-ਆਪਣੇ ਪਿੰਡਾਂ ਵਿਚ ਕਿਤੇ ਵੀ ਪਰਾਲੀ ਨੂੰ ਅੱਗ ਨਹੀਂ ਲੱਗਣ ਦੇਣਗੇ ਬਲਕਿ ਇਸ ਦਾ ਯੋਗ ਪ੍ਰਬੰਧਨ ਕਰਨਗੇ।ਇਸ ਮੌਕੇ ਉਪ-ਮੰਡਲ ਮੈਜਿਸਟ੍ਰੇਟ ਮਲੋਟ ਜਗਰਾਜ ਸਿੰਘ ਕਾਹਲੋਂ, ਜ਼ਿਲ੍ਹਾ ਮਾਲ ਅਫ਼ਸਰ ਸੰਦੀਪ ਸਿੰਘ, ਤਹਿਸੀਲਦਾਰ ਗੁਰਪ੍ਰੀਤ ਸਿੰਘ, ਚੇਅਰਮੈਨ ਸਹਿਕਾਰੀ ਸੁਸਾਇਟੀ ਜਗਦੇਵ ਬਾਂਮ, ਬੀ.ਡੀ.ਪੀ.ਓ. ਮਲੋਟ ਭੁਪਿੰਦਰ ਸਿੰਘ, ਹਰਵਿੰਦਰ ਸਿੰਘ ਸਰਪੰਚ ਰੁਪਾਣਾ, ਗੁਰਚਰਨ ਸਿੰਘ ਸੈਕਟਰੀ ਸਹਿਕਾਰੀ ਸੁਸਾਇਟੀ ਰੁਪਾਣਾ, ਪਿੱਪਲ ਸਿੰਘ ਸਰਪੰਚ ਸੁੰਦਰ ਰੁਪਾਣਾ, ਕਰਮਦੀਪ ਸਿੰਘ ਪ੍ਰਧਾਨ ਸਹਿਕਾਰੀ ਸੁਸਾਇਟੀ ਰੁਪਾਣਾ, ਰਾਮਚੰਦ ਸਰਪੰਚ ਝੋਰੜ, ਜਗਮੀਤ ਸਿੰਘ ਸਰਪੰਚ ਬਾਂਮ, ਜਸਪ੍ਰੀਤ ਕੌਰ ਸਰਪੰਚ ਮਹਾਂਬੱਧਰ, ਜਗਦੀਪ ਸਿੰਘ (ਰਾਜੂ) ਮਹਾਂਬੱਧਰ, ਪਰਮਜੀਤ ਸਿੰਘ ਸਰਪੰਚ ਭਾਗਸਰ ਤੋਂ ਇਲਾਵਾ ਸਬੰਧਤ ਪਿੰਡਾਂ ਦੇ ਕਿਸਾਨ ਅਤੇ ਪੰਚਾਇਤਾਂ ਦੇ ਨੁਮਾਇੰਦੇ ਹਾਜ਼ਰ ਸਨ।

# ਚੋਰੀ ਮਾਮਲਾ ਚੰਦ ਘੰਟਿਆਂ 'ਚ ਸੁਲਝਿਆ, ਮੁੱਖ ਦੋਸ਼ੀ ਸਮੇਤ ਕਬਾੜੀਆ ਗ੍ਰਿਫ਼ਤਾਰ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ) ਡਾ. ਪ੍ਰਗਿਆ ਜੈਨ ਆਈ.ਪੀ.ਐਸ, ਐਸ.ਐਸ.ਪੀ ਫਰੀਦਕੋਟ ਅਗਵਾਈ ਹੇਠ ਪੁਲਸ ਨੇ ਇੱਕ ਵੱਡੀ ਸਫ਼ਲਤਾ ਹਾਸਲ ਕਰਦੇ ਹੋਏ ਸਿਵਲ ਹਸਪਤਾਲ ਵਿੱਚੋਂ ਹੋਈ ਚੋਰੀ ਦੀ ਵਾਰਦਾਤ ਨੂੰ ਮਹਿਜ਼ ਚੰਦ ਘੰਟਿਆਂ ਅੰਦਰ ਹੀ ਸੁਲਝਾ ਲਿਆ ਹੈ।ਪੁਲਸ ਨੇ ਇਸ ਮਾਮਲੇ ਵਿੱਚ ਸ਼ਾਮਲ ਮੁੱਖ ਦੋਸ਼ੀ ਬੋਹੜ ਸਿੰਘ ਸਮੇਤ ਚੋਰੀ ਦਾ ਸਮਾਨ ਖਰੀਦਣ ਵਾਲੇ ਕਬਾੜੀਏ ਹਰਪ੍ਰੀਤ ਸਿੰਘ ਉਰਫ਼ ਗੋਰਾ ਨੂੰ ਵੀ ਕਾਬੂ ਕਰ ਲਿਆ ਹੈ। ਸ਼੍ਰੀ ਸੰਦੀਪ ਕੁਮਾਰ ਐਸ.ਪੀ. (ਇਨਵੈਸਟੀਗੇਸ਼ਨ) ਤੇ ਸ਼੍ਰੀ ਤਰਲੋਚਨ ਸਿੰਘ ਡੀ.ਐਸ.ਪੀ ਦੀ ਰਹਿਨੁਮਾਈ ਹੇਠ ਕੀਤੀ ਗਈ ਕਾਰਵਾਈ ਦੌਰਾਨ ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਬੋਹੜ ਸਿੰਘ ਵਾਸੀ ਪਿੰਡ ਪਿੱਪਲੀ, ਜ਼ਿਲ੍ਹਾ ਫ਼ਰੀਦਕੋਟ ਅਤੇ ਹਰਪ੍ਰੀਤ ਸਿੰਘ ਉਰਫ਼ ਗੋਰਾ ਵਾਸੀ ਗੋਬਿੰਦਸਰ ਬਸਤੀ, ਭੋਲੂਵਾਲਾ ਰੋਡ ਵਜੋਂ ਹੋਈ ਹੈ। ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸਿਵਲ ਹਸਪਤਾਲ ਵੱਲੋਂ ਥਾਣਾ ਸਿਟੀ ਫ਼ਰੀਦਕੋਟ ਨੂੰ ਸੂਚਨਾ ਦਿੱਤੀ ਗਈ ਸੀ ਕਿ 24 ਸਤੰਬਰ ਦੀ ਰਾਤ ਨੂੰ ਨਾਮਾਲੂਮ ਵਿਅਕਤੀਆਂ ਵੱਲੋਂ ਹਸਪਤਾਲ ਦੀਆਂ ਐਲ.ਐਮ.ਓ ਦੀਆਂ ਪਾਈਪਾਂ ਚੋਰੀ ਕਰ ਲਈਆਂ ਗਈਆਂ ਸਨ।ਪਾਈਪਾਂ ਚੋਰੀ ਹੋਣ ਕਾਰਨ ਆਕਸੀਜਨ ਲੀਕ ਹੋਣ ਕਰਕੇ ਹਸਪਤਾਲ ਨੂੰ ਵੱਡਾ ਨੁਕਸਾਨ ਪਹੁੰਚਿਆ ਸੀ। ਇਸ ਸੂਚਨਾ ਦੇ ਅਧਾਰ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਫਰੀਦਕੋਟ ਵਿਖੇ ਮੁਕੱਦਮਾ ਨੰਬਰ 409 ਮਿਤੀ 29.09.2025 ਅ/ਧ 305-ਈ/331(4) ਬੀ.ਐਨ.ਐਸ ਤੇ 03 ਪਰਵੈਂਸ਼ਨ ਆਫ ਡੈਮੇਜ ਟੂ ਪਬਲਿਕ ਪ੍ਰਾਪਰਟੀ ਐਕਟ 1984 ਤਹਿਤ ਦਰਜ ਕੀਤਾ ਗਿਆ। ਤਫ਼ਤੀਸ਼ ਦੌਰਾਨ ਪੁਲਸ ਨੇ ਇਸ ਮਾਮਲੇ ਵਿੱਚ ਸ਼ਾਮਲ ਦੋਨੋਂ ਦੋਸ਼ੀਆਂ ਬੋਹੜ ਸਿੰਘ ਅਤੇ ਹਰਪ੍ਰੀਤ ਸਿੰਘ ਉਰਫ ਗੋਰਾ ਨੂੰ 29 ਅਤੇ 30 ਅਗਸਤ ਦੀ ਦਰਮਿਆਨੀ ਰਾਤ ਨੂੰ ਭੋਲੂਵਾਲਾ ਰੋਡ ਫਰੀਦਕੋਟ ਪਾਸੋਂ ਗ੍ਰਿਫ਼ਤਾਰ ਕੀਤਾ। ਮੁੱਢਲੀ ਤਫ਼ਤੀਸ਼ ਵਿੱਚ ਗੱਲ ਸਾਹਮਣੇ ਆਈ ਹੈ ਕਿ ਚੋਰੀ ਦੀ ਇਸ ਵਾਰਦਾਤ ਨੂੰ ਮੁੱਖ ਦੋਸ਼ੀ ਬੋਹੜ ਸਿੰਘ ਨੇ ਅੰਜਾਮ ਦਿੱਤਾ ਸੀ, ਜਿਸ ਨੇ ਅੱਗੇ ਚੋਰੀ ਕੀਤਾ ਗਿਆ ਸਮਾਨ ਕਬਾੜ ਦਾ ਕੰਮ ਕਰਨ ਵਾਲੇ ਹਰਪ੍ਰੀਤ ਸਿੰਘ ਉਰਫ਼ ਗੋਰਾ ਨੂੰ ਵੇਚਿਆ ਸੀ।ਪੁਲਸ ਅਨੁਸਾਰ ਕਬਾੜੀਏ ਹਰਪ੍ਰੀਤ ਸਿੰਘ ਉਰਫ ਗੋਰਾ ਖਿਲਾਫ਼ ਪਹਿਲਾਂ ਵੀ ਚੋਰੀ ਸਬੰਧੀ 02 ਮੁਕੱਦਮੇ ਦਰਜ ਰਜਿਸਟਰ ਹਨ। ਪੁਲਸ ਨੇ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।ਰਿਮਾਂਡ ਦੌਰਾਨ ਇਨ੍ਹਾਂ ਪਾਸੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ, ਜਿਸ ਤੋਂ ਹੋਰ ਵੀ ਚੋਰੀ ਦੀਆਂ ਵਾਰਦਾਤਾਂ ਟਰੇਸ ਹੋਣ ਦੀ ਉਮੀਦ ਹੈ।

# ਲਾਇਨਜ਼ ਕਲੱਬ ਨੇ ਹੜ੍ਹ ਪੀੜਤ ਲੋਕਾਂ ਦੀ ਕੀਤੀ ਮਦਦ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)** ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਨੂੰ ਲਾਈਨਜ਼ ਕਲੱਬ ਦੇ ਮੈਂਬਰਾਂ ਵੱਲੋਂ ਸਮਾਨ ਵੰਡਿਆ ਗਿਆ।ਲਾਈਨਜ਼ ਕਲੱਬ ਦੇ ਪ੍ਰਧਾਨ ਗੌਰਵ ਸਚਦੇਵਾ, ਸਾਜਨ ਸਚਦੇਵਾ, ਪ੍ਰਸ਼ਾਂਤ ਖੇੜਾ ਰਾਜਨ ਮੋਂਗਾ, ਸ਼ੁਭਮ ਮੋਂਗਾ, ਮਿਲਾਪ ਛਾਬੜਾ, ਵਰੁਣ ਗਾਵੜੀ (ਮੀਡੀਆ ਇਨਚਾਰਜ) ਨੇ ਦੱਸਿਆ ਕਿ ਇਲਾਕੇ 'ਚ ਪਿਛਲੇ ਕਈ ਦਿਨਾਂ ਤੋਂ ਭਾਰੀ ਮੀਂਹ ਕਾਰਨ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਬਾਰਡਰ ਏਰੀਏ ਤੇ ਸਥਿਤ ਪਿੰਡ ਚੱਕ ਸਰਕਾਰ ਮੋਜ਼ੀ ਬਹਾਦਰ ਕੇ 'ਚ ਹੜ੍ਹਾਂ ਦੀ ਮਾਰ ਚੱਲ ਰਹੇ ਕਈ ਪਰਿਵਾਰਾਂ ਨੂੰ ਹੋਰ ਕਈ ਗਰੀਬ ਪਰਿਵਾਰਾਂ ਨੂੰ ਜ਼ਰੂਰੀ ਸਮਾਨ ਦਿੱਤਾ ਗਿਆ।ਕਲੱਬ ਦੇ ਮੈਂਬਰਾਂ ਨੇ ਦੱਸਿਆ ਕਿ ਸ਼ਹਿਰਦਾਰ ਦੀਵਾਨ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਇਲਾਕੇ 'ਚ ਲਗਾਤਾਰ ਸਮਾਜ ਸੇਵੀ ਕੰਮ ਕੀਤੇ ਜਾ ਰਹੇ ਹਨ।

# ਹਰਜੋਤ ਬੈਂਸ ਵੱਲੋਂ ਦੁਸਹਿਰੇ ਦੀ ਵਧਾਈ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਰਮਾਇਣ ਵਰਗੇ ਧਾਰਮਿਕ ਅਤੇ ਪਵਿੱਤਰ ਗ੍ਰੰਥ ਸਾਡੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਸਿੱਖਿਆਵਾਂ ਦੇ ਕੇ ਸਾਨੂੰ ਜੀਵਨ ਦਾ ਸਹੀ ਮਾਰਗ ਦਰਸ਼ਨ ਕਰਦੇ ਹਨ, ਦੁਸਹਿਰੇ ਦਾ ਤਿਉਹਾਰ ਬਦੀ ਉਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ। ਅਜਿਹੇ ਧਾਰਮਿਕ ਗ੍ਰੰਥਾਂ ਤੋਂ ਸਿੱਖਿਆ ਪ੍ਰਾਪਤ ਕਰਕੇ ਜੀਵਨ ਨੂੰ ਸਫ਼ਲ ਬਣਾਇਆ ਜਾ ਸਕਦਾ ਹੈ। ਇਹ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਸਮੂਹ ਸੰਗਤ ਨੂੰ ਦੁਸਹਿਰੇ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਕੀਤਾ।

ਉਨ੍ਹਾਂ ਨੇ ਕਿਹਾ ਕਿ ਸਾਡੇ ਦੇਸ਼ ਭਰ ਵਿੱਚ ਪਵਿੱਤਰ ਨਵਰਾਤਰਿਆਂ ਦੌਰਾਨ ਹਰ ਸ਼ਹਿਰ ਕਸਬੇ ਵਿੱਚ ਰਮਾਇਣ ਦੀ ਪ੍ਰਸਤੁਤੀ ਕੀਤੀ ਜਾਂਦੀ ਹੈ। ਸਾਡੇ ਕਲਾਕਾਰ ਪੂਰੇ ਧਾਰਮਿਕ ਰੰਗ ਨਾਲ ਮਹਿਮਾਂਦਾ ਵਰਗੇ ਰਾਮਲੀਲਾ ਦਾ ਆਯੋਜਨ ਕਰਦੇ ਹਨ ਅਤੇ ਦਸਮੀ ਵਾਲੇ ਦਿਨ ਦੁਸਹਿਰੇ ਦਾ ਤਿਉਹਾਰ ਮਨਾਇਆ ਜਾਂਦਾ ਹੈ।

# ਪਰਾਲੀ ਦੀ ਸੰਭਾਲ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਾਇਆ




**ਖੰਨਾ (ਸੁਖਵਿੰਦਰ ਸਿੰਘ ਭਾਦਲਾ)** ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ ਗੁਰਦੀਪ ਸਿੰਘ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤੀਬਾੜੀ ਵਿਭਾਗ ਵਲੋਂ ਝੋਨੇ ਦੀ ਪਰਾਲੀ ਦੀ ਸੰਭਾਲ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਾਏ ਜਾ ਰਹੇ ਹਨ। ਪਿੰਡ ਮਾਣਕੀ ਵਿਖੇ ਡਾ. ਗੌਰਵ ਧੀਰ ਬਲਾਕ ਖੇਤੀਬਾੜੀ ਅਫ਼ਸਰ ਦੀ ਯੋਗ ਅਗਵਾਈ ਹੇਠ ਕੈਂਪ ਲਾਇਆ ਗਿਆ, ਜਿਸ ਵਿੱਚ ਵਿੱਚ ਡਾ ਅਮਨਦੀਪ ਕੌਰ, ਖੇਤੀਬਾੜੀ ਵਿਕਾਸ ਅਫ਼ਸਰ ਨੇ ਝੋਨੇ ਦੀ ਪਰਾਲੀ ਦੀ ਸੁਚੱਜੀ ਸੰਭਾਲ ਸਬੰਧੀ ਸਰਫੇਸ ਸੀਡਰ, ਸੁਪਰ ਸੀਡਰ ਤੇ ਹੈਪੀ ਸੀਡਰ ਮਸ਼ੀਨਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ, ਜਿਨ੍ਹਾਂ ਦੀ ਵਰਤੋਂ ਕਰਕੇ ਪਰਾਲੀ ਨੂੰ ਜ਼ਮੀਨ ਵਿੱਚ ਮਿਲਾ ਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ ਤੇ ਪਰਾਲੀ ਨੂੰ ਮਿੱਟੀ ਵਿੱਚ ਮਿਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੁੰਦਾ ਹੈ। ਡਾ ਕੋਮਲ ਸਾਗਰ, ਖੇਤੀਬਾੜੀ ਵਿਕਾਸ ਅਫ਼ਸਰ ਨੇ ਪਰਾਲੀ ਦੀ ਸੰਭਾਲ ਸਬੰਧੀ ਖੇਤੀਬਾੜੀ ਵਿਭਾਗ ਵੱਲੋਂ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਮੁਹੱਈਆ ਕਰਾਈਆ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ ਤੇ ਹਾੜੀ ਦੀਆਂ ਫਸਲਾਂ ਬਾਰੇ ਵਿਸਥਾਰ ਵਿੱਚ ਦੱਸਿਆ। ਡਾ ਹਿਮਾਂਸ਼ੂ ਅਗਰਵਾਲ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਕਲੱਸਟਰ ਅਫ਼ਸਰ ਪ੍ਰਦੀਪ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕਰਦੇ ਹੋਏ ਪਰਾਲੀ ਨੂੰ ਜ਼ਮੀਨ ਵਿੱਚ ਮਿਲਾ ਕੇ ਕਣਕ ਦੀ ਬਿਜਾਈ ਲਈ ਪ੍ਰੇਰਤ ਕੀਤਾ।

# ਸੇਵਾਮੁਕਤ ਅਧਿਕਾਰੀਆਂ/ਕਰਮਚਾਰੀਆਂ ਲਈ ਸ਼ਾਨਦਾਰ ਵਿਦਾਇਗੀ ਤੇ ਸਨਮਾਨ ਸਮਾਰੋਹ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ) ਡਾ. ਪ੍ਰਗਿਆ ਜੈਨ ਐਸ.ਐਸ.ਪੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੁਲਸ ਲਾਈਨ ਵਿਖੇ ਪੁਲਸ ਵਿਭਾਗ ਤੋਂ ਸੇਵਾਮੁਕਤ ਹੋਣ ਵਾਲੇ ਕ੍ਰਮਚਾਰੀਆਂ ਦੇ ਸਨਮਾਨ ਲਈ ਇੱਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦਾ ਮੁੱਖ ਮਕਸਦ ਸੇਵਾਮੁਕਤ ਹੋ ਰਹੇ ਕ੍ਰਮਚਾਰੀਆਂ ਦੀਆਂ ਪੁਲਸ ਸੇਵਾ ਦੌਰਾਨ ਦਿੱਤੀਆਂ ਸ਼ਾਨਦਾਰ ਸੇਵਾਵਾਂ ਤੇ ਨਿਸ਼ਕਾਮ ਯੋਗਦਾਨ ਨੂੰ ਸਨਮਾਨਤ ਕਰਨਾ ਸੀ।ਐਸ.ਐਸ.ਪੀ ਡਾ. ਪ੍ਰਗਿਆ ਜੈਨ ਨੇ ਖੁਦ ਰਿਟਾਇਰ ਹੋ ਰਹੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਲਈ ਹਾਰਦਿਕ ਵਧਾਈ ਦਿੱਤੀ। ਸੇਵਾਮੁਕਤ ਹੋਣ ਵਾਲੇ ਕੁੱਲ 7 ਕਰਮਚਾਰੀ ਸ਼ਾਮਲ ਸਨ, ਜਿਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਨ੍ਹਾਂ ਵਿੱਚ ਇੰਸਪੈਕਟਰ ਬੂਟਾ ਸਿੰਘ, ਸਹਾਇਕ ਥਾਣੇਦਾਰ ਲਾਭ ਸਿੰਘ, ਗੁਰਿੰਦਰ ਸਿੰਘ, ਗੁਰਮੀਤ ਸਿੰਘ, ਬਲਦੇਵ ਸਿੰਘ, ਅਤੇ ਦੋ ਕੁੱਕ - ਸ਼੍ਰੀ ਕਾਲੀ ਦਾਸ ਅਤੇ ਸ਼੍ਰੀ ਸ਼ਿੰਦਾ ਰਾਮ ਸ਼ਾਮਲ ਸਨ। ਜ਼ਿਲ੍ਹੇ ਦੇ ਸੀਨੀਅਰ ਪੁਲਸ ਅਧਿਕਾਰੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਮਾਰੋਹ ਦੇ ਅੰਤ ਵਿੱਚ ਸ਼੍ਰੀ ਸੰਦੀਪ ਕੁਮਾਰ, ਐਸ.ਪੀ (ਇਨਵੈਸਟੀਗੇਸ਼ਨ) ਵੱਲੋਂ ਸੇਵਾਮੁਕਤ ਹੋ ਰਹੇ ਕ੍ਰਮਚਾਰੀਆਂ ਨੂੰ ਯਾਦਗਾਰੀ ਮੋਮੈਂਟੋ ਭੇਟ ਕੀਤੇ ਗਏ ਤੇ ਉਨ੍ਹਾਂ ਦੇ ਸੁਨਿਹਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਨਵੀਂ ਸੜਕ ਨਹੀਂ ਤਾਂ ਬਰੇਟਾ ਕੁਲਰੀਆਂ ਸੜਕ 'ਤੇ ਪੈਚ ਵਰਕ ਕਰਾਵੇ ਸਰਕਾਰ : ਰਵੀ ਕੁਲਰੀਆਂ



**ਬਰੇਟਾ (ਗੋਬਿੰਦ ਸ਼ਰਮਾ)** ਬਰੇਟਾ ਤੋਂ ਕੁਲਰੀਆਂ ਨੂੰ ਜਾਂਦੀ ਸੜਕ ਦੀ ਹਾਲਤ ਤਰਸਯੋਗ ਹੋ ਚੁੱਕੀ ਹੈ, ਜਿਸ ਕਾਰਨ ਰਾਹਗੀਰਾਂ ਨੂੰ ਬੁਹਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮਾਜ ਸੇਵੀ ਰਵੀ ਕੁਲਰੀਆਂ ਨੇ ਦੱਸਿਆ ਕੀ ਇਹ ਸੜਕ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਬਣਾਈ ਗਈ ਸੀ। ਜਿੰਨਾ ਸਮਾਂ ਇਸ ਸੜਕ ਦਾ ਕੰਟਰੈਕਟ ਰਿਹਾ, ਓਨਾ ਸਮਾਂ ਇਸ ਸੜਕ ਦੀ ਹਾਲਤ ਸਹੀ ਰਹੀ ਤੇ ਸਮੇਂ-ਸਮੇਂ 'ਤੇ ਪੈਚਵਰਕ ਹੁੰਦੇ ਰਹੇ। ਉਸ ਉਪਰੰਤ ਇਸ ਸੜਕ ਦੀ ਹਾਲਤ ਖਰਾਬ ਹੁੰਦੀ ਆਖਰੀ ਸਾਹਾਂ 'ਤੇ ਪੁੱਜ ਚੁੱਕੀ ਹੈ। ਪਿਛਲੇ 1-2 ਸਾਲਾਂ ਵਿਚ ਇਸ ਸੜਕ 'ਚ ਵੱਡੇ-ਵੱਡੇ ਟੋਏ ਪੈ ਚੁੱਕੇ ਹਨ, ਜਿੱਥੇ ਰਾਹਗੀਰਾਂ ਨੂੰ ਰਾਤ ਬਰਾਤੇ ਸੱਟ ਫੇਟ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈਠ ਓਥੇ ਹੀ ਨਿੱਤ ਬਰੇਟਾ ਕੰਮ 'ਤੇ ਜਾਣ ਵਾਲੇ ਲੋਕਾਂ ਦੀ ਮਸ਼ੀਨਰੀ ਦਾ ਵੀ ਨੁਕਸਾਨ ਹੋ ਰਿਹਾ ਹੈ। ਆਉਣ ਵਾਲੇ ਦਿਨਾਂ 'ਚ ਝੋਨੇ ਦੇ ਸੀਜ਼ਨ ਵਿੱਚ ਇਸ ਰਸਤੇ ਟਰੈਕਟਰ-ਟਰਾਲੀਆਂ ਟਰੱਕ ਅਤੇ ਹੈਵੀ ਵੇਟ ਸਾਧਨਾ ਨੇ ਗੁਜ਼ਰਨਾ ਹੈ, ਇਸ ਲਈ ਉਨ੍ਹਾਂ ਹਲਕੇ ਦੇ ਵਿਧਾਇਕ ਅਤੇ ਸਬੰਧਤ ਵਿਭਾਗ ਨੂੰ ਅਪੀਲ ਕੀਤੀ ਕਿ ਜੇਕਰ ਨਵੀਂ ਸੜਕ ਦਾ ਨਿਰਮਾਣ ਨਹੀਂ ਕੀਤਾ ਜਾ ਸਕਦਾ ਤਾਂ ਘੱਟੋ ਘੱਟ ਪੈਚ ਵਰਕ ਕਰਾ ਦਿੱਤਾ ਜਾਵੇ ਤਾਂ ਜੁ ਝੋਨੇ ਦੇ ਸੀਜ਼ਨ ਵਿੱਚ ਕਿਸਾਨਾਂ ਤੇ ਡਰਾਈਵਰ ਵੀਰਾਂ ਨੂੰ ਆਰਾਮ ਮਿਲ ਸਕੇ।

# ਹੜ੍ਹ ਪੀੜਤਾਂ ਲਈ ਦੇਹੜਕਾ 'ਚੋਂ ਵੱਡੇ ਪੱਧਰ 'ਤੇ ਸਹਾਇਤਾ ਇਕੱਤਰ ਕਰਨ ਦਾ ਫ਼ੈਸਲਾ



**ਜਗਰਾਉਂ (ਨਛੱਤਰ ਸੰਧੂ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਦੀ ਪ੍ਰਧਾਨਗੀ ਹੇਠ ਪਿੰਡ ਦੇਹੜਕਾ ਦੀ ਚੰਡੀਗੜ੍ਹ ਸੱਥ 'ਚ ਕਿਸਾਨਾਂ ਦੀ ਆਮ ਮੀਟਿੰਗ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਵਿੱਚ ਸਭ ਤੋਂ ਪਹਿਲਾਂ ਲੁਧਿਆਣਾ ਸੈਸ਼ਨ ਕੋਰਟ ਵੱਲੋਂ ਜਥੇਬੰਦੀ ਦੇ ਜਿਲਾ ਸੱਕਤਰ ਇੰਦਰਜੀਤ ਸਿੰਘ ਧਾਲੀਵਾਲ ਨੂੰ ਇੱਕ ਸੂਦਖੋਰ ਤੋ ਇੱਕ ਮਜਦੂਰ ਦਾ ਘਰ ਬਚਾਉਣ ਦੇ ਇਵਜ 'ਚ ਮਜ਼ਦੂਰ ਪਰਵਾਰ ਸਮੇਤ ਕਿਸਾਨ ਆਗੂ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਦੇਣ ਦੇ ਫ਼ੈਸਲੇ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਸਾਰੇ ਪੱਖ ਜਾਣੇ ਬਿਨਾਂ ਸਜ਼ਾ ਦੇਣੀ ਸੱਚ ਨੂੰ ਫਾਂਸੀ ਹੈ। ਮੀਟਿੰਗ ਵਿੱਚ ਪਿੰਡ ਵਾਸੀਆਂ ਨੇ ਜਥੇਬੰਦੀ ਦੀ ਅਗਵਾਈ 'ਚ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਲਈ ਸਮੁੱਚੇ ਪਿੰਡ 'ਚੋ ਘਰੋ-ਘਰੀ ਜਾ ਕੇ ਹੜ੍ਹ ਪੀੜਤ ਪਿੰਡ ਵਾਸੀਆਂ ਦੇ ਖੇਤਾਂ ਦੀ ਬਿਜਾਈ ਲਈ ਹਰ ਘਰ 'ਚੋਂ ਰੇਹ ਦਾ ਗੱਟੂ ਤੇ ਕਣਕ ਦੇ ਬੀਜ ਦਾ ਗੱਟੂ ਅਤੇ ਫੰਡ ਇੱਕਠਾ ਕਰਨ ਦਾ ਫੈਸਲਾ ਕੀਤਾ ਗਿਆ।ਪਿੰਡ ਵਾਸੀਆਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਦੇ ਹੜ੍ਹ ਪੀੜਤਾਂ ਪ੍ਰਤੀ ਦਿਖਾਵਟੀ ਰਵੱਈਏ ਦੀ ਤਿੱਖੀ ਨਿੰਦਾ ਕਰਦਿਆਂ ਹੜ੍ਹ ਪੀੜਤਾਂ ਲਈ ਸੱਤਰ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ, ਢਹੇ ਘਰਾਂ ਦੀ ਮੁੜ ਉਸਾਰੀ ਤੇ ਪ੍ਰਤੀ ਕਿੱਲੇ ਵਾਲੀ ਸ਼ਰਤ ਹਟਾਉਣ ਦੀ ਜ਼ੋਰਦਾਰ ਮੰਗ ਕੀਤੀ। ਮੀਟਿੰਗ ਵਿੱਚ ਸੁਪਰੀਮ ਕੋਰਟ ਵਲੋ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੇ ਇਵਜ਼ 'ਚ ਜੇਲ੍ਹ ਭੇਜਣ ਦੇ ਆਦੇਸ਼ਾਂ ਨੂੰ ਅਫ਼ਸੋਸਨਾਕ ਕਰਾਰ ਦਿੰਦਿਆਂ ਸੁਪਰੀਮ ਕੋਰਟ ਤੋ ਮੰਗ ਕੀਤੀ ਗਈ ਕਿ ਇਸ ਮਸਲੇ ਸਬੰਧੀ ਗਰੀਨ ਟ੍ਰਿਬਿਊਬਲ ਦੀਆਂ ਸਿਫ਼ਾਰਸ਼ਾਂ ਤਹਿਤ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਜਾਂ ਤਾਂ ਪ੍ਰਤੀ ਕੁਇੰਟਲ ਤੇ ਜਾਂ ਪ੍ਰਤੀ ਏਕੜ ਰਾਹਤ ਦਿੱਤੀ ਜਾਵੇ ਕਿਉਂਕਿ ਇਸ ਕੰਮ ਲਈ ਸਰਕਾਰ ਵਲੋ ਦਿੱਤੀ ਮਸ਼ੀਨਰੀ ਨਾਕਾਫੀ ਵੀ ਹੈ ਤੇ ਨਾ ਉਪਯੋਗੀ ਵੀ। ਉਨ੍ਹਾਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਨੋਟਿਸਾਂ ਤੋਂ ਇਲਾਕੇ ਦੇ ਪੀੜਤ ਕਿਸਾਨ ਸਵੇਰੇ 11 ਵਜੇ ਐਸ ਡੀ ਐਮ ਦਫਤਰ ਮੂਹਰੇ ਇੱਕਤਰ ਹੋਣ ਤਾਂ ਜੁ ਇਹ ਨੋਟਿਸ ਰੱਦ ਕਰਾਏ ਜਾ ਸਕਣ।

# ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਏਟਕ ਪੰਜਾਬ ਦੀ ਜ਼ਿਲ੍ਹਾ ਪੱਧਰੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**- ਆਲ ਇੰਡੀਆ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਏਟਕ ਪੰਜਾਬ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਮੋਗਾ ਦੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਜ਼ਿਲ੍ਹਾ ਪ੍ਰਧਾਨ ਸਿੰਦਰ ਕੌਰ ਦੁੱਨੇਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਅੱਜ ਦਾ ਸਭ ਤੋਂ ਵੱਧ ਭਖਦਾ ਮਸਲਾ ਈ.ਕੇ.ਸੀ.ਵਾਈ ਤੇ ਐਫ.ਆਰ. ਐਸ ਦੇ ਮੁੱਦੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਜਿਸ ਵਿੱਚ ਏਟਕ ਜਥੇਬੰਦੀ ਦੇ ਇਕੱਠੇ ਹੋਏ ਲੀਡਰਾਂ ਨੇ ਆਪਣੇ ਸੁਝਾਵਾਂ ਰਾਹੀਂ ਈ. ਕੇ. ਸੀ.ਸੀ.ਵਾਈ ਅਤੇ ਐਫ.ਆਰ.ਐਸ ਕਰਨ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਜਿੰਨਾ ਚਿਰ ਸਾਨੂੰ ਕੇਂਦਰ ਸਰਕਾਰ ਵੱਲੋਂ ਮਿਲਣ ਵਾਲਾ ਭੱਤਾ ਨਹੀਂ ਮਿਲਦਾ ਓਨਾ ਚਿਰ ਅਸੀਂ ਪੋਸ਼ਣ ਟਰੈਕਰ 'ਤੇ ਕੀਤੇ ਜਾਣ ਵਾਲਾ ਕੰਮ ਨਹੀਂ ਕਰਾਂਗੇ। ਸਿਰਫ ਸੈਂਟਰ ਓਪਨ ਹੀ ਕਰਾਂਗੇ। ਇਸ ਤੋਂ ਇਲਾਵਾ ਹੋਰ ਵਾਧੂ ਕੰਮ ਵੀ ਨਹੀਂ ਕਰਾਂਗੇ। ਜਿੰਨਾ ਚਿਰ ਮੁਲਾਜ਼ਮ ਨਹੀਂ ਐਲਾਨਿਆ ਜਾਂਦਾ ਓਨਾ ਚਿਰ ਇਹ ਕੰਮ ਨਹੀਂ ਕੀਤਾ ਜਾਵੇਗਾ।ਅਸੀਂ ਆਈ.ਸੀ.ਡੀ.ਐਸ ਦੇ ਸਥਾਪਨਾ ਦਿਵਸ 'ਤੇ ਪ੍ਰਣ ਕਰਦੇ ਹਾਂ ਕਿ ਈ .ਕੇ .ਵਾਈ. ਸੀ. ਕਿ ਕਦੇ ਵੀ 100% ਨਹੀਂ ਹੋ ਸਕਦਾ। ਜਿਸ ਦਾ ਖਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪੈਣਾ ਹੈ। ਕਿਉਂਕਿ ਗਰੀਬ ਲੋਕ ਜਿਨ੍ਹਾਂ ਕੋਲ ਫੋਨ ਨਹੀਂ ਫੋਨ ਵਿੱਚ ਪੈਸੇ ਨਹੀਂ, ਉਨ੍ਹਾਂ ਦੇ ਈ. ਕੇ. ਵਾਈ. ਸੀ ਅਤੇ ਐਫ. ਆਰ .ਐਸ. ਕਰਨ ਵਿੱਚ ਬਹੁਤ ਹੀ ਦਿੱਕਤ ਆਉਂਦੀ ਹੈ। ਇੱਕ ਘਰ ਦੇ ਵਿੱਚ ਚਾਰ ਚਾਰ ਪੰਜ ਪੰਜ ਗੇੜੇ ਆਂਗਣਵਾੜੀ ਵਰਕਰ ਅਤੇ ਹੈਲਪਰ ਮਾਰਦੇ ਹਾਂ, ਫਿਰ ਵੀ ਮਸਲਾ ਹੱਲ ਨਹੀਂ ਹੁੰਦਾ। ਇਸ ਲਈ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਆਂਗਣਵਾੜੀ ਵਰਕਰ ਹੈਲਪਰਾਂ ਨੂੰ ਮੁਲਾਜ਼ਮ ਕਰਾਰ ਦਿੱਤਾ ਜਾਵੇ ਤਾਂ ਹੀ ਅਜਿਹੇ ਕੰਮ ਆਂਗਣਵਾੜੀ ਵਰਕਰ ਹੈਲਪਰ ਕਰ ਸਕਣਗੇ। ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਛੇ ਮਹੀਨਿਆਂ ਦਾ ਮਾਣ ਭੱਤਾ ਨਾ ਮਿਲਣਾ ਇਹਦੇ ਪ੍ਰਤੀ ਵੀ ਆਂਗਣਵਾੜੀ ਵਰਕਰ ਹੈਲਪਰ ਬਹੁਤ ਰੋਸ ਵਿੱਚ ਹਨ। ਜੇਕਰ ਮਾਣ ਭੱਤਾ ਇੱਕ ਦੋ ਦਿਨਾਂ ਵਿੱਚ ਨਾ ਦਿੱਤਾ ਗਿਆ ਤਾਂ ਆਂਗਣਵਾੜੀ ਵਰਕਰ ਹੈਲਪਰ ਸੰਘਰਸ਼ ਦੇ ਰਾਹ ਪੈਣਗੇ। ਇਸ ਦੇ ਸੰਬੰਧ ਵਿੱਚ ਬਲਵਿੰਦਰ ਕੌਰ ਖੋਸਾ ਅਤੇ ਗੁਰਚਰਨ ਕੌਰ ਮੋਗਾ ਨੇ ਕਿਹਾ ਕਿ 10 ਤਰੀਕ ਤੋਂ ਪਹਿਲਾਂ ਪਹਿਲਾਂ ਆਪਣੇ ਆਪਣੇ ਹਲਕੇ ਦੇ ਐਮ.ਐਲ.ਏ ਨੂੰ ਮੰਗ ਪੱਤਰ ਸੌਂਪਣ।

# ਐਸ ਡੀ ਐਮ ਦੀ ਅਗਵਾਈ ਅਧੀਨ ਹੋਈ ਰੋਗੀ ਕਲਿਆਣ ਸਮਿਤੀ ਦੀ ਮੀਟਿੰਗ



**ਤਪਾ (ਮੁਨੀਸ਼ ਬਾਂਸਲ)** ਸਬ ਡਵੀਜ਼ਨਲ ਹਸਪਤਾਲ ਦੀ ਰੋਗੀ ਕਲਿਆਣ ਸਮਿਤੀ (ਆਰ.ਕੇ.ਐਸ) ਦੀ ਮੀਟਿੰਗ ਐਸ.ਡੀ.ਐਚ. ਵਿਖੇ ਉਪ ਮੰਡਲ ਮੈਜਿਸਟ੍ਰੇਟ ਸ਼੍ਰੀ ਆਯੂਸ਼ ਗੋਇਲ ਦੀ ਅਗਵਾਈ ਅਧੀਨ ਹੋਈ। ਕਮੇਟੀ ਦੇ ਸਕੱਤਰ ਕਮ ਸੀਨੀਅਰ ਮੈਡੀਕਲ ਅਫ਼ਸਰ (ਕਾਰਜਕਾਰੀ) ਡਾ. ਕੰਵਲਜੀਤ ਸਿੰਘ ਬਾਜਵਾ ਵੱਲੋਂ ਕਮੇਟੀ ਅਧੀਨ ਪਾਏ ਮਤਿਆਂ ਬਾਰੇ ਕਮੇਟੀ ਮੈਂਬਰਾਂ ਨੂੰ ਜਾਣੂ ਕਰਾਇਆ ਗਿਆ।ਲੈਬ ਟੈਸਟ ਨਾਲ ਸਬੰਧਤ ਸਾਜੋ ਸਮਾਨ, ਦਵਾਈਆਂ ਦੀ ਖਰੀਦ, ਯੂਜਰ ਚਾਰਜਰ ਰਾਹੀਂ ਰੱਖੇ ਕ੍ਰਮਚਾਰੀਆਂ ਦੀ ਤਨਖਾਹ ਤੋਂ ਇਲਾਵਾ ਸਰਜਰੀ ਨਾਲ ਸਬੰਧਤ ਸਮਾਨ ਤੇ ਹਸਪਤਾਲ ਦੇ ਹੋਰ ਫੁਟਕਲ ਖ਼ਰਚਿਆਂ ਸਬੰਧੀ ਪ੍ਰਸਤਾਵ ਪੇਸ਼ ਕੀਤੇ ਗਏ। ਐਸ.ਡੀ.ਐਮ. ਵੱਲੋਂ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਪ੍ਰਸਤਾਵ ਨੂੰ ਪਾਸ ਕੀਤਾ ਗਿਆ। ਐਸ.ਡੀ.ਐਮ. ਵੱਲੋਂ ਮਰੀਜ਼ਾਂ ਨੂੰ ਮਿਲਣ ਵਾਲੀਆਂ ਸਾਰੀਆਂ ਸੇਵਾਵਾਂ ਦੀ ਜਾਣਕਾਰੀ ਲਈ ਗਈ। ਉਨ੍ਹਾਂ ਹਸਪਤਾਲ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਹਸਪਤਾਲ ਦਾ ਮੁੱਢਲਾ ਫ਼ਰਜ਼ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣਾ ਹੈ, ਜੋ ਤਪਾ ਹਸਪਤਾਲ ਬਾਖੂਬੀ ਦੇ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋੜਵੰਦ ਤੇ ਯੋਗ ਵਰਗ ਨੂੰ ਮਿਲਣ ਵਾਲੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤੇ ਹੋਰ ਵੱਖ-ਵੱਖ ਯੋਜਨਾਵਾਂ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇ।

# ਸਿਲਵਰ ਓਕਸ ਸਕੂਲ ਵੱਲੋਂ ਜੈਪੁਰ ਦਾ ਸਿੱਖਿਆਤਮਕ ਦੌਰਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ ਨੇ ਜੈਪੁਰ, ਰਾਜਸਥਾਨ ਦਾ ਇੱਕ ਰੁਚੀਕਰ ਸਿੱਖਿਆਤਮਕ ਦੌਰਾ ਕੀਤਾ । ਪਹਿਲੇ ਦਿਨ ਵਿਦਿਆਰਥੀਆਂ ਨੂੰ ਹਵਾ ਮਹਿਲ ਦੀ ਨਕਸ਼ਕਾਰੀ ਦਾ ਮੁਲਾਂਕਣ ਕਰਦੇ ਹੋਏ ਉਸ ਦੀ ਇਤਿਹਾਸਕ ਮਹੱਤਤਾ ਬਾਰੇ ਦੱਸਿਆ, ਫਿਰ ਯੂਨੈਸਕੋ ਵਿਸ਼ਵ ਵਿਰਾਸਤ ਜੰਤਰ ਮੰਤਰ 'ਤੇ ਗਏ, ਜੋ ਕਿ ਵਿਗਿਆਨਕ ਯੰਤਰਾਂ ਨਾਲ ਭਰਪੂਰ ਹੈ ਜੋ ਆਕਾਸ਼ੀ ਘਟਨਾਵਾਂ ਦਾ ਸਹੀ ਅਧਿਐਨ ਕਰਨ ਲਈ ਬਣਾਇਆ ਗਿਆ ਸੀ । ਮਾਨ ਸਾਗਰ ਝੀਲ ਵਿਚ ਤਰਦੇ ਹੋਏ ਸੁੰਦਰ ਜਲ ਮਹਿਲ ਨੂੰ ਦੇਖਣ ਤੋਂ ਬਾਅਦ ਉਹ ਬਲਾਕ ਪ੍ਰਿੰਟਿੰਗ ਮਾਰਕੀਟ ਪਹੁੰਚੇ ਜਿੱਥੇ ਵਿਦਿਆਰਥੀਆਂ ਨੇ ਰਵਾਇਤੀ ਰਾਜਸਥਾਨੀ ਹਸਤਕਲਾ ਨੂੰ ਵੇਖਿਆ ।ਦੂਜੇ ਦਿਨ ਵਿਦਿਆਰਥੀਆਂ ਨੇ ਰਾਜਸਥਾਨ ਦੀ ਰਾਜਸੀ ਸ਼ਾਨ ਤੇ ਕਲਾਤਮਕ ਵਿਰਾਸਤ ਦਾ ਅਨੁਭਵ ਕੀਤਾ । ਉਹ ਅੰਬਰ ਕਿਲ੍ਹੇ ਵਿਚ ਗਏ ਜੋ ਲਾਲ ਪੱਥਰ ਅਤੇ ਸਫੈਦ ਸੰਗਮਰਮਰ ਨਾਲ ਬਣਿਆ ਹੈ । ਇਸ ਤੋਂ ਬਾਅਦ ਉਹ ਇੱਕ ਕਾਗਜ਼ ਫੈਕਟਰੀ ਅਤੇ ਨੀਲੀ ਮਿੱਟੀ ਦੇ ਬਰਤਨ ਦੇ ਕਾਰਖ਼ਾਨੇ ਗਏ । ਦਿਨ ਦਾ ਅੰਤ ਚੋਖੀ ਢਾਣੀ 'ਚ ਹੋਇਆ, ਜਿਥੇ ਵਿਦਿਆਰਥੀਆਂ ਨੇ ਲੋਕ ਨਾਚ ਅਤੇ ਰਵਾਇਤੀ ਖਾਣੇ ਰਾਹੀਂ ਰਾਜਸਥਾਨੀ ਸੱਭਿਆਚਾਰ ਦਾ ਰਸ ਮਾਣਿਆ।ਆਖਰੀ ਦਿਨ ਵਿਦਿਆਰਥੀ ਬਿਰਲਾ ਮੰਦਰ ਗਏ, ਜੋ ਸਫੈਦ ਸੰਗਮਰਮਰ ਨਾਲ ਬਣਿਆ ਮੰਦਰ ਹੈ, ਅਤੇ ਫਿਰ ਬਿਰਲਾ ਅਜਾਇਬ ਘਰ ਅਤੇ ਮਸ਼ਹੂਰ ਅਲਬਰਟ ਹਾਲ ਮਿਊਜ਼ੀਅਮ ਦੀ ਯਾਤਰਾ ਕੀਤੀ ਜਿੱਥੇ ਕਲਾ, ਕੱਪੜੇ ਤੇ ਇਤਿਹਾਸ ਦੀ ਨੁਮਾਇਸ਼ ਕੀਤੀ ਗਈ ਹੈ । ਇਹ ਯਾਤਰਾ ਬਾਪੂ ਬਾਜ਼ਾਰ ਦੀ ਯਾਤਰਾ ਨਾਲ ਸਮਾਪਤ ਹੋਈ, ਜਿਥੇ ਉਹਨਾਂ ਨੇ ਜੈਪੁਰ ਦੇ ਰੰਗ-ਬਿਰੰਗੇ ਬਾਜ਼ਾਰਾਂ ਦਾ ਆਨੰਦ ਲਿਆ ਤੇ ਯਾਦਗਾਰੀ ਚੀਜ਼ਾਂ ਖਰੀਦੀਆਂ।

# ਭਾਜਪਾ ਆਗੂਆਂ ਨੇ ਦੁਕਾਨਦਾਰਾਂ ਨੂੰ ਜੀ ਐਸ ਟੀ ਦੇ ਨਵੇਂ ਸੁਧਾਰਾਂ ਬਾਰੇ ਦਿੱਤੀ ਜਾਣਕਾਰੀ



**ਦੋਰਾਹਾ (ਹਰਮਿੰਦਰ ਸੇਠ)** ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਜੀਐਸਟੀ 'ਚ ਕੀਤੇ ਨਵੇਂ ਸੁਧਾਰਾਂ ਬਾਰੇ ਭਾਜਪਾ ਦੇ ਪ੍ਰਮੁੱਖ ਆਗੂਆਂ ਜ਼ਿਲ੍ਹਾ ਖੰਨਾ ਦੇ ਜਨਰਲ ਸਕੱਤਰ ਜਤਿੰਦਰ ਸ਼ਰਮਾ, ਉਪ ਪ੍ਰਧਾਨ ਡਾ. ਅਸੀਸ ਸੂਦ ਤੇ ਮੰਡਲ ਪ੍ਰਧਾਨ ਜਗਤਾਰ ਸਿੰਘ ਕੁੱਕਾ ਕੱਦੋਂ ਵੱਲੋਂ ਬਾਜ਼ਾਰ 'ਚ ਦੁਕਾਨਦਾਰਾਂ ਨੂੰ ਉਨ੍ਹਾਂ ਦੀ ਦੁਕਾਨਾਂ ਤੇ ਪਹੁੰਚ ਕੇ ਜਾਣਕਾਰੀ ਦਿੱਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਜੋ ਜੀ ਐਸ ਟੀ ਵਿੱਚ ਨਵੇਂ ਸੁਧਾਰ ਕੀਤੇ ਗਏ ਹਨ, ਉਸ ਦਾ ਉਨ੍ਹਾਂ ਦੀਆਂ ਦੁਕਾਨਾਂ ਤੋਂ ਸੇਲ ਕੀਤੇ ਜਾਣ ਵਾਲੇ ਸਮਾਨ 'ਤੇ ਕੀ ਲਾਭ ਮਿਲੇਗਾ। ਦੁਕਾਨਦਾਰਾਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਜੀ.ਐਸ.ਟੀ ਵਿੱਚ ਕੀਤੀਆਂ ਕਟੌਤੀਆਂ 'ਤੇ ਕੇਂਦਰ ਦਾ ਧੰਨਵਾਦ ਕੀਤਾ।ਜ਼ਿਲ੍ਹਾ ਜਨਰਲ ਸਕੱਤਰ ਪ੍ਰਿੰਸੀਪਲ ਜਤਿੰਦਰ ਸ਼ਰਮਾ, ਉਪ ਪ੍ਰਧਾਨ ਅਸ਼ੀਸ਼ ਸੂਦ ਤੇ ਮੰਡਲ ਪ੍ਰਧਾਨ ਕੁੱਕਾ ਕੱਦੋਂ ਨੇ ਵੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਜੀਐਸਟੀ ਵਿੱਚ ਕੀਤੀਆਂ ਕਟੌਤੀਆਂ ਲਈ ਧੰਨਵਾਦ ਕੀਤਾ।

# ਗੋਲਡ ਮੈਡਲ ਜੇਤੂਆਂ ਦਾ ਭਰਵਾਂ ਸਵਾਗਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸੋਲਨ ਵਿੱਚ ਵਾਕੋ ਇੰਡੀਆ ਕਿੱਕ ਬਾਕਸਿੰਗ ਫੈਡਰੇਸ਼ਨ ਵੱਲੋਂ ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਸ਼ੁਤਰਾਣਾ ਦੇ ਆਦਰਸ਼ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਹਿੱਸਾ ਲਿਆ।ਖਿਡਾਰੀਆਂ ਵੱਲੋਂ ਕੀਤੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਉਨ੍ਹਾਂ ਦੀ ਝੋਲੀ ਦੋ ਗੋਲਡ ਮੈਡਲ ਤੇ ਦੋ ਸਿਲਵਰ ਮੈਡਲ ਪਏ। ਸਕੂਲ ਪਹੁੰਚਣ ਮੌਕੇ ਉਨ੍ਹਾਂ ਖਿਡਾਰੀਆਂ ਦਾ ਸਕੂਲ ਪ੍ਰਬੰਧਕਾਂ ਤੇ ਵਿਦਿਆਰਥੀਆਂ ਵੱਲੋਂ ਢੋਲ ਵਜਾਉਂਦੇ ਹੋਏ ਫੁੱਲਾਂ ਦੇ ਹਾਰ ਪਾਉਣ ਨਾਲ ਹਾਰਦਿਕ ਸਵਾਗਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀਆਂ ਦੋ ਵਿਦਿਆਰਥਣਾਂ ਅਮਨਦੀਪ ਕੌਰ ਤੇ ਨਵਦੀਪ ਕੌਰ ਨੇ ਬਹੁਤ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨਤਮਗੇ ਜਿੱਤੇ, ਜਦਕਿ ਗੁਰਪ੍ਰੀਤ ਸਿੰਘ ਅਤੇ ਕਾਰਤਿਕ ਕੁਮਾਰ ਨੇ ਸਿਲਵਰ ਮੈਡਲ ਜਿੱਤ ਕੇ ਲਿਆਂਦੇ ਹਨ।ਉਨ੍ਹਾਂ ਵੱਲੋਂ ਇਸ ਜਿੱਤ ਦਾ ਸੇਹਰਾ ਸਕੂਲ ਦੇ ਕੋਚ ਅਜੇ ਕੁਮਾਰ ਨੂੰ ਦਿੰਦਿਆਂ ਦੱਸਿਆ ਕਿ ਅੱਜ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਜ਼ਰੂਰੀ ਹਨ, ਇਸ ਲਈ ਉਨ੍ਹਾਂ ਵੱਲੋਂ ਸਕੂਲ ਵਿੱਚ ਛੇ ਕੋਚ ਰੱਖੇ ਹੋਏ ਹਨ, ਜਿਹੜੇ ਵੱਖ-ਵੱਖ ਖੇਡਾਂ ਦੀ ਖਿਡਾਰੀਆਂ ਨੂੰ ਸਿਖਲਾਈ ਦੇ ਰਹੇ ਹਨ।ਇਨ੍ਹਾਂ ਕੋਚਾਂ ਦੀ ਮੇਹਨਤ ਸਦਕਾ ਅੱਜ ਸਾਡੇ ਸਕੂਲ ਵਿੱਚ ਖਿਡਾਰੀਆਂ ਵੱਲੋਂ ਵੱਖ-ਵੱਖ ਖੇਡਾਂ ਵਿੱਚ ਜਿੱਤੇ ਤਗਮਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਚੁੱਕੀ ਹੈ। ਉਨ੍ਹਾਂ ਵੱਲੋਂ ਹਲਕਾ ਸ਼ੁਤਰਾਣਾ ਦੇ ਸਮਾਜ ਸੇਵੀ ਤੇ ਮੋਹਤਬਰ ਲੋਕਾਂ 'ਤੇ ਗਿਲਾ ਕਰਦਿਆਂ ਕਿਹਾ ਕਿ ਲੋੜ ਤਾਂ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਦੀ ਹੈ ਪਰ ਅਜੇ ਤੱਕ ਕਿਸੇ ਵੀ ਸੰਸਥਾ ਜਾਂ ਪੰਚਾਇਤ ਵੱਲੋਂ ਇਨ੍ਹਾਂ ਹੋਣਹਾਰ ਖਿਡਾਰੀਆਂ ਨੂੰ ਸਨਮਾਨਤ ਨਹੀਂ ਕੀਤਾ ਗਿਆ, ਕਿਉਂਕਿ ਕਿਸੇ ਖਿਡਾਰੀ ਦਾ ਕੀਤਾ ਸਨਮਾਨ ਉਸਨੂੰ ਚੰਗੀ ਖੁਰਾਕ ਤੋਂ ਵੱਧ ਤਾਕਤ ਪ੍ਰਦਾਨ ਕਰਦਾ ਹੈ। ਸਮਾਜ ਸੇਵੀ ਡਾਕਟਰ ਗੁਰਚਰਨ ਸਿੰਘ ਚਿਚੜਵਾਲ ਨੇ ਉਦਮ ਕਰਦਿਆਂ ਕਿਹਾ ਕਿ ਚਿਚੜਵਾਲ ਪਛੜਿਆ ਹੋਇਆ ਪਿੰਡ ਹੈ, ਪਰ ਉਸਨੂੰ ਮੇਰੇ ਪਿੰਡ ਦੀ ਧੀ 'ਤੇ ਮਾਣ ਹੈ, ਜਿਸ ਨੇ ਸੋਨੇ ਦਾ ਤਗਮਾ ਜਿੱਤ ਕੇ ਸਕੂਲ ਅਤੇ ਪਿੰਡ ਦਾ ਨਾਂਅ ਰੌਸ਼ਨ ਕੀਤਾ ਹੈ।

# ਇੰਡੀਆ ਬੁੱਕ ਰਿਕਾਰਡ 'ਚ ਬਠਿੰਡਾ ਦੀ ਬੱਲੇ-ਬੱਲੇ, ਇਬਾਦਤ ਕੌਰ ਨੇ ਬਣਾਇਆ ਨਵਾਂ ਰਿਕਾਰਡ



**ਬਠਿੰਡਾ (ਪਰਵਿੰਦਰ ਜੀਤ ਸਿੰਘ)** ਇੰਡੀਆ ਬੁੱਕ ਆਫ ਰਿਕਾਰਡ ਵਿੱਚ ਜ਼ਿਲ੍ਹਾ ਬਠਿੰਡਾ ਦੇ ਵਿਦਿਆਰਥੀਆਂ ਵੱਲੋਂ ਝੰਡੇ ਗੱਡਣ ਦਾ ਸਿਲਸਲਾ ਲਗਾਤਾਰ ਜਾਰੀ ਹੈ।ਬਠਿੰਡਾ ਸ਼ਹਿਰ ਦੀ 8 ਸਾਲਾਂ ਵਿਦਿਆਰਥਣ ਇਬਾਦਤ ਕੌਰ ਵੱਲੋ ਇੱਕ ਨਵਾਂ ਇੰਡੀਆ ਬੁੱਕ ਰਿਕਾਰਡ ਬਣਾ ਕੇ ਸ਼ਹਿਰ ਦੇ ਨਾਂਅ ਨੂੰ ਫਿਰ ਤੋ ਚਾਰ ਚੰਦ ਲਾਏ ਗਏ। ਐਸਐਸਪੀ ਸ੍ਰੀਮਤੀ ਅਮਨੀਤ ਕੌਂਡਲ ਵੱਲੋ ਇਬਾਦਤ ਕੌਰ ਨੂੰ ਇਸ ਪ੍ਰਾਪਤੀ 'ਤੇ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਹੈ । ਸ਼ਾਰਪ ਬ੍ਰੇਨਸ ਸੰਸਥਾ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਸੇਂਟ ਜੇਵੀਅਰ ਸਕੂਲ ਬਠਿੰਡਾ ਦੀ ਤੀਜੀ ਜਮਾਤ ਦੀ ਵਿਦਿਆਰਥਣ ਇਬਾਦਤ ਕੌਰ ਸਿੱਧੂ ਸਪੁੱਤਰੀ ਅਰਸ਼ਪ੍ਰੀਤ ਸਿੱਧੂ ਨੇ ਅੰਗਰੇਜ਼ੀ ਦੇ ਈਬੀਐਮ, ਈਐਫਏ, ਆਰਓਐਸ, ਏਸੀਡੀ, ਸੀਡੀਐਮਏ ਆਦਿ 100 ਸ਼ਬਦਾਂ ਨੂੰ ਸੰਖੇਪ ਰੂਪ ਅਤੇ ਪੂਰਨ ਰੂਪ ਵਿੱਚ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੂੰਹ ਜ਼ੁਬਾਨੀ 1 ਮਿੰਟ 56 ਸੈਕੰਡ ਵਿੱਚ ਸੁਣਾ ਕੇ ਇਹ ਨਵਾਂ ਰਿਕਾਰਡ ਬਣਾਇਆ ਹੈ।ਉਸ ਨੇ ਇਸ ਦੀ ਤਿਆਰੀ ਅਬੈਕਸ ਵਿਧੀ ਦੇ ਨਾਲ ਆਪਣੀ ਸਪੀਡ ਤੇ ਫੋਕਸ ਨੂੰ ਵਧਾ ਕੇ ਕੀਤੀ ਹੈ, ਜਿਸ ਦੇ ਲਈ ਕਰੀਬ ਉਸ ਨੂੰ 5 ਮਹੀਨੇ ਦਾ ਸਮਾਂ ਲੱਗਿਆ ਹੈ।ਇੰਡੀਆ ਬੁੱਕ ਆਫ ਰਿਕਾਰਡ ਨੇ ਇਸ ਰਿਕਾਰਡ ਦੀ ਪੁਸ਼ਟੀ ਕਰਦਿਆਂ ਉਸ ਨੂੰ ਸਰਟੀਫਿਕੇਟ ਤੇ ਮੈਡਲ ਨਾਲ ਨਿਵਾਜਿਆ ਹੈ । ਐਸਐਸਪੀ ਸ੍ਰੀਮਤੀ ਅਮਨੀਤ ਕੌਂਡਲ ਨੇ ਇਬਾਦਤ ਕੌਰ ਸਿੱਧੂ ਨੂੰ ਰਿਕਾਰਡ ਬਨਾਉਣ ਤੇ ਸਨਮਾਨਤ ਕੀਤਾ।ਸ਼ਾਰਪ ਬ੍ਰੇਨਸ ਸੰਸਥਾ ਵੱਲੋਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਭਰਪੂਰ ਪ੍ਰਸੰਸਾ ਕੀਤੀ।ਇਬਾਦਤ ਕੌਰ ਦੀ ਮਾਤਾ ਅਰਸ਼ਪ੍ਰੀਤ ਸਿੱਧੂ ਦੇ ਨਾਲ ਸ਼ਾਰਪ ਬ੍ਰੇਨਸ ਬਠਿੰਡਾ ਸੈਂਟਰ ਇੰਚਾਰਜ ਮੈਡਮ ਨੀਲਮ ਗਰਗ ਅਤੇ ਡਾ: ਅਸਮਾਨ ਪ੍ਰੀਤ ਸਿੰਘ ਸਿੱਧੂ ਖੇਤੀਬਾੜੀ ਅਫਸਰ ਬਠਿੰਡਾ ਵੀ ਹਾਜ਼ਰ ਸਨ।

ਫਾਰਮ ਨੰ. 3 [ਦੇਖੋ ਨਿਯਮ-13(1)(ਏ)]

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ-2)

ਕੇਸ ਨੰ. ਓ ਏ/751/2025 ... 27370

ਐਕਸਿਸ ਬੈਂਕ ਬਨਾਮ ਮਨਦੀਪ ਕੌਰ ਮਾਰਫਤ ਗੁਰਵਿੰਦਰ ਸਿੰਘ (ਕਰਜ਼ਦਾਰ)

[illegible]

ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 07.10.2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 06.08.2025 ਨੂੰ ਜਾਰੀ ਕੀਤਾ ਗਿਆ।
ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

Form No. 3 [See Regulation-13(1)(a)]
DEBTS RECOVERY TRIBUNAL CHANDIGARH (DRT-3)
GROUND FLOOR, SCO 33-34-35, SECTOR 17-A, CHANDIGARH-160017

ਕੇਸ ਨੰ. ਓ ਏ/1278/2023 ... 27150

[illegible]

ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 23.01.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 09.09.2025 ਨੂੰ ਜਾਰੀ ਕੀਤਾ ਗਿਆ।
ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

ਉੱਤਰ ਰੇਲਵੇ

ਟੈਂਡਰ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਅਤੇ ਉਨ੍ਹਾਂ ਦੇ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ, ਜੰਮੂ-ਤਵੀ ਹੇਠਾ ਲਿਖੇ ਕੰਮ ਦੇ ਲਈ Single packet System ਦੇ ਅਨੁਸਾਰ ਈ-ਟੈਂਡਰਾ ਮੰਗ ਕਰਦੇ ਹਨ।

| | |
|---|---|
| ਟੈਂਡਰ ਨੰ: | 17-Elect-C-TRD-SINA-2025 |
| ਕੰਮ ਦਾ ਨਾਮ | ਸ੍ਰੀਨਗਰ ਰੇਲਵੇ ਸਟੇਸ਼ਨ ਉਤੇ ਨਵੀ ਲਾਇਨਾਂ ਦਾ ਪ੍ਰਾਵਧਾਨ ਦੇ ਸਬੰਧ ਵਿਚ 25 ਕੇਵੀ ਓਐਚਈ ਕੰਮ ਦਾ ਡਿਜਾਇਨ, ਆਪੂਰਤੀ, ਨਿਰਮਾਣ, ਪਰੀਖਸ਼ਣ ਅਤੇ ਕਮੀਸ਼ਨਿੰਗ ਦੇ ਕੰਮ ਲਈ। |
| ਅਨੁਮਾਨਿਤ ਲਾਗਤ | ਰੁ: 5,55,38,180.28 |
| ਬਿਆਨਾ ਰਾਸ਼ੀ | ਰੁ: 4,27,700.00 |
| ਕੰਮ ਸਮਾਂ | 12 ਮਹੀਨੇ |
| ਈ-ਟੈਂਡਰਾ ਅਪਲੋਡ ਕਰਨਾ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਟੈਂਡਰਾ ireps ਦੀ ਵੈੱਬਸਾਈਟ www.ireps.gov.in ਮਿਤੀ 10.10.2025 ਤੋਂ 24.10.2025 ਉਤੇ 15.00 ਵਜੇ ਤਕ ਅਪਲੋਡ ਕਰਨੀ ਹੋਵੇਗੀ ਅਤੇ ਉਸੀ ਦਿਨ 15.00 ਵਜੇ ਦੇ ਬਾਦ ਖੋਲੀ ਜਾਵੇਗੀ। |
| ਪੂਰੀ ਟੈਂਡਰ ਸੂਚਨਾ ਅਤੇ ਟੈਂਡਰ ਦਸਤਾਵੇਜ | ਟੈਂਡਰ ਸੂਚਨਾ ireps ਦੀ ਵੈੱਬਸਾਈਟ www.ireps.gov.in ਮਿਤੀ 01.10.2025 ਤੋਂ ਉਪਲਬਧ ਰਹਿਣਗੇ ਅਤੇ ਟੈਂਡਰ ਦਸਤਾਵੇਜ ਮਿਤੀ 10.10.2025 ਤੋਂ 24.10.2025 15:00 ਵਜੇ ਤਕ ਅਪਲੋਡਿੰਗ ਦੇ ਲਈ ਉਪਲਬਧ ਰਹਿਣਗੇ। ਹੋਰ ਸਾਰੇ ਨਿਯਮ ਅਤੇ ਸ਼ਰਤਾਂ ਉਪਰੋਕਤ ਟੈਂਡਰ ਦਸਤਾਵੇਜ ਵਿਚ ਦਿਤੀ ਗਈ ਹੈ, ਕੇਵਲ ਈ-ਟੈਂਡਰਾਂ ਨੂੰ ਸਵੀਕਾਰ ਕੀਤਾ ਜਾਵੇਗਾ ਅਤੇ ਕਿਸੀ ਹੋਰ ਰੂਪ ਤੋਂ ਪੇਸ਼ ਕੀਤੇ ਗਏ ਟੈਂਡਰਾਂ ਨੂੰ ਸਰਸਰੀ ਤੋਰ ਉਤੇ ਖਾਰਿਜ ਕਰ ਦਿਤਾ ਜਾਵੇਗਾ। ਟੈਂਡਰ ਸੂਚਨਾ ਦਾ ਪੂਰਾ ਵੇਰਵਾ ਉਪ ਮੁੱਖ ਵਿਯੁਤ ਇੰਜੀਨੀਅਰ/ਨਿਰਮਾਣ/ਜੰਮੂ-ਤਵੀ ਦਫਤਰ ਦੇ ਨੋਟਿਸ ਬੋਰਡ ਉਤੇ ਦੇਖਿਆ ਜਾਂ ਸਕਦਾ ਹੈ। |

No.17-Elect-C-TRD-SINA-2025 Dated: 30.09.2025 3034/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Capital Small Finance Bank Ltd.
MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 24-09-2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਚ ਐੱਲ 'ਚ ਕਰਜ਼ਦਾਰ) : ਸ੍ਰੀ ਬਬਲੂ ਯਾਦਵ ਪੁੱਤਰ ਰਾਮ ਪ੍ਰਸਾਦ ਯਾਦਵ ਵਾਸੀ ਮਦਨ ਕਾ ਵਿਹੜਾ, ਦੁਰਗਾ ਕਲੋਨੀ, ਫੇਜ਼-7, ਫੋਕਲ ਪੁਆਇੰਟ ਲੁਧਿਆਣਾ, ਪੰਜਾਬ-141010
2. (ਐੱਚ ਐੱਲ 'ਚ ਕਰਜ਼ਦਾਰ) : ਸ੍ਰੀਮਤੀ ਰੀਟਾ ਦੇਵੀ ਪਤਨੀ ਬਬਲੂ ਯਾਦਵ ਵਾਸੀ ਮਦਨ ਕਾ ਵਿਹੜਾ, ਦੁਰਗਾ ਕਲੋਨੀ, ਗਲੀ ਨੰ. 2, ਢੰਡਾਰੀ ਖੁਰਦ, ਢੰਡਾਰੀ ਕਲਾਂ, ਲੁਧਿਆਣਾ, ਪੰਜਾਬ-141014
3. (ਐੱਚ ਐੱਲ 'ਚ ਗਰੰਟਰ) : ਸ੍ਰੀ ਜਤਿੰਦਰ ਸਿੰਘ ਪੁੱਤਰ ਮੱਘਰ ਸਿੰਘ ਵਾਸੀ ਮਜਾਰਾ, ਸਾਹਨੇਵਾਲ, ਲੁਧਿਆਣਾ-141120

| ਮਨਜ਼ੂਰ ਸਹੂਲਤ ਦੀ ਕਿਸਮ/ ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.09.2025 ਤੋਂ ਬਿਨਾਂ ਵਿਆਜ) |
|---|---|---|
| HL/071611000111 | Rs. 10,00,000/- | Rs. 9,69,151.78 |

ਏ) ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2022-23/103/1/3764 ਮਿਤੀ 12.08.2022 ਅਨੁਸਾਰ ਸ੍ਰੀ ਬਬਲੂ ਯਾਦਵ ਪੁੱਤਰ ਰਾਮ ਪ੍ਰਸਾਦ ਦੀ ਮਲਕੀਅਤ ਜਾਇਦਾਦ ਰਕਬਾ 40 ਵਰਗ ਗਜ਼, ਪਿੰਡ ਲੋਹਾਰਾ ਅਬਾਦੀ, ਸਤਿਗੁਰੂ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਬਸਤ ਨੰ. 260 ਨਾਲ ਸੰਬੰਧਤ ਸਭ ਕੁੱਝ।

ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਮਿਲਰਗੰਜ, ਲੁਧਿਆਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
[illegible]

ਮਿਤੀ : 01.10.2025 ਅਧਿਕਾਰਤ ਅਫਸਰ

# ਕਲਾਸੀਫਾਈਡ ਇਸ਼ਤਿਹਾਰ

## Change of Name

I, Rajbir Singh S/o Sukhdev Singh R/o Village Malia, Batala Gurdaspur have changed my name to Rajbir and surname to Singh. (B)

I, Pushpa W/o Amandeep Kumar R/o Vill. Khun Khun, Near Dharamshala, PO. Kang Sahboo, Distt. Jalandhar have changed my name Pushpa to Pushpa Rani .

I, Sahib S/o Jaswinder R/o Kang Sahib Rai, Tehsil Nakodar, Distt. Jalandhar have changed my name as Sahib to Sahib Singh.

I Bhupinder Singh S/O Kashmir Singh R/O Vill. Thathiala Dhaha, PO. Garle Dhaha,Teh. Balachaur, Distt. SBS Nagar Punajb have changed my neme to Singh Bhupinder. All please note.

I, Amarjit Singh S/o Resham Singh R/o Ward No. 12 Balachaur Teh. Balachaur Distt. SBS Nagar Punjab Have Changed My Name to Singh Amarjit. All please note.

I Taran s/o Anil Kumar R/o H.no. 143, Shaheed Bhagat Singh Colony, Jalandhar-144008, Punjab, have changed my name from Taran to Taran Kumar, in which given name Taran and Kumar is my surname.All please note.

I Madhvi Dhall W/o Rohit Chauhan, R/o 133, Guru Teg Bahadur Avenue, Jalandhar declare that I have changed my name from Madhvi Dhall to Madhvi Chauhan after marriage.

I, Gurjit Singh Son of Santokh Singh, resident of Village and Post Office Ghorewaha, District Hoshiarpur, declare that I have changed my name from Gurjeet Singh to Gurjit Singh please note all concerned.

I, Ramandeep Singh Bhatti S/o Ranjeet Singh R/o H.No.509 St.No.6 Tibbi Sahib Road Baba Jiwan Singh Nagar Sri Muktsar Sahib Road have changed my name from Ramandeep Singh Bhatti to Given name Ramandeep Surname Singh.

I, Rohit Malhotra S/o Satish Malhotra R/o H.No.322 B-Block Gulmohar Park New Amritsar, Amritsar have changed my name to Rohit Kumar

I, Reetika Thukral D/o Sham Sunder Thukral W/o Lukesh Kataria R/o H.No.3, Kashmir Avenue, Batala Road, Amritsar have changed my name from Reetika Thukral to Reetika Kataria

I, Sikandar Singh Rawat S/o Surinder Rawat R/o 229/B Gali No.15, New Pawan Nagar Amritsar have changed my name from Sikandar Singh Rawat to Sikander Singh Rawat

I, Mehakpreet Singh S/o Malkit Singh R/o V.P.O. Jalalpura, Majitha, Amritsar have changed my Given name from Mehakpreet Singh to Surname is Singh and Given name is Mehakpreet.

I, Akas s/o Husan Lal r/o Arman Nagar Dhilwan, Po. Dakoha, Distt.Jalandhar, (PB) have changed my name from Akas to Akas Mehmi. All Please Note.

I, Asha w/o Ashok Kumar r/o h.no.1735, W.No.8, Adampur Doaba, Ps. Adampur, Distt. Jalandhar have changed my name to Asha Kanojia. All Please Note.

I, Sukhwinder w/o Sucha Singh r/o H.No. 789, Satnam Nagar, Grain Market, Jalandhar have changed my name to Sukhwinder Kaur. All Please Note.

I, Manghe Shah S/o Shareef Mohammad R/o VPO. Pharwala, Teh . Phillaur, Distt. Jalandhar, Punjab have spelling correction in my name from Manghe Shah to Mange Shah. All Please Note.

I, Balbiro W/o Mange Shah R/o VPO. Pharwala, Teh .Phillaur, Distt. Jalandhar, Punjab have spelling correction in my name from Balbiro to Balviro. All Please Note.

I, Mahinga S/o Mehar Deen R/o Village Bhatija, District Jalandhar, Punjab have changed my name from Mahinga to Mahinga Mohamd (Mohamd as Surname). All Please Note.

I, Karan Manah S/o Subhash Chander R/o H.No. EN-20, Rasta Mohalla, Tahali Mohalla, Jalandhar have changed my name from Karan Manah to Karan Mahna. All Please Note.

I, Ashwani Kumar Bhanot S/o Rajinder Kumar Bhanot R/o VPO. Aur, Distt. SBS Nagar, Punjab have changed my name from Ashwani kumar Bhanot to Ashwani Kumar. All Please Note.

I, Rachpal Singh S/o Jagga Ram R/o House No. 129, Nakodar Road, Sidharth Nagar, Jalandhar, Punjab-144001 have changed my name from Rachpal Singh to Rashpal Singh. All concerned please note.

I, Palvinder Kaur W/o Tejpal Singh R/o 6B, New GTB Nagar, Jalandhar (PB) have changed my name from Palvinder Kaur to Paramjeet Kaur. Where my Given Name is Paramjeet and my Surname is Kaur. All concerned please note.

I, Amandeep Singh S/O Avtar Singh, R/o Jago Sangha, Jalandhar, Punjab- 144039, have changed my name and shall hereafter be Known as Narinder Singh Sidhu.

I, Narinder Kumar S/O Jeet Ram, R/o V.P.O-Patiari, Tehsil Hoshiarpur, Chowki Patiari, Hoshiarpur, Punjab-144209, I have changed the name of my minor Son Varun aged about 8 Years and He shall hereafter be known as Varun Kumar.

I, Aman Sharma S/o Ajay Kumar R/o H.No. 1028/9-B, New Colony, Backside Shashi Nursing Home, Bahadurpur, Hoshiarpur, Punjab have changed my name from Aman to Aman Sharma. Concerned Note.

I, Navpreet Kaur W/o Tarnbir Singh R/o Village Littran P.O. Bainch Baja Teh. Tanda, Distt. Hoshiarpur-144203 Punjab Declare that my given name as Navpreet and my Surname as Kaur.

## ਨਾਂਅ ਦੀ ਬਦਲੀ

ਮੈਂ, ਅਭਿਸ਼ੇਕ ਸਪੁੱਤਰ ਸੱਤਪਾਲ ਵਾਸੀ ਮਕਾਨ ਨੰਬਰ 12/119, ਡਾ. ਅੰਬੇਡਕਰ ਨਗਰ, ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ, 144514, ਨੇ ਆਪਣਾ ਨਾਮ ਬਦਲ ਕੇ ਅਭਿਸ਼ੇਕ ਤੋਂ ਅਭਿਸ਼ੇਕ ਘਈ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਪਰਮਿੰਦਰ ਕੌਰ ਪਤਨੀ ਅਕਾਲ ਸਿੰਘ ਵਾਸੀ ਪਿੰਡ ਨੈਣੋਵਾਲ ਜੱਟਾਂ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਪੇਕਿਆਂ ਦਾ ਨਾਂਅ ਦੀਪੋ ਪੁੱਤਰੀ ਸਵਰਨ ਸਿੰਘ ਪੁੱਤਰ ਬਾਬੂ ਅਤੇ ਸਹੁਰਿਆਂ ਦਾ ਨਾਂਅ ਪਰਮਿੰਦਰ ਕੌਰ ਪਤਨੀ ਅਕਾਲ ਸਿੰਘ ਹੈ। ਸੰਬੰਧਤ ਨੋਟ ਕਰਨ।

ਮੈਂ, ਕੁਲਵਿੰਦਰ ਕੌਰ ਪਤਨੀ ਜਰਨੈਲ ਸਿੰਘ ਵਾਸੀ ਮਾਹਿਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਪੇਕਿਆਂ ਦਾ ਨਾਂਅ ਕਾਂਤੀ ਪੁੱਤਰੀ ਸਵਰਨ ਸਿੰਘ ਪੁੱਤਰ ਬਾਬੂ ਹੈ ਅਤੇ ਸਹੁਰਿਆਂ ਦਾ ਨਾਂਅ ਕੁਲਵਿੰਦਰ ਕੌਰ ਪਤਨੀ ਜਰਨੈਲ ਸਿੰਘ ਹੈ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ, ਨਰਜੀਤ ਸਿੰਘ, ਪੁੱਤਰ ਸੋਹਣ ਸਿੰਘ, ਵਾਸੀ ਕੰਧਾਲਾ ਜੱਟਾਂ, ਹੁਸ਼ਿਆਰਪੁਰ, ਐਲਾਨ ਕਰਦਾ ਹਾਂ ਕਿ ਮੇਰਾ ਰਜਿਸਟਰੀ ਨੰਬਰ 3241 ਮਿਤੀ 09/11/2010, ਸਬ ਰਜਿਸਟਰਾਰ, ਐਸ ਬੀ ਐਸ ਨਗਰ, ਖਸਰੇ ਨੰਬਰ, 1687, 1645, 1646, ਵਾਕੀਆ ਰਕਬਾ ਨਵਾਂਸ਼ਹਿਰ ਗੁਆਚ ਗਈ ਹੈ। ਜੇਕਰ ਕਿਸੇ ਨੂੰ ਰਜਿਸਟਰੀ ਮਿਲਦੀ ਹੈ, ਤਾਂ ਕਿਰਪਾ ਕਰਕੇ ਇਸ ਨੰਬਰ 'ਤੇ ਸੰਪਰਕ ਕਰੋ। 87258-70885

ਮੈਂ ਸੁਖਪ੍ਰੀਤ ਕੌਰ ਪੁੱਤਰੀ ਰਮੇਸ਼ ਸਿੰਘ ਵਾਸੀ ਫਰੀਦਕੋਟ ਰੋਡ ਗੁਰੂਹਰਸਹਾਏ ਜਿਲਾ ਫਿਰੋਜ਼ਪੁਰ ਦੀ ਰਹਿਣ ਵਾਲੀ ਹਾਂ। ਮੇਰਾ ਸਟੇਟ ਬੈਂਕ ਆਫ ਇੰਡੀਆ ਗੁਰੂਹਰਸਹਾਏ ਵਿੱਚ ਖਾਤਾ ਨੰਬਰ 3643 2983695 ਸੁਖਪ੍ਰੀਤ ਚੌਹਾਨ ਦੇ ਨਾਂ ਤੇ ਖੁੱਲਿਆ ਹੋਇਆ ਹੈ। ਮੇਰੇ ਆਧਾਰ ਕਾਰਡ ਪੈਨ ਕਾਰਡ ਤੇ ਸਕੂਲ ਦੇ ਸਰਟੀਫਿਕੇਟ ਤੇ ਸੁਖਪ੍ਰੀਤ ਕੌਰ ਲਿਖਿਆ ਹੋਇਆ ਹੈ। ਸੁਖਪ੍ਰੀਤ ਕੌਰ ਤੇ ਸੁਖਪ੍ਰੀਤ ਚੌਹਾਨ ਦੋਵੇਂ ਮੇਰੇ ਹੀ ਨਾ ਹਨ। ਹੁਣ ਮੈਨੂੰ ਸੁਖਪ੍ਰੀਤ ਕੌਰ ਦੇ ਨਾਂ ਨਾਲ ਜਾਣਿਆ ਜਾਵੇ।

ਮੈਂ, ਬ੍ਰਹਮ ਪ੍ਰਕਾਸ਼ ਪੁੱਤਰ ਸ੍ਰੀ ਦੀਨ ਦਿਆਲ ਵਾਸੀ 265, ਨਿਊ ਗੋਲਡਨ ਐਵੀਨਿਊ ਪੰਜ ਪੀਰ ਬਾਜ਼ਾਰ ਅੰਮ੍ਰਿਤਸਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸ਼ਿਵਮ ਮੋਦਗਿੱਲ ਅਤੇ ਉਸ ਦੀ ਪਤਨੀ ਸਈਅਮ ਕਾਲੀਆ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਉਨ੍ਹਾਂ ਨੂੰ ਬੇਦਖ਼ਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਅਤੇ ਉਸ ਦੀ ਪਤਨੀ ਮੇਰੇ ਕਹਿਣੇ ਵਿਚ ਹਨ ਅਤੇ ਮੇਰੀ ਸਹਿਮਤੀ ਨਾਲ ਚੱਲਦੇ ਹਨ। ਇਸ ਲਈ ਮੈਂ ਆਪਣ ਲੜਕੇ ਸ਼ਿਵਮ ਮੋਦਗਿੱਲ ਅਤੇ ਉਸ ਦੀ ਪਤਨੀ ਸਈਅਮ ਕਾਲੀਆ ਨੂੰ ਦਿੱਤਾ ਹੋਇਆ ਬੇਦਖ਼ਲੀ ਨੋਟਿਸ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਹੱਕਦਾਰ ਹੋਣਗੇ।

ਤਾਰਾ ਚੰਦ ਪੁੱਤਰ ਓਮਕਾਰ ਵਾਸੀ ਵਾਰਡ 15, ਗੁਪਾਲ ਨਗਰ, ਅਜਨਾਲਾ, ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਹੇਮਰਾਜ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ 08 ਸਤੰਬਰ 2022 ਨੂੰ ਪੰਜਾਬ ਟਾਈਮਜ਼ ਅਖ਼ਬਾਰ ਰਾਹੀਂ ਆਪਣੀ ਚੱਲ, ਅਚੱਲ ਜਾਇਦਾਦ ਤੋਂ ਬੇਦਖ਼ਲ ਕੀਤਾ ਸੀ। ਹੁਣ ਮੇਰਾ ਬੇਟਾ ਮੇਰੇ ਕਹਿਣੇ ਵਿਚ ਹੈ, ਮੇਰੇ ਨਾਲ ਸਹਿਮਤ ਹੈ ਅਤੇ ਮੇਰੀ ਦੇਖਭਾਲ ਕਰਦਾ ਹੈ। ਮੈਂ ਉਸਨੂੰ ਦਿੱਤੀ ਹੋਈ ਬੇਦਖ਼ਲੀ ਰੱਦ ਕਰਦਾ ਹਾਂ। ਹੁਣ ਉਹ ਮੇਰੀ ਜਾਇਦਾਦ ਦਾ ਹੱਕਦਾਰ ਹੋਵੇਗਾ।

ਮੈਂ, ਤ੍ਰਿਪਤਾ ਵਿਧਵਾ ਵਿਜੇ ਕੁਮਾਰ ਵਾਸੀ ਮਕਾਨ ਨੰ. 274 ਮੁਹੱਲਾ ਰਾਮਪੁਰਾ ਤਹਿਸੀਲ ਅਤੇ ਜ਼ਿਲ੍ਹਾਂ ਪਠਾਨਕੋਟ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਨੇ ਆਪਣੇ ਲੜਕੇ ਵਿਰਨ ਅਤੇ ਉਸਦੀ ਪਤਨੀ ਪ੍ਰਿਆ ਗੁਪਤਾ ਨੂੰ ਬਿਆਨ ਹਲਫਿਆ ਰਾਹੀਂ 11 ਜਨਵਰੀ 2022 ਨੂੰ ਪੰਜਾਬੀ ਅਖਬਾਰ ਵਿੱਚ ਛਪਵਾ ਕੇ ਬੇਦਖਲ ਕੀਤਾ ਸੀ। ਮੈਂ, ਇਹ ਬੇਦਖਲੀ ਵਾਪਸ ਲੈਂਦੀ ਹਾਂ ਕਿਉਂਕਿ ਮੇਰੇ ਪਤੀ ਦੀ ਮੌਤ ਤੋਂ ਬਾਅਦ ਇਹ ਦੋਵੇ ਮੇਰੀ ਦੇਖਭਾਲ ਅਤੇ ਸਾਂਭ ਸੰਭਾਲ ਕਰ ਰਹੇ ਹਨ। ਅੱਜ ਤੋਂ ਇਹ ਦੋਵੇ ਮੇਰੀ ਅੱਰ ਮੇਰੇ ਪਤੀ ਦੀ ਜਾਇਦਾਦ ਵਿੱਚ ਬਰਾਬਰ ਦੇ ਹਿੱਸੇਦਾਰ ਹੋਣਗੇ।

ਮੈਂ ਰਿੰਕੂ ਸਿੰਘ ਪੁੱਤਰ ਤਰਲੋਕ ਸਿੰਘ, ਪਿੰਡ ਮਹਿਸਮਪੁਰ ਖੁਰਦ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਆਪਣੇ ਭਣੇਵੇਂ ਸਾਹਿਲਪ੍ਰੀਤ ਸਿੰਘ ਅਤੇ ਆਪਣੀ ਭੈਣ ਮਨਜੀਤ ਕੌਰ ਨਾਲੋਂ ਕਹਿਣਿਓਂ ਬਾਹਰੀ ਹੋਣ ਕਾਰਨ ਆਪਣਾ ਨਾਤਾ ਤੋੜਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਕਰਨੈਲ ਸਿੰਘ ਪੁੱਤਰ ਹਰੀ ਸਿੰਘ, ਵਾਸੀ ਮਹਿਸਮਪੁਰ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਮਸ-284 ਏ.ਪੀ (17.5 ਹਾਰਸਪਾਵਰ) ਨੂੰ ਅਵਤਾਰ ਸਿੰਘ ਪੁੱਤਰ ਮਹਿੰਦਰ ਸਿੰਘ, ਖੇਵਦਾਰ ਮਹਿਸਮਪੁਰ, ਵਾਸੀ ਸ਼ੇਰਗੜ੍ਹ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜ਼ੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਭਲਵਾਨ ਦੇ ਇਤਰਾਜ਼ ਪੇਸ਼ ਕਰੋ।

ਮੈਂ, ਸ਼ਰਨਜੀਤ ਸਿੰਘ ਪੁਰੇਵਾਲ ਪੁੱਤਰ ਪਾਲ ਸਿੰਘ ਬਜਰੀਆ ਮੁਖਤਿਆਰੇ ਆਮ ਚਰਨਜੀਤ ਸਿੰਘ ਪੁੱਤਰ ਬਖਸ਼ਾ ਸਿੰਘ ਵਾਸੀ ਪੱਤੀ ਗੁਜਰਾਤੀ ਕੀ, ਪਿੰਡ ਸ਼ੰਕਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ5 963, ਪਾਲ ਸਿੰਘ ਉਰਫ ਪਾਲ ਸਿੰਘ ਪੁਰੇਵਾਲ ਪੁੱਤਰ ਬਖਸ਼ਾ ਸਿੰਘ ਦੇ ਨਾਂਅ 'ਤੇ ਵਾਕਿਆ ਪਿੰਡ ਸ਼ੰਕਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਚੱਲ ਰਿਹਾ ਹੈ, ਜਦ ਕਿ ਪਾਲ ਸਿੰਘ ਉਰਫ ਪਾਲ ਸਿੰਘ ਪੁਰੇਵਾਲ ਦੀ ਮੌਤ 27.04.2014 ਨੂੰ ਹੋ ਚੁੱਕੀ ਹੈ। ਹੁਣ ਉਕਤ ਕੁਨੈਕਸ਼ਨ ਸਮੇਤ ਸਕਿਊਰਿਟੀ ਸ਼ਰਨਜੀਤ ਸਿੰਘ ਪੁਰੇਵਾਲ ਦੇ ਨਾਂਅ 'ਤੇ ਬਦਲੀ ਕਰ ਦਿੱਤਾ ਜਾਵੇ ਤਾਂ ਇਸ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ, ਅਗਰ ਕੋਈ ਇਤਰਾਜ਼ ਕਰੇ ਤਾਂ ਇਸ ਦਾ ਜ਼ਿੰਮੇਵਾਰ ਮੈਂ ਖੁਦ ਹੋਵਾਂਗਾ, ਮਹਿਕਮੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਦਲੀਪ ਸਿੰਘ ਪੁੱਤਰ ਫੌਜਾ ਸਿੰਘ, ਵਡਾਲਾ ਨਾਮ ਚੱਲਦਾ ਕੁਨੈਕਸ਼ਨ ਏ.ਪੀ. 39/0137-ਏ ਨੂੰ ਹਰਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ, ਪਿੰਡ ਵਡਾਲਾ ਖੁਰਦ (ਅੰਮ੍ਰਿਤਸਰ) ਨਾਮ ਕਰਨ ਦੀ ਦਰਖਾਸਤ ਹੈ, ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਦਫਤਰ ਬੁਟਾਰੀ ਪੁੱਜਣ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ.ਡੀ-1-371,7.5 ਹਾਰਸ ਪਾਵਰ ਜੋ ਸਵਰਨ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਮੁਧੱਲ ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਚਲ ਰਿਹਾ ਹੈ ਹੁਣ ਇਹ ਕੁਨੈਕਸ਼ਨ ਜਨਾਰਧਨ ਸਿੰਘ ਪੁੱਤਰ ਸਵਰਨ ਸਿੰਘ ਦੇ ਨਾਮ ਤੇ ਤਬਦੀਲ ਹੋਣ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਸ ਨਾਮ ਦੇ ਤਬਦੀਲ ਹੋਣ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨ ਦੇ ਅੰਦਰ ਅੰਦਰ ਪੀ.ਐਸ.ਪੀ.ਸੀ.ਐਲ ਕੱਥੂਨੰਗਲ ਨਾਲ ਸੰਪਰਕ ਕਰ ਸਕਦਾ ਹੈ। ਬਾਅਦ ਵਿਚ ਕੋਈ ਵੀ ਇਤਰਾਜ ਸਵੀਕਾਰ ਯੋਗ ਨਹੀਂ ਹੋਵੇਗਾ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ.ਡੀ-1-227, 10 ਹਾਰਸ ਪਾਵਰ ਜੋ ਸਵਰਨ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਮੁਧੱਲ ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਚਲ ਰਿਹਾ ਹੈ ਹੁਣ ਇਹ ਕੁਨੈਕਸ਼ਨ ਜੋਬਨਦੀਪ ਸਿੰਘ ਪੁੱਤਰ ਲੇਟ ਦਿਲਬਾਗ ਸਿੰਘ ਪੁੱਤਰ ਸਵਰਨ ਸਿੰਘ ਦੇ ਨਾਮ ਤੇ ਤਬਦੀਲ ਹੋਣ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਸ ਨਾਮ ਦੇ ਤਬਦੀਲ ਹੋਣ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨ ਦੇ ਅੰਦਰ ਅੰਦਰ ਪੀ.ਐਸ.ਪੀ.ਸੀ.ਐਲ ਕੱਥੂਨੰਗਲ ਨਾਲ ਸੰਪਰਕ ਕਰ ਸਕਦਾ ਹੈ। ਬਾਅਦ ਵਿਚ ਕੋਈ ਵੀ ਇਤਰਾਜ ਸਵੀਕਾਰ ਯੋਗ ਨਹੀਂ ਹੋਵੇਗਾ।

## ਬੇਦਖਲੀ ਨੋਟਿਸ

ਅਸੀਂ, ਲਖਬੀਰ ਸਿੰਘ ਪੁੱਤਰ ਜਗੀਰ ਸਿੰਘ ਅਤੇ ਨਰਿੰਦਰਜੀਤ ਕੌਰ ਪਤਨੀ ਲਖਬੀਰ ਸਿੰਘ, ਵਾਸੀ ਹਰਦੋਛੰਨੀ ਰੋਡ, ਨਿਊ ਕਾਲੋਨੀ ਹਯਾਤ ਨਗਰ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਕੁਲਜੀਤ ਸਿੰਘ, ਜੋ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਲਟੂ ਠਾਕੁਰ ਪੁੱਤਰ ਰਾਜਿੰਦਰ ਠਾਕੁਰ ਵਾਸੀ ਮਕਾਨ ਨੰ. ਬੀ 9-425/6, ਸੰਤੋਖਪੁਰਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਵਿੰਦਰ ਕੁਮਾਰ ਠਾਕੁਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹਰਪ੍ਰੀਤ ਸ਼ਰਮਾ ਪੁੱਤਰ ਸ੍ਰੀ ਰਮੇਸ਼ ਚੰਦਰ, ਵਾਸੀ ਪਿੰਡ ਜੱਖਲਾਂ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੌਤਮ ਸ਼ਰਮਾ ਉਰਫ਼ ਗੋਲਡੀ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਮੇਸ਼ ਕੁਮਾਰ ਪੁੱਤਰ ਨਾਨਕ ਚੰਦ ਵਾਸੀ ਪਿੰਡ ਕਲਸਾਂ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਲਖਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਲਖਵਿੰਦਰ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਪਿੰਡ ਥਿਗਲੀ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਸੰਨੀ ਧਾਪ ਵਾ ਉਸਦੀ ਪਤਨੀ ਰਮਨਦੀਪ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਗੁਰਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਅਤੇ ਰਜਵਿੰਦਰ ਕੌਰ ਪਤਨੀ ਗੁਰਦੀਪ ਸਿੰਘ ਵਾਸੀਆਨ ਪਿੰਡ ਤੇ ਡਾਕਖਾਨਾ ਕੋਟਲੀ ਥਾਨ ਸਿੰਘ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੀ ਲੜਕਾ ਕਰਮਵੀਰ ਸਿੰਘ ਅਤੇ ਸਾਡੀ ਲੜਕੀ ਗੁਰਸ਼ਰਨ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਅਸ਼ੋਕ ਕੁਮਾਰ ਪੁੱਤਰ ਗੁਰਚਰਨ ਦਾਸ, ਵਾਸੀ ਮਕਾਨ ਨੰ: ਬੀ-259, ਰਣਜੀਤ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਾਹੁਲ ਕੁਮਾਰ ਸ਼ਰਮਾ ਅਤੇ ਉਸ ਦੀ ਪਤਨੀ ਮੋਕਸ਼ਿਤਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ, ਅਮਰਜੀਤ ਸਿੰਘ ਪੁੱਤਰ ਸ੍ਰੀ ਸੁਰਿੰਦਰ ਸਿੰਘ ਵਾਸੀ ਪਿੰਡ ਚਾਹੜਕੇ ਡਾਕਖਾਨਾ ਭੋਗਪੁਰ ਤਹਿਸੀਲ ਆਦਮਪੁਰ ਜ਼ਿਲ੍ਹਾ ਜਲੰਧਰ, ਪੰਜਾਬ, ਬਿਆਨੀ ਹਾਂ ਕਿ ਮੇਰੀ ਲੜਕੀ ਬਲਜਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਪ੍ਰੀਤ ਸ਼ਰਮਾ ਪੁੱਤਰ ਰਮੇਸ਼ ਚੰਦਰ, ਵਾਸੀ ਜੱਖਲਾਂ (ਸੰਗਰੂਰ) ਆਪਣੇ ਲੜਕੇ ਗੌਤਮ ਸ਼ਰਮਾ ਉਰਫ ਗੋਲਡੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਵਾਲੇ ਖੁਦ ਜਿੰਮੇਦਾਰ ਹੋਣਗੇ।

ਅਸੀ ਪਰਮਜੀਤ ਕੌਰ ਪਤਨੀ ਸੋਹਨ ਸਿੰਘ ਅਤੇ ਸੋਹਨ ਸਿੰਘ ਪੁੱਤਰ ਮਹਿੰਦਰ ਸਿੰਘ ਦੋਨੋ ਵਾਸੀ ਨੇੜੇ ਪੁਲਿਸ ਲਾਈਨ ਅਮਰ ਨਗਰ, ਕਪੂਰਥਲਾ ਇਹ ਬਿਆਨ ਕਰਦੇ ਹਾਂ ਕਿ ਸਾਡੀਆਂ ਲੜਕੀਆਂ ਚਰਨਜੀਤ ਕੌਰ ਪਤਨੀ ਲੇਟ ਸ੍ਰੀ ਜਗਜੀਤ ਸਿੰਘ ਤੇ ਸਤਵੰਤ ਕੌਰ ਪਤਨੀ ਸੁਖਵਿੰਦਰ ਸਿੰਘ ਸਾਡੇ ਕਹਿਣੇ ਤੋ ਬਾਹਰ ਹਨ ਤੇ ਬਿਨਾ ਵਜਾ ਸਾਡੇ ਨਾਲ ਝਗੜਾ ਕਰਦੀਆਂ ਰਹਿੰਦੀਆਂ ਹਨ, ਇਸ ਲਈ ਅਸੀ ਇਹਨਾਂ ਦੋਨਾਂ ਨੂੰ ਸਾਡੀ ਤਮਾਮ ਚੱਲ-ਅਚਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ।ਅਗਰ ਕੋਈ ਇਹਨਾਂ ਨਾਲ ਕੋਈ ਲੈਣ-ਦੇਣ ਕਰੇਗਾ ਤਾ ਉਹ ਖੁਦ ਜਿੰਮੇਦਾਰ ਹੋਵੇਗਾ। ਸਾਡਾ ਜਾ ਸਾਡੇ ਕਿਸੇ ਪਰਿਵਾਰ ਦੇ ਮੈਂਬਰ ਦਾ ਇਹਨਾਂ ਵੱਲੋਂ ਕੀਤੇ ਲੈਣ ਦੇਣ ਜਾਂ ਇਹਨਾਂ ਦੇ ਕਿਸੇ ਜਾਇਜ-ਨਜਾਇਜ ਕੰਮ ਦੀ ਸਾਡੀ ਕੋਈ ਜਿੰਮੇਦਾਰੀ ਨਹੀ ਹੋਵੇਗੀ।

ਭਗਤ ਸਿੰਘ ਪੁੱਤਰ ਸੰਤਾਂ ਸਿੰਘ, ਵਾਸੀ ਮਹੱਲਾ ਹਕੀਮਾਂ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਰਸ਼ਨ ਸਿੰਘ ਅਤੇ ਉਸਦੀ ਪਤਨੀ ਹਰਪਾਲ ਕੌਰ ਅਤੇ ਦੂਸਰਾ ਲੜਕਾ ਅਮਰੀਕ ਸਿੰਘ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਬਲਜੀਤ ਕੌਰ ਵਿਧਵਾ ਕੁਲਦੀਪ ਸਿੰਘ, ਪਿੰਡ ਵਜ਼ੀਰ ਭੁੱਲਰ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਵਿਸ਼ਾਲਦੀਪ ਸਿੰਘ, ਨੂੰਹ ਪਵਨਦੀਪ ਕੌਰ ਨੂੰ ਕਹਿਣਿਓਂ ਬਾਹਰੀ ਹੋਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਜਸਪ੍ਰੀਤ ਸਿੰਘ ਪੁੱਤਰ ਨਿਰਮਲਜੀਤ ਸਿੰਘ ਅਤੇ ਬਲਵਿੰਦਰ ਕੌਰ ਪਤਨੀ ਜਸਪ੍ਰੀਤ ਸਿੰਘ ਵਾਸੀਆਨ 40 ਜਰਮਨੀ ਦਾਸ ਪਾਰਕ, ਕਪੂਰਥਲਾ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਅਨੰਤਪ੍ਰੀਤ ਕੌਰ, ਸਾਡੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਵਿਦੇਸ਼ ਵਿੱਚ ਰਹਿੰਦੀ ਹੈ। ਅਸੀਂ ਆਪਣੀ ਲੜਕੀ ਅਨੰਤਪ੍ਰੀਤ ਕੌਰ ਨੂੰ ਆਪਣੀ ਤਮਾਮ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡੀ ਉਕਤ ਲੜਕੀ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰ ਹੋਵੇਗਾ। ਸਾਡੇ ਜਾਂ ਸਾਡੇ ਪਰਿਵਾਰ ਦੇ ਕਿਸੇ ਮੈਂਬਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਕਾਰ ਸਿੰਘ ਪੁੱਤਰ ਜੋਗਿੰਦਰ, ਵਾਸੀ ਪਿੰਡ ਭੰਡਾਲ ਦੋਨਾਂ, ਜ਼ਿਲ੍ਹਾਂ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਸਰਬਜੀਤ ਸਿੰਘ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰ ਹੋਵੇਗਾ। ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜਿੰਮੇਵਾਰ ਨਹੀਂ ਹੋਵੇਗੀ। ਸਾਰੇ ਸੰਬੰਧਤ ਨੋਟ ਕਰਨ।

ਮੈਂ ਸੰਜੀਵ ਕੁਮਾਰ ਪੁੱਤਰ ਸ੍ਰੀ ਤੀਰਥ ਰਾਮ ਵਾਸੀ ਮਕਾਨ ਨੰਬਰ BXV - 840, ਆਵਾ ਮੁਹੱਲਾ, ਪ੍ਰਤਾਪ ਬਾਗ ਦੇ ਨੇੜੇ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਭਾਤ ਖੋਸਲਾ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਜਿਸ ਕਰਕੇ ਮੈਂ ਆਪਣੇ ਲੜਕੇ ਪ੍ਰਭਾਤ ਖੋਸਲਾ ਨੂੰ ਆਪਣੀ ਹਰ ਪ੍ਰਕਾਰ ਦੀ ਚੱਲ ਅਤੇ ਅੱਚਲ ਜਾਇਦਾਦਾ ਵਿਚੋ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਕੋਈ ਲੈਣ ਦੇਣ ਕਰਦਾ ਹੈ ਤਾਂ ਉਸਦੀ ਜਿੰਮੇਵਾਰੀ ਉਸਦੀ ਖੁਦ ਦੀ ਹੋਵੇਗੀ।

ਮੈਂ ਲਛਮਣ ਦਾਸ ਪੁੱਤਰ ਦਲੀਪਾ ਰਾਮ ਵਾਸੀ ਮਕਾਨ ਨੰ. 25, ਪਿੰਡ ਫੋਲੜੀਵਾਲ, ਜਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਦੋਨੋਂ ਲੜਕੇ ਕੁਲਵਿੰਦਰ ਸਿੰਘ ਤੇ ਹਰਜਿੰਦਰ ਸਿੰਘ ਤੇ ਉਨ੍ਹਾਂ ਦੀਆਂ ਪਤਨੀਆਂ ਕਮਲੇਸ਼ ਰਾਣੀ ਤੇ ਮੋਨਿਕਾ ਸਾਡੇ ਕਹਿਣੇ ਤੋਂ ਬਾਹਰ ਹਨ ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚਲ-ਅਚਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਕੋਈ ਲੈਣ ਦੇਣ ਕਰਦਾ ਹੈ ਤਾਂ ਉਸਦੀ ਜਿੰਮੇਵਾਰੀ ਉਸਦੀ ਖੁਦ ਦੀ ਹੋਵੇਗੀ।

ਮੈਂ ਗੁਰਭੇਜ ਸਿੰਘ ਪੁੱਤਰ ਅਜੀਤ ਸਿੰਘ ਪਿੰਡ ਚੂਹੜ ਸਿੰਘ ਵਾਲਾ (ਮੋਗਾ) ਦਾ ਹਾਂ। ਇਹ ਕਿ ਮੇਰਾ ਲੜਕਾ ਜਗਤਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਬੁਰੀ ਸੰਗਤ ਵਿੱਚ ਪੈ ਗਿਆ ਹੈ. ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ. ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ. ਸਬੰਧਤ ਇਹ ਨੋਟ ਕਰਨ।

ਅਸੀਂ, ਪ੍ਰੇਮ ਸਿੰਘ ਪੁੱਤਰ ਬਚਨ ਸਿੰਘ ਅਤੇ ਸ਼ਰਨਜੀਤ ਕੌਰ ਪਤਨੀ ਪ੍ਰੇਮ ਸਿੰਘ, ਵਾਸੀਆਨ ਪਿੰਡ ਰਣਗੜ੍ਹ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਅਮਰੀਕ ਸਿੰਘ ਸਾਡੇ ਮੇਰੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਕਰਨਪ੍ਰੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਅਤੇ ਕੁਲਵਿੰਦਰਜੀਤ ਕੌਰ ਪਤਨੀ ਕਰਨਪ੍ਰੀਤ ਸਿੰਘ, ਵਾਸੀ ਗਲੀ ਨੰ: 4, ਗੁਰਦੁਆਰਾ ਬਾਬਾ ਮਹਿਤਾਬ ਸਿੰਘ, ਮੀਰਾਂਕੋਟ ਖੁਰਦ, ਵ੍ਹਾਈਟ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਪ੍ਰੀਤ ਸਿੰਘ ਵਾ ਉਸ ਦੀ ਪਤਨੀ ਸੁਪਿੰਦਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਸੁਰਿੰਦਰਪਾਲ ਪੁੱਤਰ ਹਰੀ ਰਾਮ ਅਤੇ ਕੋਮਲ ਪਤਨੀ ਸੁਰਿੰਦਰ ਪਾਲ, ਵਾਸੀਆਨ ਮਕਾਨ ਨੰ: ਐਲ-2/1506, ਗਲੀ ਨੰ: 18, ਨਿਊ ਗੁਰਨਾਮ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦੀਪਕ ਅਤੇ ਉਸ ਦੀ ਪਤਨੀ ਪੂਜਾ, ਜੋ ਸਾਡੇ ਕਹਿਣੇ ਤੋਂ ਬਾਹਰ ਹਨ, ਜਿਨ੍ਹਾਂ ਨੂੰ ਅਸੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਇਹ ਆਪਣੇ ਕੀਤੇ ਚੰਗੇ-ਮਾੜੇ ਕੰਮਾਂ ਦੇ ਵੀ ਜ਼ਿੰਮੇਵਾਰ ਹੋਣਗੇ, ਇਸ ਵਿਚ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ, ਵਾਸੀ ਨੇੜੇ ਭਿੰਡਰਾਂ ਵਾਲਾ ਗੁਰਦੁਆਰਾ, ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ ਅਤੇ ਨੂੰਹ ਬਲਜੀਤ ਕੌਰ ਪਤਨੀ ਗੁਰਮੀਤ ਸਿੰਘ ਅਤੇ ਪੋਤੀ ਜਸਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਖੀ ਪਤਨੀ ਰਾਜ ਕੁਮਾਰ ਵਾਸੀ ਮਕਾਨ ਨੰ: 1435/6, ਗਲੀ ਜੜ੍ਹਾਊ ਵਾਲੀ, ਕਟੜਾ ਭਾਈ ਸੰਤ ਸਿੰਘ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਚੰਦ ਅਤੇ ਉਸ ਦੀ ਪਤਨੀ ਕ੍ਰਿਸ਼ਨਾ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ ਅਤੇ ਮੇਰੇ ਨਾਲ ਮਾੜਾ ਸਲੂਕ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਜ ਕੁਮਾਰ ਪੁੱਤਰ ਦਵਾਰਕਾ ਦਾਸ, ਵਾਸੀ ਮਕਾਨ ਨੰ: 1435/6, ਗਲੀ ਜੜ੍ਹਾਊ ਵਾਲੀ, ਕਟੜਾ ਭਾਈ ਸੰਤ ਸਿੰਘ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਚੰਦ ਅਤੇ ਉਸ ਦੀ ਪਤਨੀ ਕ੍ਰਿਸ਼ਨਾ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ ਅਤੇ ਮੇਰਾ ਨਾਲ ਮਾੜਾ ਸਲੂਕ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਨਿਰਮਲਜੀਤ ਕੌਰ ਪਤਨੀ ਮਨਜੀਤ ਸਿੰਘ ਵਾ ਮਨਜੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀਆਨ ਏ-1, ਐੱਫ. ਜੀ. ਸੀ. ਰੋਡ ਦਯਾ ਨੰਦ ਨਗਰ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਖਰਾਜ ਸਿੰਘ ਵਾ ਉਸ ਦੀ ਪਤਨੀ ਸ੍ਰੀਮਤੀ ਦਲਬੀਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖ਼ਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਮੁਲਜ਼ਮ ਚਾਂਦੀ ਦੇ ਗਹਿਣੇ ਤੇ ਮੋਟਰਸਾਈਕਲ ਸਮੇਤ ਗ੍ਰਿਫ਼ਤਾਰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 1 ਅਕਤੂਬਰ (ਗੁਰਜੀਤ ਬਿੱਲਾ)-ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਮੋਹਾਲੀ ਪੁਲਿਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿਮ ਦੌਰਾਨ ਸੌਰਵ ਜਿੰਦਲ, ਕਪਤਾਨ ਪੁਲਿਸ (ਜਾਂਚ), ਤਲਵਿੰਦਰ ਸਿੰਘ, ਕਪਤਾਨ ਪੁਲਿਸ (ਆਪਰੇਸ਼ਨ), ਜਤਿੰਦਰ ਸਿੰਘ ਚੌਹਾਨ, ਉੱਪ-ਕਪਤਾਨ ਪੁਲਿਸ (ਜਾਂਚ) ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਦੀ ਟੀਮ ਵੱਲੋਂ 3 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਖੋਹ ਕੀਤਾ ਚਾਂਦੀ ਦਾ ਕੜਾ, ਚੈਨ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਸਪਲੈਂਡਰ ਮੋਟਰਸਾਈਕਲ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।



ਮਿਤੀ 25-09-2025 ਨੂੰ ਅਮਨਜੋਤ ਪੁੱਤਰ ਗੋਪੀ ਸਿੰਘ ਵਾਸੀ ਮਕਾਨ ਨੰ: 4273 ਵਾਰਡ ਨੰ: 14 ਨੇੜੇ ਜਾਮਾ ਮਸਜਿਦ ਮੇਨ ਬਜਾਰ ਖਰੜ ਦੇ ਬਿਆਨਾਂ ਦੇ ਅਧਾਰ ਤੇ 03 ਨਾ-ਮਾਲੂਮ ਦੋਸ਼ੀਆਂ ਵਿਰੁੱਧ ਮੁਕੱਦਮਾ ਦਰਜ ਰਜਿਸਟਰ ਹੋਇਆ ਸੀ ਕਿ ਉਹ ਮਿਤੀ 19/20 ਦੀ ਦਰਮਿਆਨੀ ਰਾਤ ਨੂੰ ਆਪਣੀ ਐਕਟਿਵਾ ਤੇ ਚੰਡੀਗੜ੍ਹ ਨੂੰ ਜਾ ਰਿਹਾ ਸੀ, ਜਦੋਂ ਉਹ ਪਿੰਡ ਦਾਊਂ ਮੋੜ ਪਾਸ ਪੁੱਜਾ। ਜਿੱਥੇ ਤਿੰਨ ਨਾ-ਮਾਲੂਮ ਵਿਅਕਤੀਆਂ ਵੱਲੋਂ ਉਸਨੂੰ ਹੱਥ ਦੇ ਕੇ ਰੋਕਿਆ ਗਿਆ, ਜੋ ਸਪਲੈਂਡਰ ਮੋਟਰਸਾਈਕਲ ਤੇ ਸਵਾਰ ਸਨ। ਜਿਨਾਂ ਨੇ ਉਸ ਪਾਸੋਂ ਆਪਣੇ ਮੋਟਰਸਾਈਕਲ ਦਾ ਤੇਲ ਖਤਮ ਹੋਣ ਦਾ ਬਹਾਨਾ ਲਗਾਕੇ 200/- ਰੁਪਏ ਗੂਗਲ ਪੇਅ ਕਰਵਾਏ ਅਤੇ ਬਾਅਦ ਵਿੱਚ ਉਸਨੂੰ ਚਾਕੂ ਦਿਖਾਕੇ, ਡਰਾ-ਧਮਕਾ ਕੇ ਉਸਦੇ ਗਲ ਵਿੱਚ ਪਾਈ ਚਾਂਦੀ ਦੀ ਚੈਨ, ਹੱਥ ਵਿੱਚ ਪਾਇਆ ਚਾਂਦੀ ਦਾ ਕੜਾ ਅਤੇ 07 ਹਜਾਰ ਰੁਪਏ ਖੋਹ ਲਏ ਸਨ।

ਜਿਸ ਤੇ ਇੰਸ: ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਅਤੇ ਉਹਨਾਂ ਦੀ ਟੀਮ ਵੱਲੋਂ ਕਾਰਵਾਈ ਕਰਦੇ ਹੋਏ, ਤਕਨੀਕੀ ਅਤੇ ਮਾਨਵੀ ਸਾਧਨਾਂ ਦੀ ਮਦਦ ਨਾਲ ਤਿੰਨੇ ਦੋਸ਼ੀਆਂ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਹਨਾਂ ਪਾਸੋਂ ਖੋਹ ਕੀਤਾ ਸਮਾਨ ਵੀ ਬ੍ਰਾਮਦ ਕਰ ਲਿਆ ਗਿਆ ਹੈ।

ਮੁਲਜ਼ਮ ਇਕਬਾਲ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ ਮਕਾਨ ਨੰ: 1318 ਸਨੀ ਇੰਨਕਲੇਵ ਖਰੜ ਹਾਲ ਵਾਸੀ ਮਕਾਨ ਨੰ: 1091 ਸਨੀ ਇੰਨਕਲੇਵ, ਖਰੜ ਜਿਸਦੀ ਉਮਰ ਕ੍ਰੀਬ 35 ਸਾਲ ਹੈ, ਨੂੰ ਪਿੰਡ ਬੱਲੋਮਾਜਰਾ ਤੋਂ ਗ੍ਰਿਫਤਾਰ ਕੀਤਾ ਗਿਆ।ਅੰਮ੍ਰਿਤਪਾਲ ਸਿੰਘ ਉਰਫ ਨੋਨਾ ਪੁੱਤਰ ਸੁੱਚਾ ਸਿੰਘ ਵਾਸੀ ਮਕਾਨ ਨੰ: 10 ਪਿੰਡ ਬੱਲੋਮਾਜਰਾ, ਥਾਣਾ ਬਲੌਂਗੀ ਜਿਲਾ ਐਸ.ਏ.ਐਸ. ਨਗਰ ਜਿਸਦੀ ਉਮਰ ਕ੍ਰੀਬ 25 ਸਾਲ ਹੈ, ਨੂੰ ਪਿੰਡ ਬੱਲੋਮਾਜਰਾ ਤੋਂ ਗ੍ਰਿਫਤਾਰ ਕੀਤਾ ਗਿਆ।ਸੁਰੰਮਜੀਤ ਸਿੰਘ ਉਰਫ ਸੁਖਮਨ ਪੁੱਤਰ ਲੇਟ ਚੰਦ ਸਿੰਘ ਵਾਸੀ ਮਕਾਨ ਨੰ: 40 ਵਾਰਡ ਨੰ: 5 ਕੁਰਾਲ਼ੀ ਹਾਲ ਵਾਸੀ ਕਿਰਾਏਦਾਰ ਕਮਰਾ ਨੰ: 19 ਪਹਿਲੀ ਮੰਜਿਲ ਗੈਬਿਨ ਹੋਮਜ ਪੀ.ਜੀ. ਬਲੌਂਗੀ, ਜਿਲਾ ਐਸ.ਏ.ਐਸ. ਨਗਰ ਜਿਸਦੀ ਉਮਰ ਕ੍ਰੀਬ 26 ਸਾਲ ਹੈ, ਜੋ ਬਾਰਾਂ ਕਲਾਸਾਂ ਪਾਸ ਹੈ ਅਤੇ ਅਨ-ਮੈਰਿਡ ਹੈ। ਉਸ ਦੇ ਖਿਲਾਫ ਪਹਿਲਾਂ ਕੋਈ ਮੁਕੱਦਮਾ ਦਰਜ ਨਹੀ ਹੈ। ਮੁਲਜ਼ਮ ਨੂੰ ਬਲੌਂਗੀ ਤੋਂ ਮਿਤੀ 27-09-2025 ਨੂੰ ਗ੍ਰਿਫਤਾਰ ਕੀਤਾ ਗਿਆ।ਮੁਲਜ਼ਮ ਪੁਲਸ ਰਿਮਾਂਡ ਅਧੀਨ ਹਨ, ਜਿਨਾਂ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਭਾਈ ਘਨੱਈਆ ਜੀ ਦੀ ਨਿਸ਼ਕਾਮ ਸੇਵਾ ਨੂੰ ਸਮਰਪਤ ਵਿਚਾਰ ਚਰਚਾ ਤੇ ਖ਼ੂਨਦਾਨ ਕੈਂਪ



ਮਾਹਿਲਪੁਰ, (ਸ਼ਫ਼ਰੀ)-ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਭਾਈ ਘਨਈਆ ਜੀ ਚੈਰੀਟੇਬਲ ਬਲੱਡ ਬੈਂਕ ਹੁਸ਼ਿਆਰਪੁਰ ਅਤੇ ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਦੇ ਸਹਿਯੋਗ ਨਾਲ ਭਾਈ ਘਨਈਆ ਜੀ ਦੀ ਮਾਨਵਤਾ ਨੂੰ ਨਿਸ਼ਕਾਮ ਸੇਵਾ ਨੂੰ ਸਮਰਪਿਤ ਵਿਚਾਰ ਚਰਚਾ, ਮੁਫ਼ਤ ਮੈਡੀਕਲ ਸਰੀਰਕ ਚੈੱਕਅੱਪ ਅਤੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਸਿੱਖ ਐਜੂਕੇਸ਼ਨਲ ਕੌਂਸਲ ਦੇ ਖਜ਼ਾਨਚੀ ਵੀਰਿੰਦਰ ਸ਼ਰਮਾ, ਸਾਬਕਾ ਮੈਨੇਜਰ ਕਪਿਲ ਕੁਮਾਰ ਸ਼ਰਮਾ, ਪ੍ਰੋਫੈਸਰ ਬਹਾਦਰ ਸਿੰਘ ਸੁਨੇਤ,ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਇੰਦਰਜੀਤ ਸਿੰਘ ਮਾਨ ਨੇ ਕੀਤਾ। ਇਸ ਮੌਕੇ ਸਵਾਗਤੀ ਸ਼ਬਦ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਸਾਂਝੇ ਕਰਦਿਆਂ ਕਿਹਾ ਕਿ ਖ਼ੂਨਦਾਨ ਅਤੇ ਸਰੀਰ ਦੇ ਅੰਗਾਂ ਦੇ ਦਾਨ ਤੋਂ ਵੱਡਾ ਮਨੁੱਖਤਾ ਲਈ ਕੋਈ ਉਪਰਾਲਾ ਨਹੀਂ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੇ ਸਮਾਜ ਭਲਾਈ ਕਾਰਜਾਂ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਭਾਈ ਘਨਈਆ ਜੀ ਮਿਸ਼ਨ, ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਭਾਈ ਘਨਈਆ ਜੀ ਦੀ ਸ਼ਖਸ਼ੀਅਤ ਅਤੇ ਵਿਚਾਰਧਾਰਾ ਤੇ ਪ੍ਰਭਾਵਸ਼ਾਲੀ ਲੈਕਚਰ ਦਿੰਦਿਆਂ ਵਿਦਿਆਰਥੀਆਂ ਨੂੰ ਭਾਈ ਘਨਈਆ ਜੀ ਦੇ ਜੀਵਨ, ਸ਼ਖਸ਼ੀਅਤ ਅਤੇ ਵਿਸ਼ਵ ਦੀ ਸਮੁੱਚੀ ਮਨੁੱਖਤਾ ਨੂੰ ਦੇਣ ਤੋਂ ਜਾਣੂ ਕਰਵਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਖ਼ੂਨਦਾਨ ਅਤੇ ਹੋਰ ਅਜਿਹੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ 40 ਯੂਨਿਟ ਤੋਂ ਵੱਧ ਖ਼ੂਨਦਾਨ ਕੀਤਾ।

# ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਸਿਵਲ ਸਕੱਤਰੇਤ ਵਿਖੇ 'ਪਹਿਲ ਮਾਰਟ' ਦਾ ਉਦਘਾਟਨ



ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਪਿੰਡਾਂ ਵਿੱਚ ਰਹਿਣ ਵਾਲੀਆਂ ਮਹਿਲਾਵਾਂ ਨੂੰ ਸਸ਼ਕਤ ਬਣਾਉਣ ਅਤੇ ਰਵਾਇਤੀ ਕਾਰੀਗਰੀ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ, ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ (ਪੀ ਐੱਸ ਆਰ ਐੱਲ ਐੱਮ) ਵੱਲੋਂ 'ਪਹਿਲ ਮਾਰਟ' ਦਾ ਉਦਘਾਟਨ ਕੀਤਾ ਗਿਆ ਹੈ। ਇਹ ਮਾਰਟ ਪੰਜਾਬ ਦੇ ਦਿਹਾਤੀ ਖੇਤਰਾਂ ਦੇ ਸਵੈ-ਸਹਾਇਤਾ ਸਮੂਹਾਂ (ਐੱਸ ਐੱਚ ਜੀ) ਵੱਲੋਂ ਤਿਆਰ ਦਸਤੀ ਵਸਤਾਂ ਅਤੇ ਔਰਗੈਨਿਕ ਉਤਪਾਦਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਬਾਜ਼ਾਰ ਹੈ।ਇਸ ਮਾਰਟ ਦਾ ਉਦਘਾਟਨ ਬੁੱਧਵਾਰ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਪ੍ਰਬੰਧਕੀ ਸਕੱਤਰ ਅਜੀਤ ਬਾਲਾਜੀ ਜੋਸ਼ੀ ਵੱਲੋਂ ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ ਵਿਖੇ ਕੀਤਾ ਗਿਆ। ਸੌਂਦ ਨੇ ਮਾਰਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਵੈ-ਨਿਰਭਰਤਾ, ਪੇਂਡੂ ਵਿਕਾਸ ਅਤੇ ਮਹਿਲਾ ਸਸ਼ਕਤੀਕਰਨ ਵੱਲ ਇੱਕ ਸਾਰਥਕ ਕਦਮ ਹੈ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਕਵੀ ਦਰਬਾਰ ਦਾ ਆਯੋਜਨ



ਬੰਗਾ (ਅਵਤਾਰ ਕਲੇਰ)-ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਇੱਥੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਮੇਜ਼ਬਾਨ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ, ਸ਼੍ਰੋਮਣੀ ਕਵੀ ਸੁਰਜੀਤ ਜੱਜ ਅਤੇ ਸ਼੍ਰੋਮਣੀ ਟੈਲੀ ਫਿਲਮ ਨਿਰਮਾਤਾ ਤੇ ਕਵੀ ਡਾ. ਲਖਵਿੰਦਰ ਜੌਹਲ ਨੇ ਕੀਤੀ। ਇਸ ਮੌਕੇ ਪੰਜਾਬੀ ਦੇ ਨਾਮਵਰ ਤੇ ਮੇਜ਼ਬਾਨ ਕਾਲਜ ਦੇ ਉਭਰਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ। ਕਵੀ ਦਰਬਾਰ ਦੀ ਸ਼ੁਰੂਆਤ ਡਾ. ਨਿਰਮਲ ਕੌਰ ਦੇ ਸੰਚਾਲਨ ਤਹਿਤ ਮੇਜ਼ਬਾਨ ਕਾਲਜ ਦੇ ਕਵੀਆਂ ਨੇ ਕੀਤੀ। ਹਰਜਿੰਦਰ ਸਿੰਘ ਨੇ ਆਪਣੀ ਰਚਨਾ 'ਮੇਰੇ ਨਾਮ ਦੇ ਅੱਗਿਓ ਭਾਵੇਂ ਸ਼ਹੀਦ ਹਟਾ ਦਿਓ ਪਰ ਕਹੋ ਨਾ ਅੱਤਵਾਦੀ' ਗੀਤ ਨਾਲ ਕੀਤੀ। ਫਿਰ ਹਰਸਾਹਿਬ ਸਿੰਘ ਨੇ 'ਭਗਤ ਸਿੰਘ ਜਿਹੇ ਸੂਰਮੇ ਨਿੱਤ ਨਾ ਦੁਨੀਆ 'ਤੇ ਆਉਂਦੇ' ਨਾਲ ਕਵੀ ਦਰਬਾਰ ਨੂੰ ਅੱਗੇ ਵਧਾਇਆ। ਜਸਕਰਨ ਨੇ 'ਭਾਗਾਂ ਵਾਲਾ ਨਾਮ ਸੀ ਰੱਖਿਆ', ਇਸ਼ਮੀਤ ਕੌਰ ਨੇ 'ਮੇਰੇ ਪਿੰਡ ਦੀ ਓਹ ਨਹਿਰ..' ਗੀਤ ਨਾਲ ਮਾਹੌਲ ਨੂੰ ਮਘਾਇਆ। ਸੁਖਮਨਜੀਤ ਸਿੰਘ ਨੇ 'ਮੈਂ ਭਗਤ ਸਿੰਘ ਦੇ ਚਰਨਾਂ 'ਤੇ ਸਿਰ ਰੱਖ ਕੇ ਰੋ ਆਇਆ ਹਾਂ..' ਰਾਹੀਂ ਰਾਜਨੀਤਿਕ ਲੋਕਾਂ ਵੱਲੋਂ ਸ਼ਹੀਦ ਦੇ ਨਾਮ 'ਤੇ ਲਗਾਏ ਜਾਂਦੇ ਲਾਰਿਆਂ 'ਤੇ ਖ਼ੂਬਸੂਰਤ ਵਿਅੰਗ ਕੀਤਾ। ਕਵੀ ਦਰਬਾਰ ਦੇ ਦੂਸਰੇ ਪੜਾਅ ਵਿੱਚ ਸਥਾਪਤ ਕਵੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਕਾਵਿ ਰਚਨਾਵਾਂ ਦੀ ਸ਼ੁਰਆਤ ਤ੍ਰੈਲੋਚਨ ਲੋਚੀ ਨੇ 'ਘਰਾਂ ਵਿੱਚ ਰੋਸ਼ਨੀ ਹੁੰਦੇ ਹੋਏ ਵੀ ਨਹੀਂ ਹੁੰਦਾ, ਕੋਈ ਹੁੰਦੇ ਹੋਏ ਵੀ' ਗਜ਼ਲ ਤਰੰਨੁਮ 'ਚ ਗਾ ਕੇ ਸਾਡੇ ਅਜੋਕੇ ਸਮਾਜਿਕ ਤਾਣੇ-ਬਾਣੇ 'ਤੇ ਵਧੀਆ ਵਿਅੰਗ ਕੀਤਾ। ਇਸੇ ਤਰ੍ਹਾਂ ਅਨੀ ਕਾਠਗੜ੍ਹ ਨੇ 'ਉਹ ਮੇਰੇ ਨਾਲ ਬੈਠਾ ਵੀ ਗੈਰਹਾਜ਼ਰ ਹੈ..' ਰਾਹੀਂ ਆਪਣੇ ਆਪ ਨੂੰ ਇਕੱਲਤਾ ਵੱਲ ਧੱਕ ਰਹੇ ਵਿਅਕਤੀਆਂ 'ਤੇ ਕਟਾਕਸ਼ ਕੀਤਾ। ਕੁਲਵਿੰਦਰ ਕੁੱਲਾ ਨੇ ਆਪਣੇ ਗੀਤ 'ਮੇਰੀ ਪੱਗੜੀ ਰੰਗ ਦੇ ਲਲਾਰੀਆਂ ਵੇ ਊਧਮ ਭਗਤ ਸਰਾਭੇ ਵਰਗੀ..' ਨੂੰ ਤੁਰੰਨੁਮ 'ਚ ਗਾ ਕੇ ਸ਼ਹੀਦਾਂ ਦੀ ਸੋਚ 'ਤੇ ਚੱਲਣ ਦਾ ਸੁਨੇਹਾ ਦਿੱਤਾ। ਆਪਣੇ ਧੰਨਵਾਦੀ ਭਾਸ਼ਨ ਵਿੱਚ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਜਿਸ ਮਕਸਦ ਨਾਲ ਉਨ੍ਹਾਂ ਨੇ ਇਹ ਸਮਾਗਮ ਰਚਾਇਆ ਸੀ ਉਸ ਨੂੰ ਮਿਲੇ ਹੁੰਗਾਰੇ ਤੋਂ ਜਾਪਿਆ ਕਿ ਸ਼ਹੀਦ ਭਗਤ ਸਿੰਘ ਦੀ ਰੂਹ ਅਜੇ ਵੀ ਸਾਡੇ ਵਿਚਕਾਰ ਹਾਜ਼ਰ ਹੈ।

## COURT NOTICE

(U/o 5 Rule 20 CPC)
IN THE Court of Ms. Babita Civil Judge (Junior Division), Pathankot
CNR No. PBPO02-001068-2022
Next Date:- 09-12-2025
State Bank of India
Vs.
Amit Kumar
PUBLICATION ISSUED TO:
Amit Kumar , Father: :- Ashwani Kumar R/o Village Rajpura, P.O Shahpurkandi, District Pathankot

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 09-12-2025 at 10:00 a.m.

For details logon to https://highcourtchd.gov.in/?mod=district_notice&district=Pathankot

Dated, this day of 29-09-2025

Civil Judge (Junior Division), Pathankot

## ਨਿਲਾਮੀ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਲਾਕ ਟਾਂਡਾ ਅਧੀਨ ਆਉਂਦੇ ਗ੍ਰਾਮ ਪੰਚਾਇਤ ਪਿੰਡ ਪਿੰਡੀ ਖੈਰ ਵੱਲੋਂ ਸਕੂਲ ਦੀ ਗਰਾਊਂਡ 'ਚ ਲੱਗੇ 83 ਸਫੇਦੇ, 4 ਡੇਕਾਂ, ਟੁੱਟਕਲ 2.15 ਦੀ ਬੋਲੀ ਵਣ ਬਿਜੇ ਵਿਭਾਗ ਦੇ ਰੇਂਜ ਅਫਸਰ ਦੀ ਰਿਪੋਰਟ ਅਨੁਸਾਰ ਮਿਤੀ 15 ਅਕਤੂਬਰ ਦਿਨ ਬੁੱਧਵਾਰ ਸਕੂਲ ਵਿਚ ਸਵੇਰੇ 11 ਵਜੇ ਕਰਵਾਈ ਜਾਵੇਗੀ। ਚਾਹਵਾਨ ਸੱਜਣ ਮੌਕੇ 'ਤੇ ਬੋਲੀ ਵਿਚ ਭਾਗ ਲੈ ਸਕਦੇ ਹਨ।

ਸੰਪਰਕ : 77197-10328

## PUBLIC NOTICE

SGGS KHALSA COLLEGE MAHILPUR, HOSHIARPUR AFFILIATED TO PUNJAB UNIVERSITY CHANDIGARH
www.sggskcm.org, 01884245236

Management quota seats for BP.Ed (Two Year Course) entrance examination will be held on 04/10/2025 (saturday) all interested candidates are required to report for the physical efficiency test and counseling at the college campus by 10:00 a. m. in the department of Physical Education along with original testimonials 99152 77607 Dr Parvinder Singh Principal, Sant Sadhu Singh President.

## PUBLIC NOTICE

I No JC-749254N Ex Sub, Amrik Singh Kang S/o S.Chain Singh Kang R/o VPO Lallian Kalan, Distt Jalandhar Punjab declare that in my service document my wife name and her date of birth wrongly written as Paramjit Kaur , 08 April 1963 instead of correct name Paramjit Kaur Kang and her Date of birth 10 August 1962. That is correct name of my wife Paramjit Kaur Kang and her correct date of Birth is 10 August 1962. Please note.

I, Satnam Singh S/o Tirth Singh and Paramjit kaur w/o Satnam Singh R/o Village Manakrai, Keran , Sub tehsil Bhogpur Distt jalandhar, Punjab declare that Our Son Gurpreet Singh and his wife Anchal Sharma are out of our control. so we disown them from our all moveable/imoveable property. anybody dealing with them at their own responsibility.

I Baldev Raj S/o Atma Ram,R/o H.no. 20,Rajan Nagar, Basti Peer Dad, Jalandhar declare that my son Vishal and daughters Shiwani and Dipika are out of my control. So I disown them from my movable/immovable property. Anybody dealing with them at their own responsibilty.All concerned may note.

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 22.10.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ ਬੈਂਕਰਸ ਚੈਂਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 30.09.2025 / 17:07 ਵਜੇ | 08.10.2025 | 22.10.2025 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ, ਤਾਰੀਕ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 148-2025-26-ADEN-JRC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਜਲੰਧਰ ਕੈਂਟ ਰੇਲਵੇ ਕਾਲੋਨੀ ਵਿਚ 225 ਕਿਲੋਲੀਟਰ ਆਰਸੀਸੀ ਓਵਰ ਹੇਡ ਵਾਟਰ ਟੈਂਕ ਦਾ ਪ੍ਰਾਵਧਾਨ ਦੇ ਕੰਮ। | | |
| | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | 97,28,591.08/- | 1,94,600.00 | 60 ਦਿਨ | 06 ਮਹੀਨੇ |

ਸਮਾਨ ਕੰਮ ਦੀ ਨੇਚਰ:- "ਪ੍ਰਬਿਲਤ ਸੀਮੇਂਟ ਕੰਕ੍ਰੀਟ ਓਵਰ ਹੇਡ ਟੈਂਕ/ਆਰਸੀਸੀ ਫ੍ਰੇਮਯੁਕਤ ਸੰਰਚਨਾ ਦੀ ਉਸਾਰੀ/ਮੁਰੰਮਤ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 148-2025-26-ADEN-JRC ਤਾਰੀਕ: 30.09.2025 3031/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਰਣਦੀਪ ਸਿੰਘ ਪੁੱਤਰ ਔਤਾਰ ਸਿੰਘ ਪੁੱਤਰ ਕੁੰਢਾ ਸਿੰਘ ਵਾਸੀ ਪੱਤੀ ਹੀਰਾ ਸਿੰਘ, ਤਹਿ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 654,702,703,707 ਤੋਂ 710,789,790,983,1015,1024, ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਪੱਤੀ ਹੀਰਾ ਸਿੰਘ-1, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 08-10-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਬਲਵੰਤ ਕੌਰ ਵਿਧਵਾ (2) ਚੰਦ ਸਿੰਘ (3) ਮਲਕੀਤ ਸਿੰਘ ਪੁੱਤਰਾਨ (4) ਪ੍ਰਤਾਪ ਕੌਰ (5) ਸੁਰਜੀਤ ਕੌਰ (6) ਗੁੱਡੀ ਪੁੱਤਰੀਆਂ ਗੁਰਨਾਮ ਸਿੰਘ ਪੁੱਤਰ ਸੱਦਾ ਸਿੰਘ (7) ਹਰਵਿੰਦਰ ਸਿੰਘ ਪੁੱਤਰ ਰੂਪ ਸਿੰਘ ਪੁੱਤਰ ਅਜੀਤ ਸਿੰਘ (8) ਪਰਮਜੀਤ ਕੌਰ ਵਿਧਵਾ (9) ਜਸਪ੍ਰੀਤ ਕੌਰ (10) ਮਨਪ੍ਰੀਤ ਕੌਰ ਪੁੱਤਰੀਆਂ (11) ਗੁਰਦੀਪ ਸਿੰਘ ਬਰਾੜ ਪੁੱਤਰ ਜੀਤ ਸਿੰਘ ਪੁੱਤਰ ਗੁਰਨਾਮ ਸਿੰਘ (12) ਤਰਲੋਚਨ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਜੱਗਾ ਸਿੰਘ (13) ਸ਼ੰਗਾਰਾ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਸੁੰਦਰ ਸਿੰਘ (14) ਬੂਟਾ ਸਿੰਘ (15) ਬੂਟਾ ਸਿੰਘ (16) ਨਿਰਭੈ ਸਿੰਘ ਪੁੱਤਰਾਨ (17) ਅਮਰਜੀਤ ਕੌਰ ਵਿਧਵਾ ਮੇਜਰ ਸਿੰਘ ਪੁੱਤਰ ਦਸੌਧਾ ਸਿੰਘ (18) ਜਸਵਿੰਦਰ ਕੌਰ ਪਤਨੀ ਨਵਤੇਜ ਸਿੰਘ ਪੁੱਤਰ ਨਾਹਰ ਸਿੰਘ (19) ਕੁਲਵੰਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਜੰਗੀਰ ਸਿੰਘ (20) ਅਮਨਦੀਪ ਕੌਰ ਪਤਨੀ ਤੋਤਾ ਸਿੰਘ ਪੁੱਤਰ ਸੁਰਜੀਤ ਸਿੰਘ (21) ਜਸਦੀਪ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਕਾਲਾ ਸਿੰਘ (22) ਹਰਭਜਨ ਸਿੰਘ (23) ਜਸਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਅਜੀਤ ਸਿੰਘ (24) ਕੁਲਦੀਪ ਸਿੰਘ (25) ਹਰਦੀਪ ਸਿੰਘ ਪੁੱਤਰਾਨ ਦਿਆ ਸਿੰਘ ਪੁੱਤਰ ਕਾਲਾ ਸਿੰਘ (26) ਰਵਿੰਦਰ ਕੁਮਾਰ ਪੁੱਤਰ ਸ਼ਾਮ ਲਾਲ ਪੁੱਤਰ ਅਮਰ ਨਾਥ (27) ਕੇਵਲ ਕਰਿਸ਼ਨ (28) ਸਿੰਦਰਪਾਲ ਪੁੱਤਰ ਸਿਵ ਰਾਮ ਪੁੱਤਰ ਜਗਤ ਰਾਮ (29) ਅਮਰਜੀਤ ਕੌਰ (30) ਸਿੰਦਰਪਾਲ ਕੌਰ ਪਤਨੀ ਸਤਪਾਲ ਪੁੱਤਰ ਸੂਰਜ ਭਾਨ (31) ਇੰਦਰਜੀਤ ਕੌਰ ਪਤਨੀ (32) ਅਸ਼ੋਕ ਕੁਮਾਰ ਪੁੱਤਰ ਰਾਜ ਕੁਮਾਰ ਪੁੱਤਰ ਸ਼ਿਵ ਰਾਜ (33) ਸੁਖਪਾਲ ਪੁੱਤਰ ਸੂਰਜ ਭਾਨ ਪੁੱਤਰ ਅਮਰ ਨਾਥ (34) ਵਿਦਿਆ ਸਾਗਰ (35) ਸਰੋਜ ਸ਼ਰਮਾ ਪੁੱਤਰਾਨ ਸਤਪਾਲ ਪੁੱਤਰ ਸੂਰਜ ਭਾਨ (35) ਬੂਟਾ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਸਰਦਾਰਾ ਸਿੰਘ (36) ਅਮਰ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਕਿਸ਼ਨ ਸਿੰਘ (37) ਸੁਖਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਵਸਾਖਾ ਸਿੰਘ (38) ਹਰਨੇਕ ਸਿੰਘ ਪੁੱਤਰ ਬਾਬੂ ਸਿੰਘ ਪੁੱਤਰ ਭੋਲਾ ਸਿੰਘ (39) ਪ੍ਰੀਤਮ ਸਿੰਘ ਪੁੱਤਰ ਦਲਬਾਰਾ ਸਿੰਘ ਪੁੱਤਰ ਭੋਲਾ ਸਿੰਘ (40) ਅਜੀਤ ਸਿੰਘ ਪੁੱਤਰ ਪ੍ਰੇਮ ਸਿੰਘ ਪੁੱਤਰ ਪ੍ਰਤਾਪ ਸਿੰਘ (41) ਦਿਲਬਾਗ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਨੱਥਾ ਸਿੰਘ (42) ਸਮਾਧ ਸੰਤ ਮਹੇਸ਼ ਮੁਨੀ ਜੀ ਬੋਰੇ ਵਾਲੇ ਗਊਸ਼ਾਲਾ ਪੱਤੀ ਹੀਰਾ ਸਿੰਘ (43) ਜਗਜੀਤ ਸਿੰਘ (44) ਗੁਰਨਾਮ ਕੌਰ ਪੁੱਤਰੀ ਨੰਦ ਸਿੰਘ ਪੁੱਤਰ ਪ੍ਰਤਾਪ ਸਿੰਘ (45) ਅਮਨਪਾਲ ਸਿੰਘ ਪੁੱਤਰ (46) ਬਲਜੀਤ ਕੌਰ ਵਿਧਵਾ ਗੁਰਮੇਲ ਸਿੰਘ ਪੁੱਤਰ ਵਸਾਖਾ ਸਿੰਘ (47) ਗੁਰਸੇਵਕ ਸਿੰਘ (48) ਗੁਰਦੀਪ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਨੰਦ ਸਿੰਘ (49) ਨਛੱਤਰ ਸਿੰਘ (50) ਗੁਰਮੇਲ ਸਿੰਘ ਪੁੱਤਰਾਨ ਸੁਰਜੀਤ ਸਿੰਘ ਪੁੱਤਰ ਪ੍ਰੇਮ ਸਿੰਘ (51) ਬਲਦੇਵ ਸਿੰਘ (52) ਹੁਕਮ ਸਿੰਘ ਪੁੱਤਰਾਨ ਬਖਤੌਰ ਸਿੰਘ ਪੁੱਤਰ ਬਚਨ ਸਿੰਘ (53) ਗੁਰਪ੍ਰੀਤ ਕੌਰ ਪਤਨੀ ਬਲਜੀਤ ਸਿੰਘ ਪੁੱਤਰ ਜਰਨੈਲ ਸਿੰਘ (54) ਸੁਖਬਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਵਿਸਾਖਾ ਸਿੰਘ (55) ਤਰਸੇਮ ਕੁਮਾਰ ਪੁੱਤਰ ਸੁਖਦੇਵ ਰਾਮ ਉਰਫ ਸੁਖਦੇਵ ਸਿੰਘ ਪੁੱਤਰ ਬੰਸੀ ਰਾਮ (56) ਗੁਰਮੀਤ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਲੱਭੂ ਸਿੰਘ (57) ਜਗਜੀਤ ਸਿੰਘ (58) ਸੁਖਜੀਤ ਸਿੰਘ ਪੁੱਤਰ (59) ਹਰਭਜਨ ਕੌਰ ਵਿਧਵਾ ਮੱਘਰ ਸਿੰਘ ਪੁੱਤਰ ਗੰਡਾ ਸਿੰਘ (60) ਛਿੰਦਰ ਕੌਰ ਪੁੱਤਰੀ ਪਾਲ ਸਿੰਘ (61) ਕਮਲਜੀਤ ਕੌਰ ਪੁੱਤਰੀ ਦਰਸ਼ਨ ਸਿੰਘ ਪੁੱਤਰ ਲੱਭੂ ਸਿੰਘ (62) ਬਿਸ਼ਨ ਕੌਰ ਵਿਧਵਾ (63) ਗੁਰਨਾਮ ਕੌਰ (64) ਬਸੰਤ ਕੌਰ (65) ਭਗਵਾਨ ਕੌਰ ਪੁੱਤਰੀਆਂ (66) ਬੰਤ ਸਿੰਘ (62) ਸਾਧੂ ਸਿੰਘ (63) ਸਾਧੂ ਸਿੰਘ (64) ਬਿੰਦਰ ਸਿੰਘ ਪੁੱਤਰ ਪਾਲ ਸਿੰਘ (65) ਅਕਬਾਲ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਗੰਡਾ ਸਿੰਘ (66) ਸੰਤਾ ਸਿੰਘ ਪੁੱਤਰ ਲੱਭੂ ਸਿੰਘ ਪੁੱਤਰ ਧਰਮਾ ਸਿੰਘ (67) ਸੁਨੀਤਾ ਰਾਣੀ ਤਰਸੇਮ ਕੁਮਾਰ ਪੁੱਤਰ ਸੁਖਦੇਵ ਕੁਮਾਰ (68) ਮਹਿੰਦਰ ਸਿੰਘ (69) ਗੁਰਦੇਵ ਸਿੰਘ ਪੁੱਤਰ (70) ਹਾਕਮ ਸਿੰਘ ਪੁੱਤਰਾਨ ਤੀਰਥ ਸਿੰਘ ਪੁੱਤਰ ਗੰਡਾ ਸਿੰਘ (71) ਸੁਖਦੇਵ ਸਿੰਘ (72) ਬਲਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਲੱਭੂ ਸਿੰਘ (73) ਲਵਕਰਨ ਸਿੰਘ ਧਾਲੀਵਾਲ ਪੁੱਤਰ ਸ਼ਮਸ਼ੇਰ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀਆਨ ਪੱਤੀ ਹੀਰਾ ਸਿੰਘ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਿਹਾਲ ਸਿੰਘ ਵਾਲਾ (ਮੋਗਾ)

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਸਵਿੰਦਰ ਕੌਰ ਪਤਨੀ ਰਣਦੀਪ ਸਿੰਘ ਪੁੱਤਰ ਔਤਾਰ ਸਿੰਘ ਵਾਸੀ ਪੱਤੀ ਹੀਰਾ ਸਿੰਘ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 640, 643, 644, 718, 719, 797, 943, 1000, 1013, 1014, 1023 ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਪੱਤੀ ਹੀਰਾ ਸਿੰਘ-1, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 08-10-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਗੁਰਚਰਨ ਸਿੰਘ (2) ਜੋਰਾ ਸਿੰਘ (3) ਗੁਰਦੇਵ ਸਿੰਘ ਪੁੱਤਰਾਨ ਆਤਮਾ ਸਿੰਘ ਪੁੱਤਰ ਨਧਾਨ ਸਿੰਘ (4) ਚਤਰ ਸਿੰਘ ਪੁੱਤਰ ਨਿਧਾਰ ਸਿੰਘ ਪੁੱਤਰ ਮਿਤ ਸਿੰਘ (5) ਕਰਤਾਰ ਕੌਰ ਪੁੱਤਰੀ ਗੇਂਦਾ ਸਿੰਘ ਪੁੱਤਰ ਥਾਣਾ ਸਿੰਘ (6) ਨਵਤੇਜ ਸਿੰਘ ਪੁੱਤਰ ਨਾਹਰ ਸਿੰਘ ਪੁੱਤਰ ਸਰਦਾਰ ਸਿੰਘ (7) ਸੁਖਵਿੰਦਰ ਕੌਰ ਪਤਨੀ ਹਰਪਾਲ ਸਿੰਘ ਪੁੱਤਰ ਪੂਰਨ ਸਿੰਘ (8) ਭਜਨ ਕੌਰ ਵਿਧਵਾ (9) ਸਰਬਜੀਤ ਕੌਰ (10) ਗੁਰਜੀਤ ਕੌਰ ਪੁੱਤਰੀਆਨ ਨਾਹਰ ਸਿੰਘ ਪੁੱਤਰ ਸਰਦਾਰਾ ਸਿੰਘ (11) ਕੁਲਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਇੰਦਰ ਸਿੰਘ (12) ਕਮਲਦੀਪ ਸਿੰਘ ਪੁੱਤਰ ਨਰੰਜਨ ਸਿੰਘ ਪੁੱਤਰ ਗੁਰਦਿੱਤ ਸਿੰਘ (13) ਜਗਦੀਪ ਸਿੰਘ ਪੁੱਤਰ ਕੁਲਦੀਪ ਸਿੰਘ ਪੁੱਤਰ ਸੁਖਦੇਵ ਸਿੰਘ (14) ਭਜਨ ਕੌਰ ਮਾਤਾ (15) ਜਸਵਿੰਦਰ ਕੌਰ ਵਿਧਵਾ (16) ਬਲਕਰਨ ਸਿੰਘ (17) ਸਵਰਾਜ ਸਿੰਘ (18) ਰਹਮਨ ਸਿੰਘ ਪੁੱਤਰਾਨ (19) ਸਿਮਰਜੀਤ ਕੌਰ ਪੁੱਤਰੀ ਨਵਤੇਜ ਸਿੰਘ ਪੁੱਤਰ ਨਾਹਰ ਸਿੰਘ (20) ਰਣਦੀਪ ਸਿੰਘ ਪੁੱਤਰ ਔਤਾਰ ਸਿੰਘ ਪੁੱਤਰ ਕੁੰਢਾ ਸਿੰਘ (21) ਹਰਦੀਪ ਸਿੰਘ ਪੁੱਤਰ ਤੇਜਾ ਸਿੰਘ ਪੁੱਤਰ ਸੁਰਜਨ ਸਿੰਘ (22) ਸੁਖਵਿੰਦਰ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਗੁਰਦਿੱਤ ਸਿੰਘ (23) ਸੁਖਵਿੰਦਰ ਕੌਰ ਪਤਨੀ ਹਰਪਾਲ ਸਿੰਘ ਪੁੱਤਰ ਪੂਰਨ ਸਿੰਘ (24) ਭਗਵੰਤ ਸਿੰਘ (25) ਬਲਰਾਜ ਸਿੰਘ ਪੁੱਤਰਾਨ ਸੁਖਵਿੰਦਰ ਸਿੰਘ ਪੁੱਤਰ ਜੀਤ ਸਿੰਘ (26) ਗਗਨਦੀਪ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਗੁਰਦਿੱਤ ਸਿੰਘ (27) ਬਸੰਤ ਸਿੰਘ ਪੁੱਤਰ ਠਾਕਰ ਸਿੰਘ ਪੁੱਤਰ ਕਿਸ਼ਨ ਸਿੰਘ (28) ਕਰਮਜੀਤ ਸਿੰਘ ਪੁੱਤਰ ਨਰੰਜਨ ਸਿੰਘ ਪੁੱਤਰ ਠਾਕਰ ਸਿੰਘ (29) ਹੁਸ਼ਿਆਰ ਸਿੰਘ ਪੁੱਤਰ ਬਖਤੌਰ ਸਿੰਘ ਪੁੱਤਰ ਸਾਧੂ ਸਿੰਘ (30) ਅਵਤਾਰ ਸਿੰਘ (31) ਚਮਕੌਰ ਸਿੰਘ (32) ਕੁਲਵੰਤ ਸਿੰਘ ਪੁੱਤਰਾਨ ਕਾਕਾ ਸਿੰਘ ਪੁੱਤਰ ਜਗਤ ਸਿੰਘ (33) ਗੁਰਬਚਨ ਸਿੰਘ ਪੁੱਤਰ ਲਾਭ ਸਿੰਘ ਪੁੱਤਰ ਫੂਲਾ ਸਿੰਘ (34) ਹਰਨੇਕ ਸਿੰਘ ਪੁੱਤਰ ਬਾਬੂ ਸਿੰਘ ਪੁੱਤਰ ਭੋਲਾ ਸਿੰਘ (35) ਪ੍ਰੀਤਮ ਸਿੰਘ ਪੁੱਤਰ ਦਰਬਾਰਾ ਸਿੰਘ ਪੁੱਤਰ ਭੋਲਾ ਸਿੰਘ (36) ਅਜੀਤ ਸਿੰਘ ਪੁੱਤਰ ਪ੍ਰੇਮ ਸਿੰਘ ਪੁੱਤਰ ਪ੍ਰਤਾਪ ਸਿੰਘ (37) ਜਗਜੀਤ ਸਿੰਘ (38) ਗੁਰਨਾਮ ਕੌਰ ਪੁੱਤਰੀ ਨੰਦ ਸਿੰਘ ਪੁੱਤਰ ਪ੍ਰਤਾਪ ਸਿੰਘ (39) ਹਰਜਿੰਦਰ ਕੌਰ ਪੁੱਤਰੀ (40) ਜਗਸੀਰ ਸਿੰਘ ਪੁੱਤਰ ਰਹਦਿਆਲ ਸਿੰਘ ਪੁੱਤਰ ਬਾਬੂ ਸਿੰਘ (41) ਗੁਰਪ੍ਰੀਤ ਕੌਰ ਪਤਨੀ ਬਲਜੀਤ ਸਿੰਘ ਪੁੱਤਰ ਜਰਨੈਲ ਸਿੰਘ (42) ਬਲਜੀਤ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਬਚਨ ਸਿੰਘ (43) ਗੁਰਸੇਵਕ ਸਿੰਘ (44) ਗੁਰਦੀਪ ਸਿੰਘ ਪੁੱਤਰਾਨ ਗੁਰਚਰਨ ਸਿੰਘ ਪੁੱਤਰ ਨੰਦ ਸਿੰਘ (45) ਨਛੱਤਰ ਸਿੰਘ (46) ਗੁਰਮੇਲ ਸਿੰਘ ਪੁੱਤਰਾਨ ਸੁਰਜੀਤ ਸਿੰਘ ਪੁੱਤਰ ਪ੍ਰੇਮ ਸਿੰਘ (47) ਅਮਰ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਕਿਸ਼ਨ ਸਿੰਘ (48) ਦਿਲਬਾਗ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਨੱਥਾ ਸਿੰਘ (49) ਸਮਾਧ ਸੰਤ ਮਹੇਸ਼ ਮੁਨੀ ਜੀ ਬੋਰੇ ਵਾਲੇ ਗਊਸ਼ਾਲਾ ਪੱਤੀ ਹੀਰਾ ਸਿੰਘ (50) ਗਊਸ਼ਾਲਾ ਮੰਡੀ ਨਿਹਾਲ ਸਿੰਘ ਵਾਲਾ (51) ਤੇਜ ਕੌਰ ਪੁੱਤਰੀ ਨੰਦ ਸਿੰਘ ਪੁੱਤਰ ਪ੍ਰਤਾਪ ਸਿੰਘ (52) ਬਲਜੀਤ ਕੌਰ ਵਿਧਵਾ (53) ਅਮਨਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਵਸਾਖਾ ਸਿੰਘ (54) ਗਊਸ਼ਾਲਾ ਪਰਬੰਧਕ ਕਮੇਟੀ ਨਿਹਾਲ ਸਿੰਘ ਵਾਲਾ ਰਾਹੀਂ ਰਾਜ ਕੁਮਾਰ ਪੁੱਤਰ ਮੇਹਰ ਚੰਦ ਪੁੱਤਰ ਸੰਤ ਰਾਮ (55) ਬਲਜੀਤ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਬਚਨ ਸਿੰਘ (56) ਬਲਦੇਵ ਸਿੰਘ (57) ਹੁਕਮ ਸਿੰਘ ਪੁੱਤਰ ਬਖਤੌਰ ਸਿੰਘ ਪੁੱਤਰ ਬਚਨ ਸਿੰਘ (58) ਗੁਰਪ੍ਰੀਤ ਕੌਰ ਪਤਨੀ ਬਲਜੀਤ ਸਿੰਘ ਪੁੱਤਰ ਜਰਨੈਲ ਸਿੰਘ (59) ਸੁਖਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਵਿਸਾਖਾ ਸਿੰਘ (60) ਗੁਰਮੀਤ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਲੱਭੂ ਸਿੰਘ (61) ਹਰਭਜਨ ਕੌਰ ਵਿਧਵਾ (62) ਜਗਜੀਤ ਸਿੰਘ (63) ਜਗਜੀਤ ਸਿੰਘ (64) ਸੁਖਜੀਤ ਸਿੰਘ ਪੁੱਤਰਾਨ ਮੱਘਰ ਸਿੰਘ ਪੁੱਤਰ ਗੰਡਾ ਸਿੰਘ (65) ਬੰਤ ਸਿੰਘ ਪੁੱਤਰ ਪਾਲ ਸਿੰਘ (66) ਚਰਨਜੀਤ ਸਿੰਘ (67) ਅਕਬਾਲ ਸਿੰਘ ਪੁੱਤਰਾਨ ਸੁਰਜੀਤ ਸਿੰਘ ਪੁੱਤਰ ਗੰਡਾ ਸਿੰਘ (68) ਮਹਿੰਦਰ ਸਿੰਘ (69) ਗੁਰਦੇਵ ਸਿੰਘ (70) ਹਾਕਮ ਸਿੰਘ ਪੁੱਤਰਾਨ ਤੀਰਥ ਸਿੰਘ ਪੁੱਤਰ ਗੰਡਾ ਸਿੰਘ (71) ਕਮਲਜੀਤ ਕੌਰ ਪੁੱਤਰੀ (72) ਬਲਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਲੱਭੂ ਸਿੰਘ (73) ਤਰਸੇਮ ਕੁਮਾਰ (74) ਰਾਜ ਰਾਣੀ (75) ਪ੍ਰਵੀਨ ਬਾਲਾ (76) ਪਵਨ ਬਾਲਾ ਪੁੱਤਰੀਆਂ ਸੁਖਦੇਵ ਰਾਮ ਉਰਫ ਸੁਖਦੇਵ ਸਿੰਘ ਬੰਸੀ ਰਾਮ (77) ਬਲਦੇਵ ਸਿੰਘ (78) ਹੁਕਮ ਸਿੰਘ ਪੁੱਤਰਾਨ ਬਖਤੌਰ ਸਿੰਘ ਪੁੱਤਰ ਬਚਨ ਸਿੰਘ (79) ਸੁਨੀਤਾ ਰਾਣੀ ਪੁੱਤਰ ਤਰਸੇਮ ਕੁਮਾਰ ਪੁੱਤਰ ਸੁਖਦੇਵ ਕੁਮਾਰ (80) ਵਿੱਦਿਆ ਸਾਗਰ ਪੁੱਤਰ ਸਤਪਾਲ ਪੁੱਤਰ ਸੂਰਜ ਭਾਨ (81) ਸੁਖਪਾਲ ਸਿੰਘ (24) ਸਤਪਾਲ ਸਿੰਘ ਪੁੱਤਰਾਨ ਸੂਰਜਭਾਨ ਸਿੰਘ ਪੁੱਤਰ ਅਮਰਨਾਥ ਸਿੰਘ, ਸਾਰੇ ਵਾਸੀਆਨ ਪਿੰਡ ਪੱਤੀ ਹੀਰਾ ਸਿੰਘ-1, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਿਹਾਲ ਸਿੰਘ ਵਾਲਾ (ਮੋਗਾ)

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-110 | 14/10/2025 ਨੂੰ 11.00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਉਤੇ ਦੇਣ ਦਾ ਠੇਕਾ (ਟ੍ਰੇਨ) ਨੰਬਰ/ਐਸਐਲਆਰ ਕੰਪਾਰਟਮੈਂਟ) 14542/F1, 14633/F1, 14632/R1, 14730/F2, 14730/R1, 14616/F1, 19614/F1, 14633/F2, 12422/F1 & 14630/R1 |
| EAFZR-SLR25-111 | 15/10/2025 ਨੂੰ 11:00 Hrs | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਉਤੇ ਦੇਣ ਦਾ ਠੇਕਾ (ਟ੍ਰੇਨ) ਨੰਬਰ/ਐਸਐਲਆਰ ਕੰਪਾਰਟਮੈਂਟ) 14508/R1, 12014/F1, 14601/F2, 20424/F1, 14508/F1, 14632/F1, 14633/R1, 14601/F1, 12412/F1 & 14601/R1. |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3029/25

## ਉੱਤਰ ਰੇਲਵੇ

### ਭੰਡਾਰ ਦੀ ਸਪਲਾਈ ਲਈ ਮੰਗ ਨਿਵਿਦਾ
### ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀ. ਮੰਡਲ ਸਮਗਰੀ ਪ੍ਰਬੰਧਕ/ਉਤਰ ਰੇਲਵੇ/ਭੰਡਾਰ ਬਰਾਂਚ/ਫਿਰੋਜਪੁਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 01 | 94255487 | Supply, installation and commissioning of electro-pneumatic pressurised flushing system for 100 LHB Non-AC/AC coaches (400 lavatories) at Ferozepur and Jammu Division | 400 sets | 31.10.2025 |

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹਨ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣ ਅਤੇ ਪੰਜੀਕਰਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧੀਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ-III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੋਵੇ ਤਾਂ ਪ੍ਰਾਪਤ ਕਰਨਾ ਹੋਵੇਗਾ) ਹੱਥ ਨਾਲ ਲਿਖੀ ਨਿਵਿਦਾ ਸਵੀਕਾਰ ਨਹੀਂ ਕੀਤੀ ਜਾਵੇਗੀ।

ਨਿਵਿਦਾ ਸੂਚਨਾ ਨੰਬਰ 03/2025-26 ਮਿਤੀ: - 30.09.2025 3033/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ (ਫਾਸਟ ਟਰੈਕ ਕੋਰਟ) ਜਲੰਧਰ।

ਕੇਸ ਨੰ: 648/FTC/NRI ਕੇਸ ਅਨੁਵਾਨ : ਦਲਜੀਤ ਸਿੰਘ ਬਨਾਮ ਜੋਗਿੰਦਰ ਸਿੰਘ ਅਤੇ ਹੋਰ।
ਵਾਕਿਆ ਪਿੰਡ : ਕਰਤਾਰਪੁਰ-1, ਤਹਿਸੀਲ ਜਲੰਧਰ-2 (ਕਰਤਾਰਪੁਰ), ਜ਼ਿਲ੍ਹਾ ਜਲੰਧਰ
ਖੇਵਟ ਨੰਬਰ : 159/149, 149/139, 163/153, 176/166, 177/167, 178/168, 179/169, 180/170, 182/172, 183/173, 184/174, 185/175

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ

Daljit Singh S/o Kewal Singh S/o Kishan Singh R/o VIA G. VICO, 132/00 REGGIO NELL EMILIA (RE) Italy Through his attorney Kulvir Kaur W/o Daljit Singh R/o Village Kartarpur-I, Tehsil Jalandhar-II (Kartarpur), District Jalandhar. ...Petitioner

ਨੋਟਿਸ ਬਨਾਮ-

1. Joginder Singh S/o Ajit Singh S/o Mehnga Singh, 2. Mangal Singh S/o Ajit Singh S/o Mehnga Singh, 3. Tarlok Singh S/o Ajit Singh S/o Mehnga Singh,4. Baldev Singh S/o Lashkar Singh S/o Mehnga Singh, 5. Tarsem Singh S/o Lashkar Singh S/o Mehnga Singh, 6. Gurwinder Singh S/o Kashmir Singh S/o Lashkar Singh 7. Gurprit Singh S/o Kashmir Singh S/o Lashkar Singh 8. Dalwinder Singh S/o Jagir Singh S/o Lashkar Singh 9. Sukhwinder Kaur wd/o Kashmir Singh S/o Lashkar Singh 10. Satwinder Singh S/o Baldev Singh S/o Lashkar Singh 11. Jaskaran Singh S/o Tarsem Singh S/o Lashkar Singh 12. Charanjit Singh S/o Kewal Singh S/o Kishan Singh 13. Sahib Singh S/o Prem Singh S/o Pritam Singh 14. Harinder Singh S/o Tarsem Singh S/o Pritam Singh 15. Maninder Singh S/o Tarsem Singh S/o Pritam Singh 16. Gurnam Singh S/o Naranjan Singh S/o Tara Singh 17. Dalbir Singh S/o Naranjan Singh S/o Tara Singh 18. Gurdip Singh S/o Naranjan Singh S/o Tara Singh 19. Jit Kaur wd/o Pritam Singh S/o Tara Singh 20. Jaspal Kaur wd/o Prem Singh S/o Pritam Singh 21. Deep Singh S/o Gurmel Singh S/o Bhola Singh 22. Satwinder Singh Cheema S/o Baldev Singh Cheema S/o Lashkar Singh 23. Central Cooperative Bank Limited, Branch Kartarpur 24. Punjab National Bank, Branch G.T Road Kartarpur 25. Punjab National Bank, Branch Furniture Market Kartarpur 26. Balvir Singh S/o Gurmel Singh S/o Bhola Singh 27. Balkar Singh S/o Gurmel Singh S/o Bhola Singh 28. Mohan Singh S/o Kishan Singh S/o Wasava Singh 29. Amrik Singh S/o Sucha Singh S/o Kishan Singh 30. Bachittar Singh S/o Sucha Singh S/o Kishan Singh 31. Joga Singh S/o Kundan Singh S/o Kishan Singh 32. Prabandhak Committee Gurudwara Sahib Village Cheema, Kartarpur, Distict Jalandhar Through President Gurcharan Singh S/o Joginder Singh S/o Bhaag Singh 33. ICICI Bank Limited, Branch G.T Road Kartarpur 34. Hardip Singh S/o Gurmel Singh S/o Bhola Singh 35 Joginder Singh S/o Gurmel Singh S/o Bhola Singh 36. Sital Singh S/o Mohan Singh S/o Kishan Singh 37 Suba Singh S/o Mohan Singh S/o Kishan Singh 38. Sohan Singh S/o Kishan Singh S/o Wasava Singh 39. Harpal Singh S/o Mahinder Singh S/o Kishan Singh 40. Satwant Singh S/o Mahinder Singh S/o Kishan Singh 41. Narinder Singh S/o Mahinder Singh S/o Kishan Singh 42. Nachhatar Singh S/o Ratan Singh S/o Inder Singh 43. Gurdev Kaur w/o Kundan Singh S/o Kishan Singh 44. Gurdip Singh S/o Mehal Singh S/o Kishan Singh 45. Dhanwant Singh S/o Mehal Singh S/o Kishan Singh 46. Renu w/o Dhanwant Singh S/o Mehal Singh 47. Chetan Singh S/o Dhanwant Singh S/o Mehal Singh 48. Nirmal Singh S/o Ratan Singh S/o Inder Singh

Residents of Village Kartarpur-1, Tehsil Jalandhar-II (Kartarpur), District Jalandhar. ......Respondents

ਉਪਰੋਕਤ ਤਕਸੀਮ ਕੇਸ ਵਿੱਚ ਉੱਤਰਵਾਦੀਆਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਤਕਸੀਮ ਕੇਸ 'ਤੇ ਜੇਕਰ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ ਮਿਤੀ 21.10.25 ਤੱਕ ਖੁਦ ਪੇਸ਼ ਹੋ ਕੇ ਜਾਂ ਮੁਖਤਾਰ ਰਾਹੀਂ/ਅਸਾਲਤਨ ਜਾਂ ਵਕਾਲਤਨ ਰਾਹੀਂ ਪੇਸ਼ ਹੋ ਕੇ ਇਤਰਾਜ਼ ਦੇ ਸਕਦੇ ਹਨ। ਮਿੱਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਅੱਜ ਮਿਤੀ 01.10.25 ਨੂੰ ਮੇਰੇ ਦਸਤਖਤਾਂ ਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰ: 919/ਰੀਡਰ/ਡੀ ਆਰ ਓ ਮਿਤੀ : 1/10/25

ਸਹੀ/-ਜ਼ਿਲ੍ਹਾ ਮਾਲ ਅਫਸਰ -ਕਮ- ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ।

# ਅਨਾਜ ਮੰਡੀਆਂ 'ਚ ਝੋਨੇ ਦੀ ਆਮਦ ਸ਼ੁਰੂ

● ਕੈਬਨਿਟ ਮੰਤਰੀ ਵੱਲੋਂ ਫਸਲ ਦੀ ਖਰੀਦ, ਲਿਫਟਿੰਗ, ਅਦਾਇਗੀ ਬਿਨਾਂ ਦੇਰੀ ਕਰਨ ਦੇ ਨਿਰਦੇਸ਼

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਕਿਸਾਨਾਂ ਦੀ ਫਸਲ ਦਾ ਦਾਣਾ ਦਾਣਾ ਖਰੀਦਣ ਦੇ ਐਲਾਨ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਦੀਆਂ ਅਨਾਜ ਮੰਡੀਆਂ ਵਿਚ ਝੋਨੇ ਦੀ ਆਮਦ ਸ਼ੁਰੂ ਹੋ ਗਈ ਹੈ।ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾ ਅਨੁਸਾਰ ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਸਾਰੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ ਹਨ, ਉਨ੍ਹਾਂ ਵੱਲੋਂ ਕਿਸਾਨਾਂ ਦੀ ਫਸਲ ਦੀ ਖਰੀਦ, ਲਿਫਟਿੰਗ, ਅਦਾਇਗੀ ਸਮੇਂ ਸਿਰ ਕਰਨ ਦੀਆਂ ਹਦਾਇਤਾ ਕੀਤੀਆ ਹੋਈਆਂ ਹਨ। ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿਚ ਸਾਰੇ ਪ੍ਰਬੰਧ ਮੁਕੰਮਲ ਕੀਤੇ ਹੋਏ ਹਨ। ਸ੍ਰੀ ਅਨੰਦਪੁਰ ਸਾਹਿਬ ਮਾਰਕੀਟ ਕਮੇਟੀ ਦੀਆਂ ਸਾਰੀਆਂ 12 ਅਨਾਜ ਮੰਡੀਆਂ ਵਿਚ ਕਿਸਾਨਾ ਦੀ ਸਹੂਲਤ ਲਈ ਪੀਣ ਵਾਲਾ ਪਾਣੀ, ਰੋਸ਼ਨੀ, ਬਾਰਦਾਨਾ, ਪਖਾਨੇ, ਤਰਪਾਲਾ ਦੀ ਵਿਵਸਥਾ ਕਰ ਲਈ ਗਈ ਹੈ। ਇਨ੍ਹਾਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਫਸਲ ਪੰਜਾਬ ਦੀਆਂ ਹੋਰ ਅਨਾਜ ਮੰਡੀਆਂ ਤੋਂ ਪੱਛੜ ਕੇ ਆਉਦੀ ਹੈ, ਕਿਉਕਿ ਇਹ ਇਲਾਕਾ ਨੀਮ ਪਹਾੜੀ ਹੈ। ਅਨਾਜ ਮੰਡੀ ਅਗੰਮਪੁਰ ਵਿਚ 23 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿਚੋ 18 ਮੀਟ੍ਰਿਕ ਟਨ ਝੋਨਾ ਖਰੀਦਿਆ ਗਿਆ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾ ਅਨੁਸਾਰ ਘੱਟੋ ਘੱਟ ਸਮਰਥਨ ਮੁੱਲ ਤੇ ਇਹ ਸਾਰਾ ਝੋਨਾ ਖਰੀਦਿਆ ਗਿਆ ਹੈ। ਲਿਫਟਿੰਗ ਦੇ ਪ੍ਰਬੰਧ ਵੀ ਨਾਲੋ ਨਾਲ ਕੀਤੇ ਹੋਏ ਹਨ। ਸ੍ਰੀ ਅਨੰਦਪੁਰ ਸਾਹਿਬ ਦੀਆਂ ਅਨਾਜ ਮੰਡੀਆਂ ਵਿਚ 53 ਮੀਟ੍ਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ, ਜਿਸ ਵਿਚੋਂ 38 ਮੀਟ੍ਰਿਕ ਟਨ ਝੋਨਾ 2389 ਸਮਰਥਨ ਮੁੱਲ ਤੇ ਸਰਕਾਰੀ ਖਰੀਦ ਏਜੰਸੀਆਂ ਵੱਲੋ ਖਰੀਦਿਆਂ ਗਿਆ ਹੈ।



# 'ਆਪ' ਹੜ੍ਹ ਪੀੜ੍ਹਤ ਕਿਸਾਨਾਂ ਤੇ ਲੋਕਾਂ ਨਾਲ ਡਟ ਕੇ ਖੜ੍ਹੀ : ਜੁਗਨੂੰ

**ਕਪੂਰਥਲਾ (ਮਨਜੀਤ ਮਾਨ)**-ਆਮ ਆਦਮੀ ਪਾਰਟੀ ਦੇ ਸਪੋਕਸਪਰਸਨ ਤੇ ਜ਼ਿਲ੍ਹਾ ਮੀਡਿਆ ਇੰਚਾਰਜ ਸ ਇੰਦਰਜੀਤ ਸਿੰਘ ਜੁਗਨੂੰ ਨੇ ਪੱਤਰਕਾਰਾਂ ਨਾਲ ਵਿਸ਼ੇਸ ਗੱਲਬਾਤ ਕਰਦਿਆਂ ਕਿਹਾ ਕੇ ਪੰਜਾਬ ਸਰਕਾਰ ਦਾ ਹਰ ਮੰਤਰੀ ਐਮ ਐਲ ਏ ਹਰ ਅਫ਼ਸਰ ਮੁਲਾਜਮ ਤੇ ਆਮ ਆਦਮੀ ਪਾਰਟੀ ਦਾ ਹਰ ਵਰਕਰ ਤੇ ਆਗੂ ਇਸ ਔਖੀ ਘੜੀ ਵਿੱਚ ਪੂਰੀ ਮਜ਼ਬੂਤੀ ਤੇ ਦ੍ਰਿੜਤਾ ਨਾਲ ਹੜ੍ਹ ਪੀੜ੍ਹਤ ਲੋਕਾਂ ਤੇ ਕਿਸਾਨਾਂ ਨਾਲ ਡਟ ਕੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸੂਬੇ ਵਿਚ ਆਏ ਹੜ੍ਹਾਂ ਕਰਕੇ ਕਿਸਾਨਾਂ ਦੀਆਂ ਫ਼ਸਲਾਂ, ਜਮੀਨਾਂ ਦਾ, ਮਕਾਨਾਂ ਦਾ ਤੇ ਪਸ਼ੂ ਧਨ ਦਾ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਦੇ ਹੋਏ ਨੁਕਸਾਨ ਦੀ ਪੂਰੀ ਭਰਪਾਈ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਜਲਦੀ ਹੀ ਸਾਰਾ ਸਰਵੇ ਕਰਕੇ ਲੋਕਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ, ਉਥੇ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਕੇਂਦਰ ਸਰਕਾਰ ਨੂੰ ਪੰਜਾਬ ਵਿਚ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਪੰਜਾਬ ਦੇ ਫਸੇ 60,000 ਕਰੋੜ ਦੇ ਬਕਾਇਆ ਫੰਡ ਵੀ ਦਿੱਤੇ ਜਾਣ ਦੀ ਵੀ ਬਾਰ ਬਾਰ ਅਪੀਲ ਕੀਤੀ ਜਾ ਰਹੀ ਹੈ ਤਾ ਜੋ ਸੂਬੇ ਦੇ ਲੋਕਾਂ ਨੂੰ ਔਖੀ ਘੜੀ ਵਿਚੋਂ ਬਾਹਰ ਕੱਢਣ ਅਤੇ ਜ਼ਿੰਦਗੀ ਨੂੰ ਮੁੜ ਤੋਂ ਆਮ ਵਾਂਗ ਸ਼ੁਰੂ ਕਰਨ ਲਈ ਵੱਡੇ ਪੱਧਰ ਤੇ ਕਿਸਾਨਾਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਦੇਕੇ ਉਹਨਾਂ ਦੀਆਂ ਦੁੱਖ ਤਕਲੀਫਾਂ ਨੂੰ ਕੁਝ ਘੱਟ ਕੀਤਾ ਜਾ ਸਕੇ।



# ਪਰਾਲੀ ਪ੍ਰਬੰਧਨ ਸੰਬੰਧੀ ਸਿਖਲਾਈ ਵਰਕਸ਼ਾਪ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਿਛਲੇ ਸਾਲਾਂ ਦੀ ਤਰ੍ਹਾਂ ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਕਿਸਾਨਾਂ ਲਈ ਪਰਾਲੀ ਪ੍ਰਬੰਧਨ ਸਬੰਧੀ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ ਵੱਖ-ਵੱਖ ਪਸਾਰ ਗਤੀਵਿਧੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਗੜ੍ਹਸ਼ੰਕਰ ਬਲਾਕ ਦੇ ਪਰਾਲੀ ਪ੍ਰਬੰਧਨ ਲਈ ਅਪਣਾਏ ਪਿੰਡ ਮੋਰਾਂਵਾਲੀ ਦੇ ਕਿਸਾਨਾਂ ਲਈ ਝੋਨੇ ਦੀ ਪਰਾਲੀ ਪ੍ਰਬੰਧਨ ਬਾਬਤ ਪੰਜ ਦਿਨਾ ਸਿਖਲਾਈ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ ਹੁਸ਼ਿਆਰਪੁਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਮਨਿੰਦਰ ਸਿੰਘ ਬੌਂਸ ਨੇ ਪਹੁੰਚੇ ਕਿਸਾਨਾਂ ਨੂੰ ਜੀ ਆਇਆ ਕਿਹਾ ਅਤੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕੀਤਾ। ਉਨ੍ਹਾਂ ਸਮੂਹ ਕਿਸਾਨਾਂ ਦੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਪਰਾਲੀ ਪ੍ਰਬੰਧਨ ਨੂੰ ਬਾਖੂਬੀ ਅਪਣਾਇਆ ਸੀ ਅਤੇ ਉਨ੍ਹਾਂ ਨੇ ਮੌਜੂਦ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦੇ ਇਸ ਪਵਿੱਤਰ ਕਾਰਜ ਨੂੰ ਹੋਰ ਮਜ਼ਬੂਤੀ ਨਾਲ ਮੁਹਿੰਮ ਰੂਪ ਵਿੱਚ ਅੱਗੇ ਤੋਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਅਤੇ ਫ਼ਸਲੀ ਰਹਿੰਦ-ਖੂੰਹਦ ਦੀ ਸੁਚੱਜੀ ਵਰਤੋਂ ਕਰਕੇ ਵਾਤਾਵਰਨ ਪੱਖੀ ਤਕਨੀਕਾਂ ਅਪਣਾਉਣ ਲਈ ਵੀ ਕਿਸਾਨਾਂ ਨੂੰ ਪ੍ਰੇਰਿਤ ਕੀਤਾ। ਸਿਖਲਾਈ ਦੌਰਾਨ ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ) ਡਾ. ਅਜੈਬ ਸਿੰਘ ਨੇ ਪਰਾਲੀ ਪ੍ਰਬੰਧਨ ਬਾਰੇ ਤਕਨੀਕੀ ਜਾਣਕਾਰੀ ਸਾਂਝੀ ਕੀਤੀ ਅਤੇ ਪਰਾਲੀ ਪ੍ਰਬੰਧਨ ਸਬੰਧੀ ਮਸ਼ੀਨਰੀ ਦੀ ਉਤਮ ਕਾਰਜਕੁਸ਼ਲਤਾ ਸਬੰਧੀ ਪਹਿਲੂਆਂ ਬਾਰੇ ਵੀ ਜਾਣੂੰ ਕਰਵਾਇਆ।

# ਬੁਲਟ ਮੋਟਰਸਾਈਕਲ ਚੋਰੀ

**ਕਾਲਾ ਸੰਘਿਆਂ (ਮਨਜੀਤ ਮਾਨ)**-ਕਾਲਾ ਸੰਘਿਆਂ ਤੋਂ ਬੀਤੀ ਰਾਤ ਚੋਰਾਂ ਵੱਲੋਂ ਬੁਲਟ ਮੋਟਰਸਾਈਕਲ ਚੋਰੀ ਚੋਰੀ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਚੋਰੀ ਹੋਏ ਮੋਟਰਸਾਈਕਲ ਦੇ ਮਾਲਕ ਸਥਾਨਕ ਨੌਜਵਾਨ ਆਗੂ ਬਲਾਕ ਸੰਮਤੀ ਮੈਂਬਰ ਬੂਟਾ ਗਿੱਲ ਨੇ ਦੱਸਿਆ ਕਿ ਉਹ ਕਿਸੇ ਕੰਮ ਕਰਕੇ ਰਾਤ ਘਰ ਲੇਟ ਆਇਆ ਸੀ ਅਤੇ ਉਸ ਨੇ ਆਪਣਾ ਬੁਲਟ ਮੋਟਰਸਾਈਕਲ ਜਿਸ ਦਾ ਨੰਬਰ ਪੀ ਬੀ 08 ਈ ਟੀ 7291 ਸੀ, ਨੂੰ ਘਰ ਦੇ ਗੇਟ ਸਾਹਮਣੇ ਬਾਹਰ ਗਲੀ ਵਿੱਚ ਖੜ੍ਹਾ ਕਰ ਦਿੱਤਾ ਅਤੇ ਜਦ ਉਸ ਨੇ ਕੁੱਝ ਸਮੇਂ ਬਾਅਦ ਵੇਖਿਆ ਤਾਂ ਗਲੀ ਵਿੱਚੋਂ ਮੋਟਰਸਾਈਕਲ ਗਾਇਬ ਸੀ। ਬੂਟਾ ਗਿੱਲ ਨੇ ਦੱਸਿਆ ਕਿ ਉਸ ਨੇ ਇਧਰ ਉਧਰ ਵੇਖਣ ਉਪਰੰਤ ਜਦੋਂ ਉਸ ਨੂੰ ਮੋਟਰਸਾਈਕਲ ਨਹੀਂ ਮਿਲਿਆ ਤਾਂ ਉਸ ਨੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰੇ ਚੈੱਕ ਕੀਤੇ ਤਾਂ ਵੇਖਿਆ ਕਿ ਤਿੰਨ ਜਿਹਨਾਂ ਵਿੱਚੋਂ ਇਕ ਦੇ ਹੱਥ ਵਿੱਚ ਕੋਈ ਤੇਜ਼ਧਾਰ ਹਥਿਆਰ ਫੜਿਆ ਹੋਇਆ ਸੀ ਗਲੀ ਵਿਚ ਦਾਖ਼ਲ ਹੁੰਦੇ ਹਨ ਅਤੇ ਇਧਰ ਉਧਰ ਵੇਖ ਕੇ ਮੋਟਰਸਾਈਕਲ ਸਟਾਰਟ ਕੀਤੇ ਬਿਨਾਂ ਤੋਰ ਕੇ ਸੜਕ ਵੱਲ ਲਿਜਾਂਦੇ ਵਿਖਾਈ ਦੇ ਰਹੇ ਹਨ। ਉਹਨਾਂ ਕਿਹਾ ਕਿ ਮੋਟਰਸਾਈਕਲ ਚੋਰੀ ਦੀ ਸੂਚਨਾ ਸਥਾਨਕ ਪੁਲਸ ਨੂੰ ਦੇ ਦਿੱਤੀ ਗਈ ਹੈ ਤੇ ਪੁਲਸ ਮੁਲਾਜ਼ਮ ਤਫਤੀਸ਼ ਕਰ ਰਹੇ ਹਨ।



## ਮੰਗਾਂ ਨਾ ਮੰਨਣ ਤੇ ਸੀਨੀਅਰ ਵਰਕਰਾਂ ਨੂੰ ਪੱਕੇ ਨਾ ਕਰਨ ਦੇ ਰੋਸ ਵਜੋਂ ਧਰਨਾ 4 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜੰਗਲਾਤ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਅਤੇ ਸੂਬਾ ਜਨਰਲ ਸਕੱਤਰ ਜਸਬੀਰ ਸਿੰਘ ਸ਼ੀਰਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਜਥੇਬੰਦੀ ਦੀ ਮੰਗ ਅਨੁਸਾਰ ਵਿਭਾਗ ਨੇ 30 ਜੁਲਾਈ ਨੂੰ ਕੁਝ ਵਰਕਰ ਪੱਕੇ ਕੀਤੇ ਸਨ ਪਰ ਦੋ ਮਹੀਨੇ ਬੀਤਣ ਦੇ ਬਾਵਜੂਦ ਵੀ ਉਹਨਾਂ ਪੱਕੇ ਕੀਤੇ ਵਰਕਰਾਂ ਨੂੰ ਤਨਖਾਹ ਨਹੀਂ ਦਿੱਤੀ ਗਈ ਅਤੇ ਰਹਿੰਦੇ ਵਰਕਰ ਵੀ ਪੱਕੇ ਨਹੀਂ ਕੀਤੇ ਗਏ। ਉਹਨਾਂ ਦੱਸਿਆ ਕਿ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵਿੱਚ 25 ਸਾਲਾਂ ਤੋਂ ਡੇਲੀ ਵੇਜਿਸ ਤੇ ਕੰਮ ਕਰਦੇ ਵਰਕਰਾਂ ਦੀਆਂ ਮੰਗਾਂ ਮਾਨਯੋਗ ਮੰਤਰੀ ਨਾਲ 16 ਮਈ 2023 ਅਤੇ 22 ਜੂਨ 2023 ਇਸੇ ਹੀ ਤਰ੍ਹਾਂ ਮਾਨਯੋਗ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ 13 ਦਸੰਬਰ 2023 ਅਤੇ 10 ਜਨਵਰੀ 2025 ਨੂੰ ਵਣ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਮੰਗਾਂ ਨੂੰ ਜਲਦੀ ਹੱਲ ਕਰਨ ਦਾ ਵਿਸ਼ਵਾਸ ਅਤੇ ਭਰੋਸਾ ਦਵਾਇਆ ਗਿਆ ਪਰ ਕਿਸੇ ਵੀ ਮੰਗ ਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਆਗੂਆਂ ਨੇ ਮੰਗ ਕੀਤੀ ਕਿ ਪੱਕੇ ਹੋਏ ਸਾਥੀਆਂ ਨੂੰ ਜਲਦੀ ਤੋਂ ਜਲਦੀ ਤਨਖਾਹਾਂ ਦਿੱਤੀਆਂ ਜਾਣ ਅਤੇ ਰਹਿੰਦੇ ਵਰਕਰਾਂ ਨੂੰ ਜਲਦੀ ਤੋਂ ਜਲਦੀ ਪੱਕਾ ਕੀਤਾ ਜਾਵੇ ਨਹੀਂ ਤਾਂ ਜਥੇਬੰਦੀ ਵੱਲੋਂ ਮਜਬੂਰੀ ਵੱਸ 4 ਅਕਤੂਬਰ ਨੂੰ ਹਲਕਾ ਦਿੜਬਾ ਵਿਖੇ ਰੋਸ ਰੈਲੀ ਕੀਤੀ ਜਾਵੇਗੀ।



# ਪਟਕੇ ਦੀ ਕੁਸ਼ਤੀ ਮਹਿੰਦਰ ਗਾਇਕਵਾੜ ਨੇ ਜਿੱਤੀ

**ਗੁਰਾਇਆ (ਬਿੰਦਰ ਸੁੰਮਨ)**-ਗੁੱਗਾ ਜਾਹਰ ਪੀਰ ਕਮੇਟੀ ਪੱਦੀ ਜਗੀਰ ਅਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸਲਾਨਾ ਛਿੰਝ ਮੇਲਾ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਨਾਮਵਾਰ ਪਹਿਲਵਾਨਾਂ ਨੇ ਹਿੱਸਾ ਲਿਆ। ਪਟਕੇ ਦੀ ਕੁਸ਼ਤੀ ਅਲਟੋ ਕਾਰ ਰਾਜਾ ਸਵਰਗਵਾਸੀ ਨਿਰੰਜਣ ਸਿੰਘ ਢੰਡਵਾੜ ਦੇ ਪਰਵਾਰ ਵਲੋਂ ਦਿੱਤੀ ਗਈ, ਪਟਕੇ ਦੀ ਕੁਸ਼ਤੀ ਮਹਿੰਦਰ ਗਾਇਕਵਾੜ ਮਹਾਰਾਸ਼ਟਰ ਤੇ ਭੁਪਿੰਦਰ ਅਜਨਾਲਾ ਵਿੱਚਕਾਰ ਹੋਈ ਜਿਸ ਵਿੱਚ ਮਹਿੰਦਰ ਗਾਇਕਵਾੜ ਜੇਤੂ ਰਿਹਾ ਅਤੇ ਸਵਾ ਲੱਖ ਰੁਪਏ ਦੇ ਇਨਾਮ ਦੀ ਕੁਸ਼ਤੀ ਵਿੱਚ ਭੋਲਾ ਕਾਸ਼ਨੀ ਜੇਤੂ ਅਤੇ ਕਾਲੂ ਬਾੜੋਵਾਲ ਉਪ ਜੇਤੂ ਰਿਹਾ। ਛਿੰਝ ਮੇਲੇ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਪ੍ਰਧਾਨ ਮਨਜੀਤ ਸਿੰਘ ਆਪਣੀ ਸਮੁੱਚੀ ਟੀਮ ਨਾਲ ਪਹੁੰਚੇ। ਇਸ ਮੌਕੇ ਹਰਕਿੰਦਰਜੀਤ ਸਿੰਘ, ਤਰਸੇਮ ਸਿੰਘ ਢਿੱਲੋ, ਮੁਖਤਿਆਰ ਸਿੰਘ, ਕਸ਼ਮੀਰ ਸਿੰਘ, ਗੁਰਿੰਦਰਜੀਤ ਸਿੰਘ, ਰਮਨ ਹੇਅਰ, ਮਨਵੀਰ ਸਿੰਘ, ਹਰਵਿੰਦਰ ਸਿੰਘ, ਜਗਦੀਸ਼ ਰਾਮ, ਸੁਖਵਿੰਦਰ ਸਿੰਘ ਤੋਂ ਇਲਾਵਾ ਖੇਡ ਪ੍ਰੇਮੀ ਹਾਜ਼ਰ ਸਨ।



ਕੁਸ਼ਤੀ ਜਿੱਤਣ ਵਾਲੇ ਨੂੰ ਅਲਟੋ ਗੱਡੀ ਨਾਲ ਸਨਮਾਨਿਤ ਕਰਦੇ ਹੋਏ ਪ੍ਰਬੰਧਕ।

# ਫਾਰਮਾਕੋਵਿਜੀਲੈਂਸ ਹ.ਫ਼ਤਾ-2025 ਦੇ ਤਹਿਤ ਮਾਹਰਾਂ ਦੀ ਗੱਲਬਾਤ



**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ, ਮੋਹਾਲੀ ਵੱਲੋਂ ਰਿਆਤ ਬਾਹਰਾ ਕਾਲਜ ਆਫ਼ ਨਰਸਿੰਗ ਅਤੇ ਫਾਰਮਾਕੋਲੋਜੀ ਵਿਭਾਗ ਦੇ ਸਹਿਯੋਗ ਨਾਲ 5ਵੇਂ ਰਾਸ਼ਟਰੀ ਫਾਰਮਾਕੋਵਿਜੀਲੈਂਸ ਹਫ਼ਤਾ-2025 ਦੇ ਤਹਿਤ ਇੱਕ ਵਿਸ਼ੇਸ਼ ਮਾਹਿਰ ਗੱਲਬਾਤ ਸੈਸ਼ਨ ਦਾ ਆਯੋਜਨ ਕੀਤਾ ਗਿਆ।ਇਹ ਕਾਰਜਕ੍ਰਮ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਰਵਿੰਦਰ ਸਿੰਘ ਬਾਹਰਾ ਅਤੇ ਗਰੁੱਪ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਦੀ ਅਗਵਾਈ ਹੇਠ ਕਰਵਾਇਆ ਗਿਆ। ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਇਸ ਵਿੱਚ ਵੱਡੇ ਉਤਸ਼ਾਹ ਨਾਲ ਭਾਗ ਲਿਆ। ਮਰੀਜ਼ ਸੁਰੱਖਿਆ ਵਿੱਚ ਫਾਰਮਾਕੋਵਿਜੀਲੈਂਸ ਅਤੇ ਮੈਟੀਰੀਓਵਿਜੀਲੈਂਸ ਦੀ ਭੂਮਿਕਾ ਵਿਸ਼ੇ 'ਤੇ ਕੇਂਦਰਿਤ ਇਸ ਲੈਕਚਰ ਵਿੱਚ ਡਾ. ਅਜੈ ਪ੍ਰਕਾਸ਼, ਐਡੀਸ਼ਨਲ ਪ੍ਰੋਫੈਸਰ (ਫਾਰਮਾਕੋਲੋਜੀ ਵਿਭਾਗ, ਪੀ ਜੀ ਆਈ ਐਮ ਈ ਆਰ, ਚੰਡੀਗੜ੍ਹ) ਅਤੇ ਪ੍ਰੋ. ਵਿਕਾਸ ਮੇਧੀ, ਪ੍ਰੋਫੈਸਰ (ਫਾਰਮਾਕੋਲੋਜੀ ਵਿਭਾਗ, ਪੀ ਜੀ ਆਈ ਐਮ ਈ ਆਰ, ਚੰਡੀਗੜ੍ਹ) ਨੇ ਵਿਸ਼ੇਸ਼ ਬੁਲਾਰੇ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਦਵਾਈਆਂ ਨਾਲ ਹੋਣ ਵਾਲੀਆਂ ਨੁਕਸਾਨਦਾਇਕ ਪ੍ਰਤੀਕ੍ਰਿਆਵਾਂ ਅਤੇ ਮੈਡੀਕਲ ਡਿਵਾਈਸ ਨਾਲ ਸੰਬੰਧਤ ਜੋਖਮਾਂ ਦੀ ਨਿਗਰਾਨੀ, ਖੋਜ ਅਤੇ ਰੋਕਥਾਮ ਦੀ ਮਹੱਤਤਾ ਉਜਾਗਰ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੇ ਅਕਾਦਮਿਕ ਅਨੁਭਵ ਅਤੇ ਅੰਤਰਰਾਸ਼ਟਰੀ ਪੱਧਰ ਦੇ ਯੋਗਦਾਨਾਂ ਤੋਂ ਕੀਮਤੀ ਸੂਝ ਸਾਂਝੀ ਕੀਤੀ।ਇਹ ਪ੍ਰੋਗਰਾਮ ਪ੍ਰੋ.(ਡਾ.) ਅਕਸ਼ੇ ਕੁਮਾਰ ਸ਼ਰਮਾ (ਪ੍ਰਿੰਸੀਪਲ, ਆਰ ਬੀ ਡੀ ਸੀ ਐੱਚ), ਪ੍ਰੋ.(ਡਾ.) ਨੀਨਾ ਮਹਿਤਾ (ਡੀਨ ਅਕਾਦਮਿਕ, ਆਰ ਬੀ ਡੀ ਸੀ ਐੱਚ) ਅਤੇ ਪ੍ਰੋ.(ਡਾ.) ਦੀਪਿਕਾ ਆਰ. ਕੁਮਾਰ (ਡਾਇਰੈਕਟਰ ਪ੍ਰਿੰਸੀਪਲ, ਆਰ ਬੀ ਸੀ ਐਨ) ਦੀ ਦੇਖ-ਰੇਖ ਹੇਠ ਆਯੋਜਿਤ ਕੀਤਾ ਗਿਆ। ਡਾ. ਪ੍ਰਤਿਭਾ ਖੋਸਲਾ (ਪ੍ਰੋਫੈਸਰ, ਫਾਰਮਾਕੋਲੋਜੀ ਵਿਭਾਗ, ਆਰ ਬੀ ਡੀ ਸੀ ਐੱਚ) ਨੇ ਇਸ ਦਾ ਤਾਲਮੇਲ ਕੀਤਾ।

# ਮੰਡੀਆਂ 'ਚ ਝੋਨੇ ਦੀ ਆਮਦ ਤੇ ਖਰੀਦ ਦੇ ਕਾਰਜ ਸੁਚੱਜੇ ਢੰਗ ਨਾਲ ਜਾਰੀ : ਹਰਚੰਦ ਸਿੰਘ ਬਰਸਟ

**ਐਸ.ਏ.ਐਸ. ਨਗਰ (ਮੋਹਾਲੀ) (ਗੁਰਜੀਤ ਬਿੱਲਾ)**- ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਸਾਉਣੀ ਖਰੀਦ ਸੀਜ਼ਨ 2025-26 ਦੌਰਾਨ ਮੰਡੀਆਂ ਵਿੱਚ ਝੋਨੇ ਦੀ ਆਮਦ ਤੇ ਖ਼ਰੀਦ ਦੇ ਕਾਰਜ ਸੁਚੱਜੇ ਢੰਗ ਨਾਲ ਚੱਲ ਰਹੇ ਹਨ ਅਤੇ ਹੁਣ ਤੱਕ ਮੰਡੀਆਂ ਵਿੱਚ 1.88 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ ਅਤੇ 1.77 ਲੱਖ ਮੀਟ੍ਰਿਕ ਟਨ ਝੋਨੇ ਦੀ ਫ਼ਸਲ ਦੀ ਖਰੀਦ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਆਪਣੀ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ, ਇਸਦੇ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਤਾਂ ਕਿ ਕਿਸਾਨ ਆਪਣੀ ਫਸਲ ਨੂੰ ਬਿਨਾਂ ਕਿਸੇ ਦੇਰੀ ਤੋਂ ਵੇਚ ਸਕਣ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ 1822 ਮੰਡੀਆਂ ਘੋਸ਼ਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਸਾਫ਼-ਸਫਾਈ, ਬਿਜਲੀ, ਪੀਣ ਯੋਗ ਪਾਣੀ, ਬਾਥਰੂਮਾਂ, ਛਾਂ ਅਤੇ ਬੈਠਣ ਆਦਿ ਦੇ ਪੁਖਤਾਂ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਸਮੇਤ ਕਿਸੇ ਨੂੰ ਕੋਈ ਵੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਕੰਟਰੋਲ ਰੂਮ ਦੇ ਟੈਲੀਫੋਨ ਨੰ. 0172-5101649 ਅਤੇ 0172-5101704 ਤੇ ਸੰਪਰਕ ਕੀਤਾ ਜਾ ਸਕਦਾ ਹੈ, ਤਾਂ ਜੋ ਕਿਸਾਨਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾ ਸਕੇ।

## ਪਾਣੀ ਬਚਾਉਣ ਤੇ ਆਲੂ ਦੀ ਉਤਪਾਦਕਤਾ ਵਧਾਉਣ ਲਈ ਸੂਖਮ ਸਿੰਚਾਈ ਕਾਮਯਾਬ : ਗੋਇਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਦੇ ਭੂਮੀ ਅਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਇੱਥੇ ਜ਼ੋਰ ਦੇ ਕੇ ਕਿਹਾ ਕਿ ਸੂਬੇ ਦੇ ਤੇਜ਼ੀ ਨਾਲ ਘੱਟ ਰਹੇ ਭੂਮੀਗਤ ਪਾਣੀ ਦੇ ਸਰੋਤਾਂ ਨੂੰ ਬਚਾਉਣ ਅਤੇ ਫਸਲ ਉਤਪਾਦਕਤਾ ਨੂੰ ਵਧਾਉਣ ਲਈ, ਖਾਸ ਕਰਕੇ ਆਲੂ ਦੀ ਕਾਸ਼ਤ ਵਿੱਚ, ਸੂਖਮ ਸਿੰਚਾਈ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ।ਮੋਹਾਲੀ ਦੇ ਫੇਜ਼ 6 ਦੇ ਭੂਮੀ ਸੰਭਾਲ ਕੰਪਲੈਕਸ ਵਿਖੇ ਆਲੂ ਦੀ ਕਾਸ਼ਤ ਵਿੱਚ ਸੂਖਮ ਸਿੰਚਾਈ ਨੂੰ ਉਤਸ਼ਾਹਿਤ ਕਰਨ ਬਾਰੇ ਇੱਕ ਰੋਜ਼ਾ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਸੂਖਮ ਸਿੰਚਾਈ-ਜਿਸ ਵਿੱਚ ਤੁਪਕਾ ਅਤੇ ਫੁਹਾਰਾ ਪ੍ਰਣਾਲੀਆਂ ਸ਼ਾਮਲ ਹਨ-ਨਾ ਸਿਰਫ਼ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਨੂੰ ਯਕੀਨੀ ਬਣਾਉਂਦੀਆਂ ਹਨ ਬਲਕਿ ਖਾਦਾਂ ਅਤੇ ਕੀਟਨਾਸ਼ਕਾਂ ਦੀ ਸਿੱਧੇ ਤੌਰ 'ਤੇ ਫ਼ਸਲ ਦੇ ਜੜ੍ਹ ਖੇਤਰ ਵਿੱਚ ਕੁਸ਼ਲ ਵਰਤੋਂ ਨੂੰ ਵੀ ਸਮਰੱਥ ਬਣਾਉਂਦੀਆਂ ਹਨ। ਉਨ੍ਹਾਂ ਕਿਹਾ ਇਨ੍ਹਾਂ ਪ੍ਰਣਾਲੀਆਂ ਨੂੰ ਅਪਣਾਉਣ ਨਾਲ ਕਿਸਾਨਾਂ ਨੂੰ 50% ਤੱਕ ਪਾਣੀ ਦੀ ਬਚਤ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਨਾਲ ਹੀ ਪ੍ਰਤੀ ਏਕੜ ਝਾੜ ਅਤੇ ਉਪਜ ਦੀ ਗੁਣਵੱਤਾ ਵਿੱਚ ਵੀ ਸੁਧਾਰ ਹੁੰਦਾ ਹੈ।



## ਮੁਫਤ ਮੈਡੀਕਲ ਕੈਂਪ ਲਗਾਇਆ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਸਾਲਾਨਾ ਭੰਡਾਰਾ ਧੰਨ ਧੰਨ ਬਾਪੂ ਦੁੰਮਣ ਦਾਸ ਜੀ ਮਹਾਰਾਜ ਖੰਨੀ ਵਿਖੇ ਗੱਦੀ ਨਸ਼ੀਨ 108 ਸੰਤ ਸੋਢੀ ਸ਼ਾਹ ਮਹਾਰਾਜ ਦੀ ਰਹਿਨੁਮਾਈ ਹੇਠ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ।ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐਸ.ਐਮ.ਓ ਸਿਵਲ ਹਸਪਤਾਲ ਮਾਹਿਲਪੁਰ ਦੇ ਭਰਪੂਰ ਸਹਿਯੋਗ ਸਦਕਾ ਡਾ. ਪ੍ਰਭ ਹੀਰ ਦੀ ਸਮੁੱਚੀ ਟੀਮ ਜਿਸ ਵਿੱਚ ਹਰਜਿੰਦਰ ਕੁਮਾਰੀ,ਨਵਜੋਤ ਕੌਰ, ਭੁਪਿੰਦਰ ਸਿੰਘ ਤੇ ਕਿਸ਼ਨ ਚੰਦ ਸ਼ਾਮਲ ਸਨ, ਵੱਲੋਂ ਮਰੀਜ਼ਾਂ ਦਾ ਚੈੱਕ ਅਪ ਕਰਕੇ ਉਹਨਾਂ ਨੂੰ ਮੁਫਤ ਦਵਾਈ ਦਿੱਤੀ ਗਈ।ਇਸ ਕੈਂਪ ਦਾ ਉਦਘਾਟਨ ਗੱਦੀ ਨਸ਼ੀਨ 108 ਸੰਤ ਸੋਢੀ ਸ਼ਾਹ ਜੀ ਮਹਾਰਾਜ ਨੇ ਕੀਤਾ। ਇਸ ਮੌਕੇ ਮਾਤਾ ਪਰਮਜੀਤ ਕੌਰ, ਸੰਤ ਰਿੰਕੂ ਰਾਮ, ਕਿਸ਼ੋਰ ਕੁਮਾਰ, ਜਸ, ਜਿੰਦਰ, ਅਮਰਜੀਤ, ਸੰਤ ਜੈ ਭਗਵਾਨ, ਸ਼ਾਮ ਲਾਲ, ਗੁਰਨਾਮ ਠੇਕੇਦਾਰ, ਸਾਈ ਪ੍ਰੇਮ, ਪੰਡਤ ਰਾਮ, ਪੰਡਤ ਅਮਿਤ ਸਮੇਤ ਇਸ ਅਸਥਾਨ ਦੇ ਸ਼ਰਧਾਲੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਸਾਈਂ ਜੁਮਲੇ ਸ਼ਾਹ ਦੇ ਦਰਬਾਰ 'ਤੇ ਹਾਜ਼ਰੀ ਲਗਾਈ : ਹਰਿੰਦਰ ਸਿੰਘ



**ਆਦਮਪੁਰ (ਪਰਮਜੀਤ ਸਿੰਘ)**-ਦਰਬਾਰ ਸਾਈਂ ਜੁਮਲੇ ਸ਼ਾਹ ਜੀ, ਪਿੰਡ ਉਦੇਸੀਆਂ ਵਿਖੇ ਬੀਤੇ ਦਿਨੀਂ ਤਿੰਨ ਰੋਜ਼ਾ ਸਾਲਾਨਾ ਸਮਾਗਮ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ । ਇਹ ਸਮਾਗਮ ਸਾਈਂ ਜੁਮਲੇ ਸ਼ਾਹ ਜੀ ਦੀ 59 ਵੀਂ ਬਰਸੀ ਅਤੇ ਬੀਬੀ ਸ਼ਰੀਫਾਂ ਜੀ ਦੀ ਪਹਿਲੀ ਬਰਸੀ ਨੂੰ ਭੇਂਟ ਕਰਦੇ ਮਨਾਇਆ ਗਿਆ।ਆਦਮਪੁਰ ਦੇ ਉਘੇ ਸਮਾਜ ਸੇਵੀ, ਹਰਿੰਦਰ ਸਿੰਘ ਵੱਲੋਂ ਵੀ ਇਸ ਮੌਕੇ ਹਾਜ਼ਰੀ ਲਵਾਈ ਗਈ। ਇਲਾਕੇ ਦੀਆਂ ਸੰਗਤਾਂ ਵੀ ਇਸ ਮੌਕੇ ਬਹੁਤ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੀਆਂ ਹਨ।ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਲਗਰਾਂ ਦੀ ਸੇਵਾ ਵੀ ਲਗਾਤਾਰ ਚੱਲਦੀ ਹੈ।ਹਰਿੰਦਰ ਸਿੰਘ ਨੇ ਪ੍ਰਬੰਧਕ ਕਮੇਟੀ ਦੇ ਸਦਸ , ਗੁਰਨਾਮ ਸਿੰਘ, ਜਸਵੀਰ ਸਿੰਘ, ਨੀਸ਼ਾ, ਸਿੰਦੂ, ਖੁਸ਼ਿਆਂ ਰਾਮ , ਸੀਤੂ , ਅਵਤਾਰ ਸਿੰਘ ਅਤੇ ਸੰਗਤਾਂ ਦਾ ਧੰਨਵਾਦ ਕੀਤਾ । ਮੁੱਖ ਸੇਵਾਦਾਰ ਮੱਦੀ, ਸੋਨੂੰ , ਪ੍ਰੇਮ ਪਾਲ ਸਿੰਘ, ਬਿਕਰ ਸਿੰਘ ਸਮੇਤ ਅਨੇਕ ਸੇਵਾਦਾਰਾਂ ਨੇ ਵੀ ਲਗਾਤਾਰ ਸੇਵਾ ਨਿਭਾਈ ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਮਨਾਉਣ ਸੰਬੰਧੀ ਅਗੇਤੇ ਪ੍ਰਬੰਧਾਂ ਬਾਰੇ ਮੀਟਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਨੌਂਵੇਂ ਪਾਤਸ਼ਾਹ, ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਉਲੀਕੇ ਸਮਾਗਮਾਂ ਦੀ ਲੜੀ ਵਿੱਚ ਐੱਸ ਏ ਐੱਸ ਨਗਰ ਵਿਖੇ ਹੋਣ ਵਾਲੇ ਸਮਾਗਮਾਂ ਸਬੰਧੀ ਅਗੇਤੇ ਪ੍ਰਬੰਧਾਂ ਬਾਰੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਦੇ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਸ ਦੇ ਲਈ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ਹੀਦੀ ਸਮਾਗਮਾਂ ਸਬੰਧੀ ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ 20.11.2025 ਤੋਂ 22.11.2025 ਤੱਕ ਚਾਰ ਯਾਤਰਾਵਾਂ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਣਗੀਆਂ, ਜਿਸ ਮੁਤਾਬਿਕ ਮਾਲਵਾ-2 ਰੂਟ ਤਹਿਤ ਇੱਕ ਯਾਤਰਾ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ, ਜ਼ਿਲ੍ਹਾ ਪਟਿਆਲਾ ਤੋਂ ਹੁੰਦੇ ਹੋਏ ਰਾਜਪੁਰਾ ਤੋਂ ਬਨੂੰੜ ਤੋਂ ਮੋਹਾਲੀ ਤੋਂ ਕੁਰਾਲੀ ਤੋਂ ਰੂਪਨਗਰ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਪੰਹੁਚੇਗੀ। ਇਸ ਯਾਤਰਾ ਦਾ ਮਿਤੀ 21-11-2025 ਨੂੰ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਠਹਿਰਾਓ ਹੋਵੇਗਾ। ਇਹ ਯਾਤਰਾ 21 ਨਵੰਬਰ ਨੂੰ ਗੁਰਦੁਆਰਾ ਅਕਾਲ ਗੜ੍ਹ ਬਨੂੜ ਵਿਖੇ ਪੁੱਜੇਗੀ ਅਤੇ ਸ਼ਾਮ ਨੂੰ ਇਹ ਯਾਤਰਾ ਮੁਹਾਲੀ ਵਿਖੇ ਪੁੱਜੇਗੀ ਅਤੇ ਰਾਤ ਦਾ ਠਹਿਰਾਅ ਗੁਰਦੁਆਰਾ ਸੁਹਾਣਾ ਸਾਹਿਬ ਵਿਖੇ ਹੋਵੇਗਾ ਅਤੇ ਫਿਰ ਇਹ ਯਾਤਰਾ ਗੁਰਦੁਆਰਾ ਕਰਤਾਰਸਰ ਸਾਹਿਬ, ਪਡਿਆਲਾ, ਕੁਰਾਲੀ ਵਿਖੇ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਚਰਨਛੋਹ ਸਥਾਨਾਂ ਤੇ ਪਾਰਕਿੰਗ, ਰੌਸ਼ਨੀ, ਸੁਰੱਖਿਆ ਅਤੇ ਮੀਡੀਆ ਪ੍ਰਬੰਧਾਂ ਦੇ ਨਾਲ ਕੀਰਤਨ ਸਮਾਗਮ/ਕਵੀ ਦਰਬਾਰਾਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਪਿੰਡ ਮੋਟੇਮਾਜਰਾ, ਡੇਰਾਬਸੀ ਅਤੇ ਘੜੂੰਆਂ ਵਿਖੇ ਕੀਰਤਨ ਦਰਬਾਰ ਹੋਣਗੇ।



# ਜਥੇਦਾਰ ਗੁਰਦੇਵ ਸਿੰਘ ਲੱਖਪੁਰ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 4 ਨੂੰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਲੱਖਪੁਰ ਦੇ ਉੱਘੇ ਸਮਾਜ ਸੇਵਕ, ਸਾਬਕਾ ਸਰਪੰਚ ਲੱਖਪੁਰ, ਸਿੱਖ ਕੌਮ ਦੇ ਮਹਾਨ ਇੰਟਰਨੈਸ਼ਨਲ ਢਾਡੀ ਜਥੇਦਾਰ ਗੁਰਦੇਵ ਸਿੰਘ ਲੱਖਪੁਰ ਦਾ ਬੀਤੀ ਦਿਨੀ ਅਕਾਲ ਚਲਾਣਾ ਕਰ ਗਏ ਸਨ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਪੱਤਰਕਾਰਾਂ ਭਾਈਚਾਰਾ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ,ਸਿਆਸੀ ਆਗੂਆਂ ਨੇ ਪੁੱਜ ਕੇ ਢਾਡੀ ਗੁਰਦਿਆਲ ਸਿੰਘ ਲੱਖਪੁਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਢਾਡੀ ਗੁਰਦਿਆਲ ਸਿੰਘ ਲੱਖਪੁਰ ਨੇ ਦੱਸਿਆ ਕਿ ਜਥੇਦਾਰ ਗੁਰਦੇਵ ਸਿੰਘ ਲੱਖਪੁਰ ਢਾਡੀ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਗੁਰਦੁਆਰਾ ਭਾਈ ਘੱਨਈਆ ਜੀ ਸੇਵਾ ਸਿਮਰਨ ਕੇਂਦਰ ਫਗਵਾੜਾ ਵਿਖੇ 4 ਅਕਤੂਬਰ ਨੂੰ ਰਾਗੀ ਜਥੇ ਵੈਰਾਗਮਈ ਕੀਰਤਨ ਕਰਨਗੇ। ਇਸ ਮੌਕੇ ਜਥੇਦਾਰ ਗੁਰਦੇਵ ਸਿੰਘ ਲੱਖਪੁਰ ਦੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਏ ਜਾ ਰਹੇ ਹਨ।

## ਬਸਪਾ ਵੱਲੋਂ ਵਿਸ਼ਾਲ ਰੈਲੀ 9 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਬਹੁਜਨ ਸਮਾਜ ਪਾਰਟੀ ਹਲਕਾ ਨਕੋਦਰ ਦੀ ਵਿਸ਼ੇਸ਼ ਮੀਟਿੰਗ ਕਸਬਾ ਨੂਰਮਹਿਲ ਵਿਖੇ ਜਨਰਲ ਸਕੱਤਰ ਪੰਜਾਬ ਗੁਰਮੇਲ ਚੁੰਬਰ ਜੀ ਦੀ ਅਗਵਾਈ ਹੇਠ ਕੀਤੀ ਗਈ,ਜਿਸ ਵਿੱਚ ਬਸਪਾ ਵੱਲੋਂ ਸ਼੍ਰੀ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਨੂੰ ਸਮਰਪਤ ਵਿਸ਼ਾਲ ਰੈਲੀ 9 ਅਕਤੂਬਰ ਨੂੰ ਗੁਰਾਇਆ ਰੋਡ ਫਿਲੌਰ ਵਿਖੇ ਕੀਤੀ ਜਾ ਰਹੀ ਹੈ,ਉਸ ਨੂੰ ਕਾਮਯਾਬ ਕਰਨ ਲਈ ਰੂਪਰੇਖਾ ਤਿਆਰ ਕੀਤੀ ਗਈ ਤੇ ਪਾਰਟੀ ਲੀਡਰਸ਼ਿਪ ਅਤੇ ਵਰਕਰ ਸਾਥੀਆਂ ਨੂੰ ਵੱਡੀ ਗਿਣਤੀ ਵਿਚ ਪੁੱਜਣ ਲਈ ਹਰ ਪਿੰਡ ਘੱਟ ਤੋਂ ਘੱਟ ਇਕ ਵੱਡੀ ਬਸ ਜਾ ਵੱਡਾ ਫੋਰਵੀਲਰ ਲੈ ਕੇ ਜਾਣ ਪ੍ਰੇਰਤ ਕੀਤਾ ਗਿਆ ਤੇ ਸਾਰੇ ਸਾਥੀਆਂ ਨੇ ਵਿਸ਼ਵਾਸ਼ ਦਿੱਤਾ ਕੇ ਸਾਰੇ ਸਾਥੀ ਆਪਣੇ ਆਪਣੇ ਪਿੰਡ ਤੋਂ ਵੱਧ ਤੋਂ ਵੱਧ ਸਾਥੀ ਲੈ ਕੇ ਪਹੁੰਚਣਗੇ।ਮੀਟਿੰਗ ਵਿੱਚ ਜਗਦੀਸ਼ ਸ਼ੇਰਪੁਰੀ ਜਿਲ੍ਹਾ ਪ੍ਰਧਾਨ, ਮੰਗਤ ਸਿੰਘ ਮੈਂਟੀ ਜ਼ਿਲ੍ਹਾ ਕੋਆਰਡਨੇਟਰ, ਦੇਵਰਾਜ ਸੁਮਨ ਪ੍ਰਧਾਨ ਵਿਧਾਨ ਸਭਾ, ਮਲਕੀਤ ਚੁੰਬਰ, ਸਾਬਕਾ ਪ੍ਰਧਾਨ, ਵਿਜੈ ਮੜ੍ਹਾਸ, ਕੁਲਦੀਪ ਦੀਪਾ, ਰਾਮ ਸਰਪੰਚ, ਮਨਜੀਤ ਸਿਧਮ,ਸਤਪਾਲ ਭੰਗਲਾ ਸੰਮਤੀ ਮੈਂਬਰ, ਚਰਨ ਜੀਤ ਸੰਮਤੀ ਮੈਂਬਰ,ਦਲਬੀਰ ਬਿਲਗਾ, ਸੁਦੇਸ਼ ਚਾਹਲ,ਕਮਲ ਬਸਰਾ ਆਰਕਟਿਕ, ਡੀ.ਡੀ ਅਹੀਰ, ਹਰੀ ਨਰੈਣ, ਮਹਿੰਦਰ ਪਾਲ ਸਾਬਕਾ ਸੰਮਤੀ ਮੈਂਬਰ, ਛਿੰਦਾ ਚਾਨੀਆ, ਰਕੇਸ਼ ਆਬਾਦੀ, ਹੰਸ ਰਾਜ ਸਿੱਧੂ, ਪਰਸ਼ੋਤਮ ਕੋਟਲਾ,ਰਮੇਸ਼ ਬੰਗੜ ਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।



# ਬੱਚਿਆਂ ਨੂੰ ਖੇਡ ਕਿੱਟਾਂ ਵੰਡੀਆਂ

**ਕੁਰਾਲੀ (ਮੋਹਨ ਅਗਰਵਾਲ)**

ਸਥਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਸੀਨੀਅਰ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਜਰਨਲ ਸਕੱਤਰ (ਪੰਜਾਬ ਕਿਸਾਨ ਕਾਂਗਰਸ) ਵੱਲੋਂ ਮੱਲ੍ਹੀ ਬਾਬਾ ਹਾਕੀ ਅਕੈਡਮੀ ਖਰੜ ਵਿਖੇ ਸ਼ਿਰਕਤ ਕੀਤੀ।ਇਸ ਮੌਕੇ ਉਹਨਾਂ ਮੱਲ੍ਹੀ ਬਾਬਾ ਹਾਕੀ ਅਕੈਡਮੀ ਦੇ ਬੱਚਿਆਂ ਨੂੰ ਹਾਕੀ ਦੀਆਂ ਕਿੱਟਾਂ ਅਤੇ ਹੋਰ ਖੇਡ ਸਮਗਰੀ ਵੰਡੀ। ਪਡਿਆਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਹਨਾਂ ਵੱਲੋਂ ਹਲਕੇ ਦੇ ਵਿੱਚ ਇੱਕ ਮੁਹਿੰਮ ਚਲਾਈ ਗਈ ਹੈ।ਜਿਸ ਦੇ ਤਹਿਤ ਹਲਕੇ ਦੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਬੱਚਿਆਂ ਨੂੰ ਖੇਡਾਂ ਦੀਆਂ ਕਿੱਟਾਂ ਤੇ ਹੋਰ ਲੋੜੀਂਦੀ ਸਮੱਗਰੀ ਵੰਡੀ ਜਾ ਰਹੀ ਹੈ।ਉਹਨਾਂ ਕਿਹਾ ਕਿ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਬਚਪਨ ਤੋਂ ਖੇਡਾਂ ਦੇ ਨਾਲ ਜੋੜ ਕੇ ਰੱਖਾਂਗੇ ਤਾਂ ਉਹ ਭਵਿੱਖ ਵਿੱਚ ਬੁਰੀ ਸੰਗਤ ਤੋਂ ਦੂਰ ਰਹਿਣਗੇ ਅਤੇ ਵੱਡੇ ਹੋ ਕੇ ਦੇਸ਼ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨਗੇ। ਉਹਨਾਂ ਕਿਹਾ ਕਿ ਬੱਚਿਆਂ ਵੱਲੋਂ ਹਾਕੀ ਖੇਡਣ ਲਈ ਇੱਕ ਵਧੀਆ ਗਰਾਊਂਡ ਤਿਆਰ ਕਰਵਾਉਣ ਦੀ ਗੱਲ ਕਹੀ।ਬੱਚਿਆਂ ਦੀ ਇਸ ਮੰਗ ਨੂੰ ਵੀ ਜਲਦ ਪੂਰਾ ਕੀਤਾ ਜਾਵੇਗਾ।ਜਿਸ ਦੇ ਤਹਿਤ ਹਾਕੀ ਖੇਡਣ ਦੇ ਲਈ ਕੰਕਰੀਟ ਬੇਸਡ ਗਰਾਊਂਡ ਤਿਆਰ ਕਰਵਾਇਆ ਜਾਵੇਗਾ। ਜਿਸ ਦੇ ਉੱਤੇ ਇੱਕ ਵਧੀਆ ਕਿਸਮ ਦੇ ਮੈਟ ਲਗਵਾ ਕੇ ਇੰਟਰਨੈਸ਼ਨਲ ਗਰਾਊਂਡ ਦੀ ਤਰਜ ਤੇ ਇਹ ਗਰਾਊਂਡ ਤਿਆਰ ਕਰਵਾਇਆ ਜਾਵੇਗਾ। ਇਸ ਮੌਕੇ ਇਕੱਤਰ ਹੋਏ ਬੱਚਿਆਂ ਵੱਲੋਂ ਗੁਰਪ੍ਰਤਾਪ ਸਿੰਘ ਪਡਿਆਲਾ ਦਾ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਕੋਚ ਬਲਜਿੰਦਰ ਸਿੰਘ ਮੱਲੀ, ਭੁਪਿੰਦਰ ਸਿੰਘ ਸਹੋਤਾ, ਕੋਚ ਸਰਬਜੀਤ ਸਿੰਘ ਸਹੋਤਾ, ਮਦਨ ਲਾਲ ਮੱਟੂ (ਵਾਈਸ ਚੇਅਰਮੈਨ ਅਕੈਡਮੀ ਮੁੰਡੀ ਖਰੜ ਵਿੰਗ ਮੋਹਾਲੀ), ਹੁਕਮ ਸਿੰਘ, ਓਕਾਰ ਸਿੰਘ, ਗੁਰਵਿੰਦਰ ਸਿੰਘ ਗੋਲਡੀ, ਹਰਮੀਤ ਸਿੰਘ ਗੁਰਮੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਬੱਚੇ ਹਾਜ਼ਰ ਸਨ।



# ਸ਼ਹੀਦਾਂ ਦੀ ਯਾਦ 'ਚ ਕੀਰਤਨ ਦਰਬਾਰ ਭਲਕੇ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡਲਾ ਵਿਖੇ ਸਿੰਘਲੈਂਡ ਯੂਥ ਕਲੱਬ ਬੱਡਲਾ, ਐਨ ਆਰ ਆਈ ਵੀਰ, ਸਮੂਹ ਸਾਧ ਸੰਗਤ ਵੱਲੋਂ ਸਿੱਖ ਪੰਥ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸਲਾਨਾ 14ਵਾਂ ਮਹਾਨ ਕੀਰਤਨ ਦਰਬਾਰ 03 ਅਕਤੂਬਰ ਸ਼ਾਮ 06ਤੋਂ ਰਾਤ 01ਵਜੇ ਤੱਕ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਬਾਬਾ ਬੂਟਾ ਸਿੰਘ ਬੱਡਲਾ, ਹਰਜੀਤ ਸਿੰਘ ਸੋਨੀ, ਲਾਲ ਸਿੰਘ ਲਾਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ 14ਵੇਂ ਮਹਾਨ ਕੀਰਤਨ ਦਰਬਾਰ ਦੌਰਾਨ ਬਾਬਾ ਵੀਰ ਜਤਿੰਦਰ ਸਿੰਘ ਮਾਲਕਪੁਰ, ਭਾਈ ਗਗਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਮੁਕਤਸਰ ਸਾਹਿਬ, ਭਾਈ ਜਤਿੰਦਰ ਪਾਲ ਸਿੰਘ ਜੋਧ ਇੰਟਰਨੈਸ਼ਨਲ ਢਾਡੀ ਜੱਥਾ ਤਰਨ ਤਾਰਨ ਸਾਹਿਬ, ਭਾਈ ਚੜ੍ਹਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਬੱਡਲਾ, ਭਾਈ ਸੁਰਿੰਦਰ ਸਿੰਘ ਆਦਿ ਗੁਰਬਾਣੀ, ਗੁਰਇਤਿਹਾਸ, ਕਥਾ ਕੀਰਤਨ, ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

# ਕੁੱਟਮਾਰ ਤੇ ਲੁੱਟ-ਖੋਹ ਕਰਨ ਵਾਲਾ ਕਥਿਤ ਦੋਸ਼ੀ ਕਾਬੂ

**ਕਪੂਰਥਲਾ (ਮਨਜੀਤ ਮਾਨ)**

ਥਾਣਾ ਢਿਲਵਾਂ ਦੀ ਪੁਲਸ ਨੇ ਕੁੱਟ ਮਾਰ ਕਰਨ ਅਤੇ ਲੁਟਖੋਹ ਕਰਨ ਦੇ ਦੋਸ਼ਾਂ ਵਿੱਚ ਇੱਕ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਦਲਵਿੰਦਰਜੀਤ ਸਿੰਘ, ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਇਸ ਸਬੰਧ ਵਿੱਚ ਰਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਬਿਜਲੀ ਨੰਗਲ ਥਾਣਾ ਢਿਲਵਾਂ ਨੇ 7 ਸਤੰਬਰ ਨੂੰ ਬਿਆਨ ਦਰਜ ਕਰਵਾਏ ਸਨ ਕਿ ਉਹ ਆਪਣੇ ਪਿੰਡ ਆਇਆ ਸੀ ਤਾਂ ਮੇਰਾ ਭਰਾ ਯਾਦਵਿੰਦਰ ਸਿੰਘ ਆਪਣੇ ਛੋਟੇ ਹਾਥੀ ਤੇ ਸਬਜੀ ਵੇਚਣ ਗਿਆ ਸੀ, ਮੈਨੂੰ ਮੇਰੇ ਭਰਾ ਦਾ ਫੋਨ ਆਇਆ ਕਿ ਸੰਗੋਜਲਾ ਛੋਟਾ ਹਾਥੀ ਖਰਾਬ ਹੋ ਗਿਆ ਹੈ,ਮੈਂ ਆਪਣੀ ਕਾਰ ਤੇ ਸੰਗੋਜ਼ਲੇ ਗਿਆ ਤੇ ਛੋਟੇ ਹਾਥੀ ਨੂੰ ਟੋਹ ਕਰਕੇ ਵਾਇਆ ਖੁਖਰੈਣ ਆਪਣੇ ਪਿੰਡ ਨੂੰ ਚੱਲ ਪਿਆ, ਜਦੋਂ ਮੈਂ ਪਿੰਡ ਭੁੱਲਰ ਬੇਟ ਸ਼ਰਾਬ ਦੇ ਠੇਕੇ ਕੋਲ ਪਹੁੰਚਿਆ ਤਾਂ ਉਥੇ ਰਾਜਾ ਪੁੱਤਰ ਜੋਗਾ, ਗੋਰਾ ਪੁੱਤਰ ਲਾਡੀ ਵਾਸੀ ਪਿੰਡ ਭੁੱਲਰ ਬੇਟ, ਧੁਨੀ ਵਾਸੀ ਪਿੰਡ ਮੁਸ਼ਕਵੇਦ,ਇਹਨਾਂ ਨਾਲ ਤਿੰਨ ਹੋਰ ਨੌਜਵਾਨ ਸੀ ਜਿਨਾਂ ਨੂੰ ਮੈਂ ਨਹੀਂ ਜਾਣਦਾ, ਰਾਜਾ ਨੇ ਰੁਕਣ ਲਈ ਮੈਨੂੰ ਇਸ਼ਾਰਾ ਕੀਤਾ ਤਾਂ ਮੈਂ ਕਾਰ ਵਿੱਚੋਂ ਬਾਹਰ ਆ ਗਿਆ ਸਾਰੇ ਜਾਣੇ ਮੇਰੀ ਕੁੱਟਮਾਰ ਕਰਨ ਲੱਗ ਪਏ, ਇਸ ਸਬੰਧ ਵਿੱਚ ਥਾਣਾ ਢਿਲਵਾਂ ਵਿੱਚ 5 ਵਿਅਕਤੀਆਂ ਦੇ ਪਰਚਾ ਦਰਜ ਕੀਤਾ ਗਿਆ ਸੀ ਤੇ ਇਸ ਸਬੰਧ ਵਿੱਚ ਗੁਰਪ੍ਰੀਤ ਸਿੰਘ ਗੋਰਾ ਵਾਸੀ ਪਿੰਡ ਭੁੱਲਰ ਬੇਟ ਨੂੰ ਕਾਬੂ ਕਰਕੇ ਉਸ ਵੱਲੋਂ ਲੁੱਟ ਖੋਹ ਕੀਤਾ ਮੋਬਾਇਲ ਬਰਾਮਦ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ।



# ਸੁਖਬੀਰ ਸਿੰਘ ਬਾਦਲ ਹੀ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰ ਸਕਦੇ : ਲਖਵਿੰਦਰ ਲੱਖੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੂੰ ਦਿਨੋ ਦਿਨ ਹੋਰ ਮਜ਼ਬੂਤ ਕਰਨ ਲਈ ਪਿੰਡ ਪਿੰਡ ਜਾ ਕੇ ਅਕਾਲੀ ਵਰਕਰਾਂ ਦੇ ਨਾਲ ਰਾਬਤਾ ਕੀਤਾ ਜਾਵੇਗਾ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਪਿੰਡ ਖੁਣਖੁਣ ਕਲਾਂ ਵਿੱਚ ਸਾਬਕਾ ਸਰਪੰਚ ਨਿਰਮਲ ਸਿੰਘ ਲੱਕੀ ਦੇ ਗ੍ਰਹਿ ਵਿਖੇ ਗੱਲਬਾਤ ਕਰਨ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਸ ਸੀ ਸਮਾਜ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਰਬਜੀਤ ਸਿੰਘ ਮੋਮੀ, ਸਰਕਲ ਪ੍ਰਧਾਨ ਐਸ ਸੀ ਵਿੰਗ ਅਮਰਜੀਤ ਕਲਸੀਆ, ਨਿਰਵੈਰ ਸਿੰਘ ਖੁੱਡਾ, ਬਲਾਕ ਸੰਮਤੀ ਮੈਂਬਰ ਰਤਨ ਸਿੰਘ ਖੁੱਡਾ, ਲੰਬੜਦਾਰ ਯੂਨੀਅਨ ਦੇ ਪ੍ਰਧਾਨ ਡਾਕਟਰ ਜਸਪਾਲ ਸਿੰਘ ਲੋਧੀ ਚੱਕ ਵੀ ਹਾਜ਼ਰ ਸੀ। ਇਸ ਮੌਕੇ ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਹੀ ਇੱਕੋ ਇੱਕ ਅਜਿਹੇ ਆਗੂ ਹਨ ਜਿਹੜੇ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ 'ਤੇ ਪਹੁੰਚਾ ਸਕਦੇ ਹਨ, ਪੰਜਾਬ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰ ਸਕਦੇ ਹਨ । ਉਹਨਾਂ ਕਿਹਾ ਕਿ ਮੌਜੂਦਾ ਸਮੇਂ ਦੌਰਾਨ ਪੰਜਾਬ ਦੇ ਲੋਕਾਂ ਦਾ ਮੌਜੂਦਾ ਸਰਕਾਰ ਤੋਂ ਮੋਹ ਭੰਗ ਹੋ ਚੁੱਕਾ ਹੈ ਅਤੇ ਇਸ ਸਰਕਾਰ ਨੂੰ ਚਲਦਾ ਕਰਨ ਲਈ ਸੂਬੇ ਦੇ ਲੋਕ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੀ ਉਡੀਕ ਬੇਸਬਰੀ ਨਾਲ ਕਰ ਰਹੇ ਹਨ। ਜ਼ਿਲ੍ਹਾ ਪ੍ਰਧਾਨ ਲੱਖੀ ਨੇ ਕਿਹਾ ਕਿ ਪਿਛਲੇ ਸਮੇਂ ਸੂਬੇ ਵਿੱਚ ਆਏ ਭਾਰੀ ਹੜ੍ਹਾਂ ਦੌਰਾਨ ਲੋਕਾਂ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ ਪਰ ਸੂਬੇ ਦੀ ਸਰਕਾਰ ਵੱਲੋਂ ਇਸ ਸਬੰਧੀ ਅਜੇ ਤੱਕ ਪੀੜਤ ਲੋਕਾਂ ਨੂੰ ਕੋਈ ਵੀ ਬਣਦਾ ਯੋਗ ਮੁਆਵਜ਼ਾ ਨਹੀਂ ਦਿੱਤਾ ਗਿਆ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਹੜ੍ਹ ਪੀੜਿਤ ਪਰਵਾਰਾਂ ਦੀ ਜੋ ਮਦਦ ਕੀਤੀ ਹੈ ਉਸ ਤੋਂ ਸਾਫ ਜ਼ਾਹਰ ਹੈ ਕਿ ਪੰਜਾਬ ਦੇ ਲੋਕਾਂ ਨਾਲ ਅਤੇ ਪੰਜਾਬ ਦੀ ਸੰਗਤ ਨਾਲ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਨੁਮਾਇੰਦੇ ਹੀ ਖੜ੍ਹ ਸਕਦੇ ਹਨ । ਲੱਖੀ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਸੁਖਬੀਰ ਸਿੰਘ ਬਾਦਲ ਨਾਲ ਪੂਰੀ ਤਰ੍ਹਾਂ ਖੜ੍ਹੇ ਹਨ ਤੇ ਜਲਦ ਹੀ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਦੇ ਲੋਕ ਪੰਜਾਬ ਦਾ ਮੁੱਖ ਮੰਤਰੀ ਵੇਖਣਾ ਚਾਹੁੰਦੇ ਹਨ ।




# ਸਾਲਾਨਾ ਸਿੱਖਿਆ ਸਮਾਗਮ 3 ਤੋਂ 4 ਤੱਕ

**ਰੂਪਨਗਰ (ਰਜਿੰਦਰ ਸੈਣੀ)**- ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਸੈਣੀ ਭਵਨ ਰੂਪਨਗਰ ਵੱਲੋਂ 3 ਅਤੇ 4 ਅਕਤੂਬਰ ਨੂੰ ਸਾਲਾਨਾ ਸਿੱਖਿਆ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੌਰਾਨ 4 ਅਕਤੂਬਰ ਨੂੰ ਪੇਸ਼ੇਵਰ ਤਕਨੀਕੀ ਅਤੇ ਉਚੇਰੀ ਵਿਦਿਅਕ ਸੰਸਥਾਵਾ 'ਚ ਦਾਖਲ ਹੋਸਿਆਰ 120 ਵਿਦਿਆਰਥੀਆ ਨੂੰ ਸਾਲ 2025-26 ਲਈ 7 ਲੱਖ 25 ਹਜ਼ਾਰ ਰੁਪਏ ਦੇ ਵਜ਼ੀਫੇ ਵੰਡੇ ਜਾਣਗੇ। ਇਹ ਜਾਣਕਾਰੀ ਟਰੱਸਟ ਦੇ ਚੇਅਰਮੈਨ ਬਲਬੀਰ ਸਿੰਘ ਸੈਣੀ ਨੇ ਟਰੱਸਟ ਦੀ ਮੀਟਿੰਗ ਦੌਰਾਨ ਦਿੱਤੀ। ਉਨ੍ਹਾ ਦੱਸਿਆ ਕਿ ਇਸ ਦਿਨ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਪਟਿਆਲਾ ਦੇ ਚੇਅਰਮੈਨ (ਰਿਟਾ.) ਮੇਜ਼ਰ ਜਨਰਲ ਵਿਨਾਇਕ ਸੈਣੀ ਐਸ. ਐਮ, ਵੀ. ਐਸ. ਐਮ ਹੋਣਗੇ। ਇਸ ਮੌਕੇ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਸਾਲਾਨਾ ਸਿੱਖਿਆ ਸਮਾਗਮ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 3 ਅਕਤੂਬਰ ਨੂੰ ਵੱਖ ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਭਖਵੇ ਵਿਸ਼ਿਆ ਤੇ ਭਾਸ਼ਣ ਮੁਕਾਬਲੇ ਹੋਣਗੇ।ਟਰੱਸਟ ਵਲੋਂ ਸਵਰਗੀ ਐੱਲ ਆਰ ਮੁੰਡਰਾ ਵਲੋਂ ਦਿੱਤੇ ਜਾਂਦੇ ਐੱਲ ਆਰ ਮੁੰਡਰਾ ਮੈਮੋਰਿਅਲ ਸਕਾਲਰਸ਼ਿਪ ਦਾ 3 ਲੱਖ ਰੁਪਏ ਦਾ ਵਜ਼ੀਫਾ ਦੇਣ ਲਈ ਇਸ ਸਾਲ ਆਈ. ਆਈ. ਐਮ. ਰਾਏਪੁਰ ਵਿਖੇ ਐਮਬੀਏ ਦੀ ਪੜਾਈ ਕਰ ਰਹੇ ਵਿਦਿਆਰਥੀ ਤ੍ਰਿਪਤਪਾਲ ਸਿੰਘ ਵਾਸੀ ਫਗਵਾੜਾ ਨੂੰ ਦੇਣ ਲਈ ਚੁਣਿਆ ਗਿਆ ਹੈ। ਇਸ ਸਮੇਂ ਟਰੱਸਟ ਦੇ ਸਕੱਤਰ ਅਮਰਜੀਤ ਸਿੰਘ ਨੇ ਦੱਸਿਆ ਕਿ ਭਾਸ਼ਣ ਮੁਕਾਬਲੇ ਦੇ ਜੇਤੂ ਪਹਿਲੇ ਸਥਾਨ ਤੇ ਆਉਣ ਵਾਲੇ ਤਿੰਨ ਵਿਦਿਆਰਥੀਆ ਨੂੰ ਕਰਮਵਾਰ 2000/-, 1600/- ਤੇ 1200/- ਰੁਪਏ ਨਕਦ ਇਨਾਮ ਦਿੱਤੇ ਜਾਣਗੇ ਅਤੇ ਸਮੂਹ ਭਾਗ ਲੈਣ ਵਾਲੇ ਵਿਦਿਆਰਥੀਆ ਨੂੰ ਸਰਟੀਫਿਕੇਟ ਦੇਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਦੱਸਿਆ ਕਿ ਇਸ ਦਿਨ ਸੰਸਥਾ ਵਲੋਂ ਜਾਰੀ ਕੀਤਾ ਜਾਂਦਾ ਤਿਮਾਹੀ ਮੈਗਜ਼ੀਨ ਸੈਣੀ ਸੰਸਾਰ ਦਾ 58ਵਾਂ ਅੰਕ ਵੀ ਜਾਰੀ ਹੋਵੇਗਾ। ਮੀਟਿੰਗ ਵਿੱਚ ਪ੍ਰਬੰਧਕੀ ਕਮੇਟੀ ਦੇ ਵਾਇਸ ਪ੍ਰਧਾਨ ਗੁਰਮੁੱਖ ਸਿੰਘ ਸੈਣੀ, ਟਰੱਸਟੀ ਤੇ ਮੈਂਬਰ ਕੈਪਟਨ ਹਾਕਮ ਸਿੰਘ, ਡਾ. ਜਸਵੰਤ ਕੌਰ ਸੈਣੀ, ਆਰ ਐੱਸ ਸੈਣੀ, ਇੰਜ. ਹਰਜੀਤ ਸਿੰਘ ਸੈਣੀ, ਹਰਚਰਨ ਦਾਸ, ਦਲਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਜਗਦੇਵ ਸਿੰਘ, ਹਰਦੀਪ ਸਿੰਘ ਵੀ ਹਾਜ਼ਰ ਸਨ।

# ਮਾਂ-ਬਾਪ ਦੀ ਆਗਿਆ ਦਾ ਪਾਲਣ ਕਰਨਾ ਸਿਖਾਉਂਦੀ ਹੈ ਰਾਮਲੀਲ੍ਹਾ : ਸੰਧੂ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**

ਰਾਮਾ ਡਰਾਮਾਟਿਕ ਕਲੱਬ ਨੂਰਮਹਿਲ ਦੇ ਪ੍ਰਧਾਨ ਭੂਸ਼ਨ ਸ਼ਰਮਾ ਦੀ ਪ੍ਰਧਾਨਗੀ ਹੇਠ ਨੂਰਮਹਿਲ ਵਿੱਚ ਰਾਮ ਲੀਲ੍ਹਾ ਨਾਟਕਾਂ ਦਾ ਮੰਚਨ ਸਮੂਹ ਪਾਤਰਾਂ ਵੱਲੋਂ ਬਾਖੂਬੀ ਨਿਭਾਇਆ ਜਾ ਰਿਹਾ ਹੈ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ ਨੂੰ ਰਾਮ ਲੀਲ੍ਹਾ ਦੇ ਨਾਟਕਾਂ ਦੀ 7ਵੀਂ ਨਾਈਟ ਦਾ ਰਿਬਨ ਕੱਟਕੇ ਉਦਘਾਟਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸ਼ੁਭ ਅਵਸਰ ਮੌਕੇ ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਮਹਿਲਾ ਮੰਡਲ ਪ੍ਰਧਾਨ ਲਾਇਨ ਬਬਿਤਾ ਸੰਧੂ, ਲਾਇਨਜ਼ ਕਲੱਬ ਦੀ ਸੈਕਟਰੀ ਲਾਇਨ ਜਸਪ੍ਰੀਤ ਕੌਰ ਸੰਧੂ ਤੋਂ ਇਲਾਵਾ ਪ੍ਰਧਾਨ ਭੂਸ਼ਨ ਸ਼ਰਮਾ, ਕੁਲਦੀਪ ਸ਼ਰਮਾ, ਵਿਨੇ ਗਿੱਲ, ਨਰੇਸ਼ ਬਾਵਾ ਉਚੇਚੇ ਤੌਰ 'ਤੇ ਹਾਜ਼ਿਰ ਰਹੇ। ਉਦਘਾਟਨ ਕਰਨ ਉਪਰੰਤ ਪ੍ਰਧਾਨ ਦਿਨਕਰ ਸੰਧੂ ਨੇ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਲੀਲ੍ਹਾ ਪ੍ਰਮੁੱਖ ਤੌਰ ਸਾਨੂੰ ਮਾਂ ਬਾਪ ਦੀ ਆਗਿਆ ਵਿੱਚ ਰਹਿਣ ਦਾ ਅਣਮੋਲ ਗੁਣ ਸਿਖਾਉਂਦੀ ਹੈ । ਪੰਡਿਤ ਸੁਭਾਸ਼ ਸ਼ਰਮਾ ਵੱਲੋਂ ਕੀਤੀ ਗਈ ਨਵ ਗ੍ਰਹਿ ਪੂਜਾ ਵਿੱਚ ਆਰ.ਐਸ.ਐਸ ਦੇ ਸੈਕਟਰੀ ਪ੍ਰਮੋਦ ਪ੍ਰਾਂਤ ਸਮਰਸਤਾ ਪ੍ਰਮੁੱਖ ਉਚੇਚੇ ਤੌਰ 'ਤੇ ਪਹੁੰਚੇ,। ਸਮਾਜ ਸੇਵੀ ਅਵਿਨਾਸ਼ ਪਾਠਕ, ਅਨਿਲ ਸ਼ਰਮਾ, ਬਜਰੰਗ ਦਲ ਪ੍ਰਧਾਨ ਚੇਤਨ ਤਿਵਾੜੀ, ਰਾਕੇਸ਼ ਪ੍ਰਾਸ਼ਰ, ਨਰਿੰਦਰ ਪਾਲ, ਗੁਰਛਾਇਆ ਸੋਖਲ ਤੋਂ ਇਲਾਵਾ ਲਾਇਨਜ਼ ਕਲੱਬ ਦੇ ਅਫਸਰਾਂ ਨੇ ਜਯੋਤੀ ਪ੍ਰਚੰਡ ਕੀਤੀ।ਸਟੇਜ ਸੰਚਾਲਨ ਹਰਪਾਲ ਬੈਹਨ ਅਤੇ ਦੀਪੂ ਕੌਂਸਲਰ ਵੱਲੋਂ ਕੀਤਾ ਗਿਆ।ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੇ ਸਮੂਹ ਰਾਮ ਭਗਤਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਨਿੱਤ ਪਰਿਵਾਰ ਸਮੇਤ ਰਾਮ ਲੀਲ੍ਹਾ ਦੇਖਣ ਆਉਣ ।



# 2027 'ਚ ਪੰਜਾਬ 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ : ਲਾਲਜੀ ਦੇਸਾਈ

**ਬੰਗਾ (ਅਵਤਾਰ ਕਲੇਰ)**- 2027 'ਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ। ਪੰਜਾਬ ਦੇ ਲੋਕਾਂ ਨੂੰ ਲਾਰੇ ਲਾ ਕੇ ਅਤੇ ਝੂਠੇ ਵਾਅਦੇ ਕਰਕੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਕਾਂਗਰਸ ਕਮੇਟੀ ਦੇ ਆਬਜ਼ਰਬਰ ਲਾਲਜੀ ਦੇਸਾਈ ਨੇ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਦੀ ਰਿਹਾਇਸ਼ ਬੰਗਾ ਵਿਖੇ ਪੱਤਰਕਾਰਾਂ ਕੋਲ ਕੀਤਾ। ਲਾਲਜੀ ਦੇਸਾਈ ਅਤੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਸੰਗਠਨ ਸਿਰਜਣ ਅਭਿਆਨ ਤਹਿਤ ਬੰਗਾ ਵਿਖੇ ਬੰਗਾ ਅਤੇ ਔੜ ਬਲਾਕ ਦੇ ਪਾਰਟੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਲਈ ਪਹੁੰਚੇ। ਉਹਨਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਾਂਗਰਸ ਪਾਰਟੀ ਦੇ ਆਗੂਆਂ ਨੇ ਕੁਰਬਾਨੀਆਂ ਦਿੱਤੀਆਂ। ਦੇਸ਼ ਨੂੰ ਸਹੀ ਦਿਸ਼ਾ ਕਾਂਗਰਸ ਪਾਰਟੀ ਹੀ ਦੇ ਸਕਦੀ ਹੈ। ਕੇਂਦਰ ਦੀ ਭਾਜਪਾ ਸਰਕਾਰ ਆਰ ਐਸ ਐਸ ਦੇ ਇਸ਼ਾਰੇ 'ਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ। ਭਾਰਤੀ ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਜਿਸ ਨੂੰ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੰਗਠਨ ਸਿਰਜਣ ਦੇ ਸਬੰਧ 'ਚ ਉਹਨਾਂ ਕਿਹਾ ਕਿ ਪਾਰਟੀ ਦੀ ਬਲਾਕ ਅਤੇ ਜ਼ਿਲ੍ਹਾ ਪ੍ਰਧਾਨ ਦੀ ਚੋਣ ਪਾਰਟੀ ਵਰਕਰ ਹੀ ਕਰਨਗੇ। ਜਿਸ ਨੂੰ ਪਾਰਟੀ ਵਰਕਰ ਚਾਹੁਣਗੇ ਉਸ ਨੂੰ ਹੀ ਜ਼ਿਲ੍ਹੇ ਦਾ ਪ੍ਰਧਾਨ ਬਣਾਇਆ ਜਾਵੇਗਾ। ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਨੇ ਪਾਰਟੀ ਦੇ ਕੇਂਦਰੀ ਆਬਜ਼ਰਬਰ ਲਾਲਜੀ ਦੇਸਾਈ ਨੂੰ ਜੀ ਆਇਆਂ ਕਿਹਾ।ਉਹਨਾਂ ਪਾਰਟੀ ਆਗੂਆਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ, ਸਰਪੰਚਾਂ, ਪੰਚਾਂ, ਬਲਾਕ ਸੰਮਤੀ ਮੈਂਬਰਾਂ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਚੌਧਰੀ ਤਰਲੋਚਨ ਸਿੰਘ ਸੂੰਢ, ਪਾਰਟੀ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਰਜਿੰਦਰ ਸ਼ਰਮਾ ਜ਼ਿਲ੍ਹਾ ਮੀਤ ਪ੍ਰਧਾਨ, ਕੁਲਵਰਨ ਸਿੰਘ ਥਾਂਦੀਆ ਪ੍ਰਧਾਨ ਬਲਾਕ ਬੰਗਾ, ਰਾਮਦਾਸ ਸਿੰਘ ਪ੍ਰਧਾਨ ਬਲਾਕ ਔੜ, ਹਰਭਜਨ ਸਿੰਘ ਭਰੋਲੀ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਅਮਰਜੀਤ ਕਲਸੀ, ਦਰਵਜੀਤ ਸਿੰਘ ਪੂਨੀਆਂ, ਪਰਵਿੰਦਰ ਸਿੰਘ ਬਹੂਆ, ਰਾਮ ਸਿੰਘ ਕੰਗਰੌੜ,ਰਾਕੇਸ਼ ਕਰਨਾਣਾ, ਰੇਸ਼ਮ ਸਿੰਘ ਘੁੰਮਣ, ਤੀਰਥ ਸਿੰਘ ਮੇਹਲੀਆਣਾ, ਜੱਗਾ ਪਹਿਲਵਾਨ ਮੇਹਲੀਆਣਾ, ਯੋਗੇਸ਼ ਕੁਮਾਰ ਘੁੰਮਣ, ਧਰਮਪਾਲ ਘੁੰਮਣ, ਕਮਲਜੀਤ ਸਿੰਘ ਗੜ੍ਹੀ ਅਜੀਤ ਸਿੰਘ, ਸਰਵਣ ਸਿੰਘ ਪੁਰੇਵਾਲ ਗੜ੍ਹੀ ਅਜੀਤ ਸਿੰਘ, ਜੋਗਾ ਸਿੰਘ ਕੰਗਰੌੜ, ਲਖਵੀਰ ਸਿੰਘ ਬਾਲੋਂ, ਜਸਵੰਤ ਸਿੰਘ ਬਾਲੋਂ, ਸੁਖਦੇਵ ਸਿੰਘ ਚੇਤਾ, ਰੂਪ ਲਾਲ ਚੇਤਾ, ਹਰਮੇਸ਼ ਸਿੰਘ ਨਾਗਰਾ, ਬਿੰਨੀ ਨਾਗਰਾ, ਬਲਿਹਾਰ ਸਿੰਘ ਮੇਹਲੀ, ਅਮਨਦੀਪ ਸਿੰਘ ਮੇਹਲੀ, ਰਾਜਵਿੰਦਰ ਸਿੰਘ ਕੰਗਰੌੜ, ਜਸਵੀਰ ਸੰਧਵਾਂ, ਸੋਖੀ ਰਾਮ ਬੱਜੋਂ, ਇਰਵਨ ਰੱਤੂ, ਧਰਮ ਸਿੰਘ ਜੱਸੋਮਜਾਰਾ, ਸਤਨਾਮ ਸੰਧੂ ਖ਼ਾਨਖਾਨਾ, ਰਣਜੀਤ ਕੌਸ਼ਲ, ਰਾਮ ਸਿੰਘ ਭਰੋਮਜਾਰਾ, ਅਵਤਾਰ ਸਿੰਘ ਗੋਸਲ, ਧਰਮਪਾਲ ਬੰਗਾ ਤੋਂ ਇਲਾਵਾ ਭਾਰੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।



# ਪੱਲਵੀ ਰਾਏ ਨੇ ਮਿਸਿਜ਼ ਇੰਡੀਆ ਵਰਲਡ ਦੇ ਫਾਈਨਲ 'ਚ ਜਗ੍ਹਾ ਬਣਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਦੀ ਰਹਿਣ ਵਾਲੀ ਪੱਲਵੀ ਰਾਏ ਨੇ ਆਪਣੀ ਪ੍ਰਤਿਭਾ ਅਤੇ ਆਤਮਵਿਸ਼ਵਾਸ ਦੇ ਜ਼ੋਰ 'ਤੇ ਇਲੇਵਿਟਾ ਮਿਸਿਜ਼ ਇੰਡੀਆ ਵਰਲਡ ਦੇ ਗ੍ਰੈਂਡ ਫਿਨਾਲੇ ਵਿੱਚ ਜਗ੍ਹਾ ਬਣਾਈ ਹੈ। ਇਹ ਮੁਕਾਬਲਾ ਮਈ ਵਿੱਚ ਸ਼ੁਰੂ ਹੋਇਆ ਸੀ, ਜਿਸ ਤੋਂ ਬਾਅਦ ਔਨਲਾਈਨ ਆਡੀਸ਼ਨ ਹੋਏ। ਕਈ ਪੜਾਵਾਂ ਵਿੱਚੋਂ ਲੰਘਣ ਤੋਂ ਬਾਅਦ, ਪੱਲਵੀ ਰਾਏ ਨੇ ਫਾਈਨਲਿਸਟ ਵਜੋਂ ਆਪਣੀ ਜਗ੍ਹਾ ਪੱਕੀ ਕੀਤੀ। ਫਾਈਨਲ ਮੁਕਾਬਲਾ 30 ਅਕਤੂਬਰ ਨੂੰ ਹੋਵੇਗਾ। ਪੱਲਵੀ ਕਹਿੰਦੀ ਹੈ ਕਿ ਉਹ ਇਸ ਵੱਕਾਰੀ ਪਲੇਟਫਾਰਮ ਦੀ ਵਰਤੋਂ ਔਰਤਾਂ ਦੀ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕਰਨਾ ਚਾਹੁੰਦੀ ਹੈ। ਉਹ ਪੇਸ਼ੇ ਤੋਂ ਇੱਕ ਜੀਵਨ ਕੋਚ ਅਤੇ ਗਾਇਕਾ ਹੈ। ਉਹ ਲੋਕਾਂ ਨੂੰ ਸਹੀ ਮਾਨਸਿਕਤਾ ਵਿਕਸਤ ਕਰਨ ਅਤੇ 'ਬ੍ਰੇਕ-ਫ੍ਰੀ ਜ਼ਿੰਦਗੀ' ਜਿਉਣ ਦਾ ਤਰੀਕਾ ਸਿਖਾਉਂਦੀ ਹੈ। ਪੱਲਵੀ ਦਾ ਮੰਨਣਾ ਹੈ ਕਿ ਹਰ ਭਾਰਤੀ ਨੂੰ ਖੁਸ਼ਹਾਲ ਅਤੇ ਸੰਤੁਲਿਤ ਜ਼ਿੰਦਗੀ ਜਿਉਣ ਦਾ ਅਧਿਕਾਰ ਹੈ। ਉਸਦਾ ਸੁਪਨਾ ਇਸ ਯਾਤਰਾ ਰਾਹੀਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣਾ ਹੈ।



# ਸੀਟੂ ਦੀ ਅਗਵਾਈ ਹੇਠ ਪ੍ਰਵਾਸੀ ਮਜ਼ਦੂਰਾਂ ਨੇ ਅਮਨ ਮਾਰਚ ਕੱਢਿਆ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਅੰਦਰ ਪ੍ਰਵਾਸੀਆਂ ਖਿਲਾਫ ਕੁੱਝ ਵੰਡਵਾਦੀ, ਫਿਰਕੂ, ਭਾਈਚਾਰਕ ਏਕਤਾ ਨੂੰ ਤੋੜਨ ਵਾਲੇ ਤੱਤਾਂ ਵਲੋਂ ਅਰੰਭੀ ਮੁਹਿੰਮ ਵਿਰੁੱਧ ਸੀ ਆਈ ਟੀ ਯੂ (ਸੀਟੂ) ਦੀ ਅਗਵਾਈ ਹੇਠ ਬਲਾਚੌਰ ਸ਼ਹਿਰ ਵਿੱਚ ਅਮਨ ਮਾਰਚ ਕੱਢਿਆ। ਇਸ ਅਮਨ ਮਾਰਚ ਦੀ ਅਗਵਾਈ ਸੀਟੂ ਦੇ ਸੂਬਾਈ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ, ਕਿਸਾਨ ਆਗੂ ਚਰਨਜੀਤ ਸਿੰਘ ਦੌਲਤ ਪੁਰ,ਸੀਪੀਆਈ (ਐਮ )ਆਗੂ ਪ੍ਰੇਮ ਰੱਕੜ, ਕਿਸਾਨ ਆਗੂ ਜਰਨੈਲ ਸਿੰਘ ਰਾਣੇਵਾਲ ਭਗਤ ਸਿੰਘ ਕੌਲਗੜ੍ਹ, ਹੁਸਨ ਚੰਦ ਮਝੋਟ ਨੇ ਸਾਂਝੇ ਤੌਰ ਤੇ ਕੀਤੀ। ਅਮਨ ਮਾਰਚ ਸੀ ਪੀ ਆਈ (ਐਮ) ਦਫਤਰ ਚੰਡੀਗੜ੍ਹ ਰੋਡ ਤੋਂ ਅਰੰਭ ਹੋ ਕੇ ਐਸ ਡੀ ਐਮ ਕੋਰਟਸ ਤੱਕ ਗਿਆ।ਇਸ ਅਮਨ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰ ਕਿਸਾਨ ਸ਼ਾਮਲ ਸਨ। ਮਜ਼ਦੂਰ ਅਕਾਸ਼ ਗੂੰਜਾਊ ਨਾਅਰੇ ਲਾ ਰਹੇ ਸਨ, ਪ੍ਰਵਾਸੀਆਂ ਅਤੇ ਪੰਜਾਬੀਆਂ ਦੀ ਏਕਤਾ ਜ਼ਿੰਦਾਬਾਦ, ਮਜ਼ਦੂਰ ਏਕਤਾ ਜ਼ਿੰਦਾਬਾਦ, ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ, ਸੀ ਆਈ ਟੀ ਯੂ ਸੀਟੂ ਜ਼ਿੰਦਾਬਾਦ। ਮਜ਼ਦੂਰਾਂ ਨੇ ਹੱਥਾਂ ਵਿੱਚ ਸੀਟੂ ਅਤੇ ਸੀ ਪੀ ਆਈ (ਐਮ) ਦੇ ਲਾਲ ਝੰਡੇ ਫੜੇ ਹੋਏ ਸਨ।ਐਸ ਡੀ ਐਮ ਕੋਰਟਸ ਸਾਹਮਣੇ ਇੱਕਠ ਨੂੰ ਸੰਬੋਧਨ ਕਰਦਿਆਂ ਸਾਥੀ ਮਹਾਂ ਸਿੰਘ ਰੌੜੀ ਨੇ ਕਿਹਾ ਕਿ ਪੰਜਾਬ ਅੰਦਰ ਪ੍ਰਵਾਸੀਆਂ ਵਿਰੁੱਧ ਮੁਹਿੰਮ ਤਹਿਤ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਜਿਹੜੀਆਂ ਪੰਜਾਬ ਅਤੇ ਦੇਸ਼ ਲਈ ਮੰਦਭਾਗੀਆਂ ਹਨ। ਇੱਕਾ ਦੁੱਕਾ ਘਟਨਾਵਾਂ ਵਾਪਰਨ ਨਾਲ ਸਾਰੇ ਸਮਾਜ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ। ਹੁਸ਼ਿਆਰਪੁਰ ਦੀ ਘਟਨਾ ਬੜੀ ਮੰਦਭਾਗੀ ਘਟਨਾ ਹੈ। ਛੋਟੇ ਬੱਚੇ ਨੂੰ ਜਿਸ ਦਰਿੰਦਗੀ ਨਾਲ ਕਤਲ ਕੀਤਾ ਗਿਆ ਹੈ,ਉਸ ਦੁਰਿੰਦੇ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਸਾਥੀ ਰੌੜੀ ਨੇ ਕਿਹਾ ਕਿ ਪ੍ਰਵਾਸੀ ਮਜ਼ਦੂਰਾਂ ਦਾ ਪੰਜਾਬ ਦੀ ਆਰਥਿਕਤਾ ਵਿੱਚ ਬਹੁਤ ਯੋਗਦਾਨ ਹੈ। ਇਕੱਠ ਨੂੰ ਸੀਟੂ ਦੇ ਜ਼ਿਲ੍ਹਾ ਸਕੱਤਰ ਸਾਥੀ ਜਸਵੰਤ ਸਿੰਘ ਸੈਣੀ, ਕਿਸਾਨ ਆਗੂ ਚੌਧਰੀ ਸੋਮਨਾਥ, ਖੇਤ ਮਜ਼ਦੂਰ ਯੂਨੀਅਨ ਆਗੂ ਸਾਥੀ ਸੋਹਣ ਸਿੰਘ ਫ਼ੌਜੀ, ਕਿਸਾਨ ਆਗੂ ਸਾਥੀ ਹੁਸਨ ਛੰਦ ਗਫ ਮਝੋਟ, ਪ੍ਰਵਾਸੀ ਮਜ਼ਦੂਰ ਆਗੂ ਸਾਥੀ ਨਨੇ ਖਾਨ, ਸੁਰੇਸ਼, ਰਾਮੂ, ਸਰਬਨ ਦਾਸ,ਸੁਰੇਸ਼, ਮੁਹੰਮਦ ਅਕਤਰ, ਬ੍ਰਜੇਸ਼, ਰੋਹਿਤ, ਸੁਰਜੀਤ ਆਦਿ ਨੇ ਸੰਬੋਧਨ ਕੀਤਾ।ਅੰਤ ਵਿਚ ਪ੍ਰਵਾਸੀਆਂ ਦੀ ਰਾਖੀ ਲਈ ਸੀਟੂ ਨੇ ਐਸ ਡੀ ਐਮ ਬਲਾਚੌਰ ਨੂੰ ਮੰਗ ਪੱਤਰ ਦਿੱਤਾ।



# ਇਕੋਤਰੀ ਸਮਾਗਮ ਮੌਕੇ ਐੱਮ ਪੀ ਚੱਬੇਵਾਲ, ਵਿਧਾਇਕ ਰਾਜਾ ਤੇ ਹੋਰਨਾਂ ਨੇ ਭਰੀ ਹਾਜ਼ਰੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਅੰਮ੍ਰਿਤ ਰੂਪੀ ਮਾਨ ਸਰੋਵਰ ਦੇ ਨਾਂ ਨਾਲ ਜਾਣੇ ਜਾਂਦੇ ਵਿਸ਼ਵ ਪ੍ਰਸਿੱਧ ਮਹਾਨ ਸਲਾਨਾ ਇਕੋਤਰੀ ਸਮਾਗਮ ਮੌਕੇ ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਸੰਗਤ ਹਿੱਸਾ ਬਣ ਰਹੀ ਹੈ ਉਥੇ ਸੰਤ ਬਾਬਾ ਗੁਰਦਿਆਲ ਸਿੰਘ ਰੋਜ਼ਾਨਾ ਸੰਗਤਾਂ ਨੂੰ ਵਿਸ਼ਾਲ ਗੁਰਮਤ ਸਮਾਗਮ ਰਾਹੀਂ ਗੁਰਬਾਣੀ ਨਾਲ ਜੋੜ ਰਹੇ ਹਨ। ਇਸ ਮੌਕੇ ਜਿੱਥੇ ਸੰਤ ਮਹਾਂਪੁਰਸ਼ਾਂ ਦਾ ਨਿਰੰਤਰ ਆਉਣਾ ਜਾਰੀ ਹੈ ਹੈ, ਉੱਥੇ ਪੰਥਕ ਸ਼ਖਸੀਅਤਾਂ ਤੋਂ ਇਲਾਵਾ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਵੀ ਇਸ ਇਕੋਤਰੀ ਵਿੱਚ ਨਤਮਸਤਕ ਹੋ ਰਹੇ ਹਨ। ਅੱਠਵੀਂ ਲੜੀ ਮੌਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਮੈਂਬਰ ਪਾਰਲੀਮੈਂਟ ਡਾਕਟਰ ਰਾਜ ਕੁਮਾਰ ਚੱਬੇਵਾਲ, ਵਿਧਾਇਕ ਜਸਬੀਰ ਸਿੰਘ ਰਾਜਾ ਤੇ ਹੋਰ ਆਗੂਆਂ ਨੇ ਹਾਜ਼ਰੀ ਭਰੀ ਉੱਥੇ ਕੀਰਤਨ ਵੀ ਸਰਵਣ ਕੀਤਾ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਡਾਕਟਰ ਬਲਵਿੰਦਰ ਸਿੰਘ (ਅੱਖਾਂ ਦੇ ਮਾਹਰ), ਡਾਕਟਰ ਸਵਾਤੀ, ਅਕਾਲੀ ਨੇਤਾ ਪਾਰਸ ਜੰਡਿਆਲਾ ਗੁਰੂ, ਐਨ ਆਰ ਆਈ ਅਮਰਜੀਤ ਸਿੰਘ ਕਾਹਲੋਂ ਦੁਬਈ, ਹਰਪਾਲ ਸਿੰਘ ਬਡਾਲਾ, ਬਿਕਰਮਜੀਤ ਸਿੰਘ ਲਾਲੀ, ਸੁਖਵਿੰਦਰ ਸਿੰਘ ਮੂਨਕ, ਪ੍ਰੇਮ ਪਡਵਾਲ, ਦੀਪਕ ਭੀਲ, ਸੇਠ ਰਾਮ ਸੇਠੀ, ਬਿੱਟੂ ਐਮ ਸੀ, ਗੁਰਦੀਪ ਸਿੰਘ ਮੂਮ, ਕੁਲਵਿੰਦਰ ਸਿੰਘ ਕਿੰਦਾ ਤੇ ਹੋਰ ਕਈ ਹਾਜ਼ਰ ਹੋਏ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਐ ਪੀ ਡਾਕਟਰ ਰਾਜ ਕੁਮਾਰ ਚੱਬੇਵਾਲ, ਵਿਧਾਇਕ ਰਾਜਾ ਤੋਂ ਇਲਾਵਾ ਹੋਰ ਆਗੂਆਂ ਨੂੰ ਸਿਰੋਪਾਓ ਭੇਟ ਕੀਤੇ।

# ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ 118ਵਾਂ ਜਨਮ ਦਿਨ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਨਕੋਦਰ ਵੱਲੋਂ ਸ਼ਹੀਦ ਭਗਤ ਸਿੰਘ ਚੌਂਕ ਨਕੋਦਰ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ 118ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਕਲੱਬ ਵੱਲੋਂ ਸ਼ਹੀਦ ਭਗਤ ਸਿੰਘ ਦੀ ਪ੍ਰਤੀਮਾ 'ਤੇ ਸਿਰੋਪਾਓ ਪਹਿਨਾ ਕੇ ਫੁੱਲਾਂ ਦੇ ਹਾਰ ਪਾਏ ਅਤੇ ਲੱਡੂ ਵੰਡੇ ਗਏ। ਇਸ ਮੌਕੇ ਕਲੱਬ ਦੇ ਪੰਜਾਬ ਪ੍ਰਧਾਨ ਐਡਵੋਕੇਟ ਗੌਰਵ ਨਾਗਰਾਜ ਨੇ ਆਏ ਹੋਏ ਸਾਰੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਅਸੂਲਾਂ ਅਤੇ ਓਹਨਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਆ। ਐਡਵੋਕੇਟ ਨਾਗਰਾਜ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਪ੍ਰੇਰਿਤ ਕਰ ਕੇ ਹੀ ਸਮਾਜਿਕ ਬੁਰਾਈਆਂ ਤੋਂ ਦੂਰ ਕੀਤਾ ਜਾ ਸਕਦਾ ਹੈ। ਇਹੋ ਹੀ ਸ਼ਹੀਦ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਸਤਿੰਦਰ ਮੱਟੂ (ਉਪ ਪ੍ਰਧਾਨ), ਹੈਪੀ ਖਾਲਸਾ, ਲਵ ਚੰਦੀ, ਹਰਮੀਤ ਸਿੰਘ, ਮਨਵੀਰ ਸਿੰਘ, ਰਾਜੇਸ਼ ਟੱਕਰ, ਹਰਮਨ ਨਿੱਜਰ, ਦਵਿੰਦਰ ਸਹਿਮ, ਹਰਮਨ ਭਾਟੀਆ, ਰਾਜੇਸ਼ ਚਾਵਲਾ, ਬਲਵੀਰ ਸਿੰਘ ਸਬ-ਇੰਸਪੈਕਟਰ ਤੋਂ ਇਲਾਵਾ ਹੋਰ ਵੀ ਪੁਲਸ ਮੁਲਾਜ਼ਮਾਂ ਤੇ ਬਹੁਤ ਸਾਰੇ ਨੌਜਵਾਨਾਂ ਨੇ ਇਕੱਠੇ ਹੋ ਕੇ ਭਗਤ ਸਿੰਘ ਦਾ ਜਨਮ ਦਿਨ ਮਨਾਇਆ। ਸਾਰਿਆਂ ਨੇ ਸ਼ਹੀਦ ਭਗਤ ਸਿੰਘ ਦੇ ਫੁੱਲਾਂ ਦੇ ਹਾਰ ਪਾਏ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ।



# ਐੱਸ ਡੀ ਕਾਲਜ ਫਾਰ ਵੂਮੈਨ 'ਚ ਹਿੰਦੀ ਦਿਵਸ ਮਨਾਇਆ



**ਸੁਲਤਾਨਪੁਰ ਲੋਧੀ (ਹਨੀ)**- ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਹਿੰਦੀ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਨੇ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਜਿਨ੍ਹਾਂ ਦਾ ਮੈਡਮ ਰਜਨੀ ਬਾਲਾ ਤੇ ਸਟਾਫ਼ ਮੈਂਬਰਾਂ ਨੇ ਨਿੱਘਾ ਸਵਾਗਤ ਕੀਤਾ। ਮਨਦੀਪ ਕੌਰ ਨੇ ਹਿੰਦੀ ਭਾਸ਼ਾ ਦੇ ਵਿਕਸਤ ਰੂਪ ਬਾਰੇ ਦੱਸਿਆ ਅਤੇ ਇਸਦੇ ਆਧੁਨਿਕ ਰੂਪ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ, ਆਜ਼ਾਦੀ ਦੌਰਾਨ ਅਤੇ ਆਜ਼ਾਦੀ ਤੋਂ ਬਾਅਦ ਭਾਰਤ ਦੇ ਵਿਕਾਸ ਵਿੱਚ ਹਿੰਦੀ ਭਾਸ਼ਾ ਦਾ ਯੋਗਦਾਨ ਸਭ ਤੋਂ ਵੱਧ ਹੈ। ਬੀ ਏ ਭਾਗ ਤੀਜਾ ਦੀ ਵਿਦਿਆਰਥਣ ਪਾਇਲ ਤੇ ਨੇਹਾ, ਬੀ ਏ ਭਾਗ ਦੂਜਾ ਦੀ ਸੰਦੀਪ ਕੌਰ ਅਤੇ ਬੀ ਏ ਭਾਗ ਪਹਿਲਾ ਦੀ ਪਵਿੱਤਰਪਾਲ ਕੌਰ ਨੇ ਵੀ ਰਾਸ਼ਟਰੀ ਭਾਸ਼ਾ ਦੇ ਮਹੱਤਵ, ਯੋਗਦਾਨ ਅਤੇ ਵਿਕਸਤ ਰੂਪ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰਿੰਸੀਪਲ ਡਾ. ਸ਼ੁਕਲਾ ਨੇ ਰਾਸ਼ਟਰੀ ਭਾਸ਼ਾ ਨੂੰ ਭਾਵਨਾਤਮਕ ਦੱਸਿਆ ਅਤੇ ਇਸ ਨੂੰ ਦਿਲ ਤੇ ਆਤਮਾ ਦੀ ਭਾਸ਼ਾ ਕਿਹਾ ਅਤੇ ਸਾਰੀਆਂ ਵਿਦਿਆਰਥਣਾਂ ਨੂੰ ਹਿੰਦੀ ਭਾਸ਼ਾ ਪੜ੍ਹਨ ਤੇ ਬੋਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥਣਾਂ ਹਾਜਰ ਸਨ।

# ਭਾਰਤੀ ਕਿਸਾਨ ਯੂਨੀਅਨ ਦੋਆਬਾ ਬਲਾਕ ਦੇ ਅਹੁਦੇਦਾਰਾਂ ਦੀ ਬਿਜਲੀ ਸਮੱਸਿਆ ਨੂੰ ਲੈ ਕੇ ਡਿਪਟੀ ਚੀਫ ਨਾਲ ਮੀਟਿੰਗ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਭਾਰਤੀ ਕਿਸਾਨ ਯੂਨੀਅਨ ਦੋਆਬਾ ਬਲਾਕ ਨੂਰਮਹਿਲ ਦੇ ਅਹੁਦੇਦਾਰਾਂ ਦੀ ਬਿਜਲੀ ਦੀ ਸਮੱਸਿਆ ਸਬੰਧੀ ਜਲੰਧਰ ਡਿਪਟੀ ਚੀਫ ਨਾਲ ਮੀਟਿੰਗ ਹੋਈ, ਜਿਸ ਵਿੱਚ 15 ਅਕਤੂਬਰ ਤੱਕ ਨਿਰੰਤਰ ਮੋਟਰਾਂ ਨੂੰ 8 ਘੰਟੇ ਬਿਜਲੀ ਦਿੱਤੀ ਜਾਏ। ਇਸ ਤੋਂ ਇਲਾਵਾ ਸਟਾਫ ਦੀ ਭਰਤੀ ਕੀਤੀ ਜਾਵੇ। ਰਾਮੇਵਾਲ ਫੀਡਰ, ਨੂਰਮਹਿਲ ਤੇ ਤਲਵਣ ਦੀਆਂ ਲਾਇਨਾਂ ਦੀਆਂ ਤਾਰਾਂ ਢਿੱਲੀਆਂ ਹਨ, ਦੀ ਕਸਾਈ ਕੀਤੀ ਜਾਵੇ, ਤਲਵਣ ਦਾ 66 ਕੇ ਵੀ ਫੀਡਰ ਨੂੰ ਵੱਡਾ ਕੀਤਾ ਜੋ ਕਿ ਓਵਰਲੋਡ ਚਲਦਾ ਹੈ। ਡਿਪਟੀ ਚੀਫ ਨੇ ਭਰੋਸਾ ਦਿਵਾਇਆ ਤੇ ਛੇਤੀ ਤੋਂ ਛੇਤੀ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਵਿਚ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਸੀਨੀਅਰ ਮੀਤ ਪ੍ਰਧਾਨ ਰਛਪਾਲ ਸਿੰਘ ਸ਼ਾਦੀਪੁਰ, ਪ੍ਰਦੀਪ ਸਿੰਘ ਤੱਖਰ ਸਕੱਤਰ, ਗੁਰਦਿਆਲ ਸਿੰਘ ਹੁੰਦਲ ਪ੍ਰੈਸ ਸਕੱਤਰ, ਇੰਦਰਜੀਤ ਸਿੰਘ ਤਲਵਣ ਖਜ਼ਾਨਚੀ, ਕੁਲਵੀਰ ਸਿੰਘ ਤੱਖਰ ਹਾਜ਼ਰ ਸਨ।



# ਇੰਨੋਸੈਂਟ ਹਾਰਟਸ ਵੱਲੋਂ ਮਹਾਤਮਾ ਗਾਂਧੀ ਤੇ ਸ਼ਾਸਤਰੀ ਨੂੰ ਸ਼ਰਧਾਂਜਲੀ ਅਰਪਿਤ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਦੀਆਂ ਪੰਜਾਂ ਬ੍ਰਾਂਚਾਂ- ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ, ਨੂਰਪੁਰ ਅਤੇ ਕਪੂਰਥਲਾ ਰੋਡ - ਦੇ ਨਾਲ-ਨਾਲ ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਅਤੇ ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਕੈਂਪਸਾਂ 'ਚ ਮਹਾਤਮਾ ਗਾਂਧੀ ਅਤੇ ਲਾਲ ਬਹਾਦੁਰ ਸ਼ਾਸਤਰੀ ਦਾ ਜਨਮ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੀ-ਨਰਸਰੀ ਤੋਂ ਲੈ ਕੇ ਕਾਲਜ ਦੇ ਵਿਦਿਆਰਥੀਆਂ ਨੇ ਇਸ ਖਾਸ ਪ੍ਰੋਗਰਾਮ 'ਚ ਹਿੱਸਾ ਲਿਆ। ਨੰਨ੍ਹੇ-ਮੁੰਨੇ ਬੱਚਿਆਂ ਨੇ ਗਾਂਧੀ ਜੀ ਅਤੇ ਸ਼ਾਸਤਰੀ ਦਾ ਰੂਪ ਧਾਰ ਕੇ ਸਭ ਨੂੰ ਮਨਮੋਹਕ ਪ੍ਰਸਤੁਤੀ ਨਾਲ ਪ੍ਰਭਾਵਿਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਦੋਹਾਂ ਮਹਾਨ ਨੇਤਾਵਾਂ ਦੀਆਂ ਤਸਵੀਰਾਂ 'ਤੇ ਮਾਲਾ ਚੜ੍ਹਾ ਕੇ ਕੀਤੀ ਗਈ। ਇਸ ਤੋਂ ਬਾਅਦ ਨੰਨ੍ਹੇ ਬੱਚਿਆਂ ਨੇ ਡਾਂਡੀ ਮਾਰਚ ਕਰਦੇ ਹੋਏ ਸੱਚ, ਸ਼ਾਂਤੀ ਅਤੇ ਅਹਿੰਸਾ ਦਾ ਸੰਦੇਸ਼ ਫੈਲਾਇਆ।ਸੀ.ਬੀ.ਐਸ.ਈ. ਦੇ ਸਵੱਛਤਾ ਪਖਵਾੜਾ ਦੇ ਹਿੱਸੇ ਵਜੋਂ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ 'ਚ ਹਿੱਸਾ ਲਿਆ, ਜਿਹੜੀਆਂ ਤਿੰਨ ਪੱਖਾਂ 'ਤੇ ਕੇਂਦ੍ਰਿਤ ਸਨ - ਸਾਫ਼ ਮਨ, ਸਿਹਤਮੰਦ ਸਰੀਰ ਅਤੇ ਸਿਹਤਮੰਦ ਵਾਤਾਵਰਣ। ਈਕੋ ਕਲੱਬ ਦੇ ਵਿਦਿਆਰਥੀਆਂ ਨੇ ਨੇੜਲੇ ਬਾਗ਼ ਅਤੇ ਆਪਣੇ-ਆਪਣੇ ਕਲਾਸਰੂਮ ਸਾਫ਼ ਕੀਤੇ। ਅੰਬੈਸਡਰਾਂ ਨੇ ਰੰਗ-ਬਿਰੰਗੀਆਂ ਡਸਟਬਿਨਾਂ 'ਚ ਕੂੜੇ ਦੀ ਛਟਾਈ ਬਾਰੇ ਜਾਗਰੂਕਤਾ ਫੈਲਾਈ।ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੀ ਐਨ.ਐੱਸ.ਐੱਸ. ਯੂਨਿਟ ਨੇ ਗਾਂਧੀ ਜਯੰਤੀ ਨੂੰ ਗਾਂਧੀਵਾਦੀ ਮੁੱਲਾਂ ਨੂੰ ਉਤਸ਼ਾਹਿਤ ਕਰਕੇ ਮਨਾਇਆ।




# ਸੰਜੀਵ ਅਰੋੜਾ ਨੇ ਰੋਟਰੀ ਆਈ ਬੈਂਕ ਸੋਸਾਇਟੀ ਦੇ ਚੇਅਰਮੈਨ ਦੀ ਸੰਭਾਲੀ ਕਮਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਆਈ ਬੈਂਕ ਅਤੇ ਕਾਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਜੇ. ਬੀ. ਬਹਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਅਗਲੇ 2 ਸਾਲਾਂ ਲਈ ਚੇਅਰਮੈਨ ਪਦ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਬਾਅਦ ਪ੍ਰਧਾਨ ਜੇ. ਬੀ. ਬਹਲ ਨੇ ਪ੍ਰਮੁੱਖ ਸਮਾਜ ਸੇਵੀ ਅਤੇ ਸਾਬਕਾ ਪ੍ਰਧਾਨ ਸੰਜੀਵ ਅਰੋੜਾ ਦੇ ਨਾਂਅ ਦਾ ਸੁਝਾਅ ਦਿੱਤਾ। ਸਾਰੇ ਮੈਂਬਰਾਂ ਨੇ ਸਹਿਮਤੀ ਜਤਾਉਂਦੇ ਹੋਏ ਉਨ੍ਹਾਂ ਨੂੰ ਅਗਲੇ 2 ਸਾਲਾਂ ਲਈ ਚੇਅਰਮੈਨ ਚੁਣ ਲਿਆ ਗਿਆ। ਇਸ ਮੌਕੇ ਪ੍ਰਧਾਨ ਜੇ. ਬੀ. ਬਹਿਲ ਅਤੇ ਸਕੱਤਰ ਪ੍ਰੋ. ਦਲਜੀਤ ਸਿੰਘ ਨੇ ਕਿਹਾ ਕਿ ਸੰਜੀਵ ਅਰੋੜਾ ਦੇ ਤਜਰਬੇ ਤੋਂ ਸੋਸਾਇਟੀ ਨੂੰ ਹੋਰ ਵੱਧ ਲਾਭ ਹੋਵੇਗਾ ਅਤੇ ਨੇਤਰਦਾਨ ਮੁਹਿੰਮ ਵਿੱਚ ਤੇਜ਼ੀ ਆਵੇਗੀ। ਚੇਅਰਮੈਨ ਬਣਨ ਤੋਂ ਬਾਅਦ ਸੰਜੀਵ ਅਰੋੜਾ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਉਨ੍ਹਾਂ ਨੇ ਸੋਸਾਇਟੀ ਦੇ ਮੈਂਬਰਾਂ ਨੂੰ ਵੀ ਅਪੀਲ ਕੀਤੀ ਕਿ ਹਰ ਮੈਂਬਰ ਆਪਣੇ ਰਿਸ਼ਤੇਦਾਰਾਂ, ਜਾਣ-ਪਛਾਣ ਵਾਲਿਆਂ ਅਤੇ ਗੁਆਂਢੀਆਂ ਨੂੰ ਨੇਤਰਦਾਨ ਬਾਰੇ ਜਾਣਕਾਰੀ ਪ੍ਰਦਾਨ ਕਰਨ। ਇਸ ਦੇ ਨਾਲ ਤੁਹਾਡੇ ਆਸ ਪਾਸ ਅਗਰ ਕਿਸੇ ਵਿਅਕਤੀ ਦੀ ਮੌਤ ਹੁੰਦੀ ਹੈ ਤਾਂ ਪਰਵਾਰ ਨੂੰ ਨੇਤਰਦਾਨ ਲਈ ਪ੍ਰੇਰਿਤ ਕੀਤਾ ਜਾਵੇ ਕਿਓਂ ਜੋ ਅੰਨ੍ਹੇਪਣ ਨਾਲ ਪੀੜਤ ਲੋਕਾਂ ਨੂੰ ਰੌਸ਼ਨੀ ਮਿਲ ਸਕੇ।ਇਸ ਮੌਕੇ ਏ.ਐਸ. ਕੰਗ, ਸੁਰਿੰਦਰ ਦੀਵਾਨ, ਭਵਦੀਪ ਬਾਲੀ, ਪ੍ਰੋ. ਦਲਜੀਤ ਸਿੰਘ, ਅਵਿਨਾਸ਼ ਸੂਦ, ਵਿਜੇ ਅਰੋੜਾ, ਸੰਜੇ ਸੂਦ, ਅਸ਼ਵਨੀ ਦੱਤਾ, ਵੀਨਾ ਚੋਪੜਾ, ਅਨੀਲਾ ਚੱਡਾ, ਕ੍ਰਿਸ਼ਨ ਕਿਸ਼ੋਰ, ਪ੍ਰਿੰ. ਡੀ. ਕੇ. ਸ਼ਰਮਾ, ਦਵਿੰਦਰ ਅਰੋੜਾ, ਦੀਪਕ ਮਹਿੰਦੀਰੱਤਾ ਆਦਿ ਮੌਜੂਦ ਸਨ।

# ਸਮਾਜਿਕ ਬੁਰਾਈਆਂ ਤਿਆਗ ਕਰਨ ਲਈ ਰਾਮਲੀਲ੍ਹਾ ਦਾ ਆਯੋਜਨ ਕੀਤਾ ਜਾਂਦਾ : ਸੋਨੂੰ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਮਰਿਆਦਾ ਪੁਰਸ਼ੋਤਮ ਪ੍ਰਭੂ ਸ੍ਰੀ ਰਾਮ ਦੀ ਜੀਵਨੀ ਤੇ ਅਧਾਰਿਤ ਕੀਤੀਆਂ ਜਾ ਰਹੀਆਂ ਰਾਮਲੀਲਾਵਾਂ ਇੱਕ ਨਾਟਕ ਹੀ ਨਹੀਂ ਬਲਕਿ ਇੱਕ ਅਜਿਹੀ ਸੱਚਾਈ ਹੈ ਜਿਸ ਉੱਤੇ ਹਰ ਇਨਸਾਨ ਨੂੰ ਚੱਲਣ ਦੇ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਇਨ੍ਹਾਂ ਰਾਮਲੀਲਾਵਾਂ ਰਾਹੀਂ ਆਪਣੇ ਅੰਦਰੋਂ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਕੇ ਪ੍ਰਭੂ ਸ੍ਰੀ ਰਾਮ ਜੀ ਦੇ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਜਾ ਰਹੀ ਹੈ ਤਾਂ ਜੋ ਅਹੰਕਾਰ ਨੂੰ ਖਤਮ ਕਰਕੇ ਪ੍ਰਭੂ ਭਗਤੀ ਨਾਲ ਜੁੜਿਆ ਜਾ ਸਕੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਰਾਮਾ ਡਰਾਮਾਟਿਕ ਕਲੱਬ ਉੜਮੁੜ ਵੱਲੋਂ ਅੰਗਦ-ਰਾਵਣ ਸੰਵਾਦ ਨਾਈਟ ਸਬੰਧੀ ਕਰਵਾਈ ਗਈ ਰਾਮਲੀਲਾ ਮੰਚਨ ਦਾ ਉਦਘਾਟਨ ਕਰਕੇ ਹਾਜ਼ਰ ਸ਼ਰਧਾਲੂਆਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਸੀਨੀਅਰ ਆਪ ਨੇਤਾ ਤੇ ਉੱਘੇ ਸਮਾਜ ਸੇਵੀ ਸੋਨੂੰ ਖੰਨਾ ਨੇ ਕੀਤਾ। ਇਸ ਮੌਕੇ ਤੇ ਉਨ੍ਹਾਂ ਨਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ, ਜਸਵਿੰਦਰ ਜੱਸੀ, ਵਿਵੇਕ ਵਿਜਨ, ਰਾਜੂ ਖੋਸਲਾ ਹਾਜ਼ਰ ਸਨ। ਇਸ ਮੌਕੇ ਤੇ ਕਲੱਬ ਪ੍ਰਧਾਨ ਵਿਕਾਸ ਮਦਾਨ, ਨਵਦੀਪ ਸ਼ਤਰੂ, ਪੰਕਜ ਸੱਚਦੇਵਾ, ਬ੍ਰਹਮ ਸੈਣੀ, ਲਲਿਤ ਕੁਮਾਰ, ਮੋਨੂੰ ਪੁਰੀ, ਵਿਜੇ ਕਸ਼ਯਪ, ਮਾਸਟਰ ਸੋਨੂੰ, ਮਨੂੰ ਅਤੇ ਸਮੂਹ ਕਲੱਬ ਮੈਂਬਰਾਂ ਵੱਲੋਂ ਮੁੱਖ ਮਹਿਮਾਨਾਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ ਗਿਆ।




# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ ਅੱਜ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਸ਼ੁਭ ਦਿਹਾੜਾ 2 ਅਕਤੂਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦਸਿਆ ਕਿ ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਇੰਨਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉਚ ਕੋਟੀ ਦੇ ਪੰਥ ਪਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ। ਸਾਰਾ ਦਿਨ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ।

# ਸੈਣੀ ਯੂਥ ਫੈਡਰੇਸ਼ਨ ਨੇ ਅਮਰਜੋਤ ਸਿੰਘ ਸੈਣੀ ਦੀ ਨਿਯੁਕਤੀ ਲਈ ਕੀਤਾ ਧੰਨਵਾਦ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੈਣੀ ਯੂਥ ਫੈਡਰੇਸ਼ਨ ਦੇ ਨੈਸ਼ਨਲ ਪ੍ਰਧਾਨ ਨਰਿੰਦਰ ਸਿੰਘ ਲਾਲੀ ਨੇ ਐਡਵੋਕੇਟ ਅਮਰਜੋਤ ਸਿੰਘ ਸੈਣੀ ਨੂੰ ਹੁਸ਼ਿਆਰਪੁਰ ਦੇ ਹਲਕਾ ਸੰਗਠਨ ਇੰਚਾਰਜ ਨਿਯੁਕਤ ਕਰਨ ਲਈ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਸਮੂਹ ਸੂਬਾਈ ਲੀਡਰਸ਼ਿਪ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਰਜੋਤ ਸੈਣੀ ਇਕ ਨੌਜਵਾਨ, ਊਰਜਾਵਾਨ ਅਤੇ ਪ੍ਰਤੀਬੱਧ ਵਰਕਰ ਹੈ, ਜਿਸ ਕੋਲ ਸੰਗਠਨ ਦੀ ਡੂੰਘੀ ਸਮਝ ਅਤੇ ਕਾਰਜਸ਼ੈਲੀ ਹੈ। ਉਨ੍ਹਾਂ ਦਾ ਤਜ਼ਰਬਾ ਅਤੇ ਸਮਰਪਣ ਪਾਰਟੀ ਨੂੰ ਮਜਬੂਤ ਕਰੇਗਾ। ਨਰਿੰਦਰ ਸਿੰਘ ਲਾਲੀ ਨੇ ਸਮੁੱਚੀ ਪਾਰਟੀ ਦਾ ਵੀ ਧੰਨਵਾਦ ਕੀਤਾ ਜਿਸ ਨੇ ਇਕ ਹੋਣਹਾਰ ਅਤੇ ਜੁਝਾਰੂ ਵਰਕਰ ਨੂੰ ਜ਼ਿੰਮੇਵਾਰੀ ਦੇ ਕੇ ਸੈਣੀ ਸਮਾਜ ਦਾ ਮਾਣ ਵਧਾਇਆ ਹੈ। ਇਸ ਸਮੇਂ ਉਨ੍ਹਾਂ ਦੇ ਨਾਲ ਜਸਪ੍ਰੀਤ ਸਿੰਘ ਸੈਣੀ , ਬੱਬੂ ਦੇਵੀਦਾਸ, ਹਰਨਾਮ ਹੁਸ਼ਿਆਰਪੁਰ, ਰਾਜਬੀਰ ਹੁਸ਼ਿਆਰਪੁਰ, ਪਿੰਦਰ ਦੇਵੀਦਾਸ ਤੇ ਵਿੱਕੀ ਪਟਿਆਲਾ ਵੀ ਹਾਜ਼ਰ ਸਨ।



# ਸ੍ਰੀ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਹੀਦੀ ਸਮਾਗਮਾਂ ਦੀਆਂ ਤਿਆਰੀਆਂ ਸ਼ੁਰੂ : ਡਿਪਟੀ ਕਮਿਸ਼ਨਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿੱਚ 23 ਨਵੰਬਰ ਤੋਂ 25 ਨਵੰਬਰ ਤੱਕ ਮਨਾਏ ਜਾਣਗੇ। ਪ੍ਰਸ਼ਾਸਨ ਵੱਲੋਂ ਇਸ ਲਈ ਵਿਆਪਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ ਨੇ ਸ਼ਹੀਦੀ ਸਮਾਗਮਾਂ ਲਈ ਚੱਲ ਰਹੀਆਂ ਤਿਆਰੀਆਂ ਬਾਰੇ ਅਧਿਕਾਰੀਆਂ ਨੂੰ ਹਦਾਇਤਾ ਜਾਰੀ ਕਰਨ ਮੌਕੇ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੇ ਅਧਿਕਾਰੀ ਆਪਣੀ ਡਿਊਟੀ ਸੇਵਾ ਦੀ ਭਾਵਨਾ ਨਾਲ ਨਿਭਾਉਣ ਅਤੇ ਸੰਗਤਾਂ ਦੀ ਸਹੂਲਤ ਨੂੰ ਪ੍ਰਮੁੱਖਤਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਬਹੁਤ ਭਾਗਾ ਵਾਲੇ ਹਾਂ ਕਿ ਜਿਨ੍ਹਾਂ ਨੂੰ ਇਹ ਸ਼ਤਾਬਦੀਆਂ ਮਨਾਉਣ ਲਈ ਸੇਵਾ ਦਾ ਮੌਕਾ ਮਿਲਿਆ ਹੈ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਸਮਾਰੋਹ ਲਈ ਸਿਵਲ ਤੇ ਪੁਲਸ ਕੰਟਰੋਲ ਰੂਮ ਸਥਾਪਿਤ ਕਰਨ, ਟ੍ਰੈਫ਼ਿਕ ਪ੍ਰਬੰਧ, ਪਾਰਕਿੰਗ ਦੀ ਸੁਵਿਧਾ, ਟੈਂਟ ਸਿਟੀ ਦੀ ਤਿਆਰੀ, ਸਫਾਈ-ਸੈਨੀਟੇਸ਼ਨ, ਬਿਜਲੀ ਤੇ ਰੌਸ਼ਨੀ ਦੇ ਪੱਕੇ ਪ੍ਰਬੰਧ ਕਰਨ 'ਤੇ ਖਾਸ ਧਿਆਨ ਦੇਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਸ਼ਰਾਬ ਦੇ ਠੇਕੇ ਸਮੇਂ-ਸਿਰ ਬੰਦ ਰੱਖਣ, ਦੁਕਾਨਾਂ ਅਤੇ ਮੈਡੀਕਲ ਸਟੋਰਾਂ ਦੀ ਚੈਕਿੰਗ, ਖਾਣ-ਪੀਣ ਦੀਆਂ ਵਸਤਾਂ ਦੀ ਉਪਲੱਬਧਤਾ, ਸਫ਼ਾਈ ਪ੍ਰਬੰਧ, ਐਂਬੂਲੈਂਸਾਂ ਦੀ ਤਾਇਨਾਤੀ, ਫਸਟ-ਏਡ ਪੋਸਟਾਂ, ਫਾਇਰ ਬ੍ਰਿਗੇਡ, ਟੈਲੀਫੋਨ ਅਤੇ ਐਡੀਸ਼ਨਲ ਟਾਵਰ ਲਗਾਉਣ ਵਰਗੇ ਅਹਿਮ ਪ੍ਰਬੰਧ ਵੀ ਸੁਨਿਸਚਿਤ ਕਰਨ ਦੀ ਹਦਾਇਤ ਜਾਰੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਸਮਾਰੋਹ ਦੌਰਾਨ ਅਮਨ-ਕਾਨੂੰਨ ਬਹਾਲ ਰੱਖਣ ਲਈ ਪੁਲਸ ਫੋਰਸ, ਡਿਊਟੀ ਮੈਜਿਸਟਰੇਟ ਅਤੇ ਵੱਖ-ਵੱਖ ਸੈਕਟਰ ਅਧਿਕਾਰੀ ਤਾਇਨਾਤ ਕੀਤੇ ਜਾਣਗੇ। ਸਮਾਗਮ ਮੌਕੇ ਸੰਗਤਾਂ ਦੀ ਸਹੂਲਤ ਲਈ ਟ੍ਰਾਂਸਪੋਰਟ ਸਹੂਲਤਾਂ ਵਧਾਉਣ ਅਤੇ ਸੁਚਾਰੂ ਆਯੋਜਨ ਲਈ ਸਾਰੇ ਸਬੰਧਤ ਅਧਿਕਾਰੀਆਂ ਨੂੰ ਯੋਜਨਾ ਅਨੁਸਾਰ ਤੁਰੰਤ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।ਇਸ ਮੌਕੇ ਪੂਜਾ ਸਿਆਲ ਵਧੀਕ ਡਿਪਟੀ ਕਮਿਸ਼ਨਰ (ਜ), ਗੁਰਵਿੰਦਰ ਸਿੰਘ ਜੌਹਲ ਆਰ.ਟੀ.ਓ, ਅਰਵਿੰਦਰਪਾਲ ਸੋਮਲ ਸਹਾਇਕ ਕਮਿਸ਼ਨਰ, ਅਰਵਿੰਦਰ ਮੀਨਾ ਐਸ.ਪੀ, ਜਸਪ੍ਰੀਤ ਸਿੰਘ ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ, ਜਸਜੀਤ ਸਿੰਘ ਮੁੱਖ ਮੰਤਰੀ ਫੀਲਡ ਅਫਸਰ, ਅਜੇ ਸਿੰਘ ਡੀ.ਐਸ.ਪੀ, ਜਗਜੀਵਨ ਸਿੰਘ ਜਿਲ੍ਹਾ ਖੇਡ ਅਫਸਰ, ਬਲਜਿੰਦਰ ਸਿੰਘ ਗਰੇਵਾਲ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਾਦਲਦੀਨ ਜਿਲ੍ਹਾਂ ਮਾਲ ਅਫਸਰ, ਹਰਜਿੰਦਰ ਸਿੰਘ ਜਿਲ੍ਹਾ ਵਣ ਅਫਸਰ, ਮਾਨਮਹਿੰਦਰ ਸਿੰਘ ਜਿਲ੍ਹਾ ਉਦਯੋਗ ਅਫਸਰ, ਇਸ਼ਾਨ ਚੌਧਰੀ ਬੀ ਡੀ ਪੀ ਓ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਅਸ਼ੋਕ ਕਟਾਰੀਆ ਨੇ ਕਬੱਡੀ ਕੱਪ 'ਚ ਕੀਤੀ ਸ਼ਿਰਕਤ



**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਨਵਾਂ ਪਿੰਡ ਟੱਪਰੀਆਂ ਵਿਖੇ ਕਰਵਾਏ ਗਏ ਕਬੱਡੀ ਕੱਪ ਵਿੱਚ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੈਦਾਨ ਵਿੱਚ ਨੌਜਵਾਨ ਖਿਡਾਰੀਆਂ ਦੇ ਜਜ਼ਬੇ ਅਤੇ ਖੇਡ ਪ੍ਰਤੀ ਸਮਰਪਣ ਨੂੰ ਦੇਖ ਕੇ ਮਨ ਪ੍ਰਸੰਨ ਹੋਇਆ। ਅਸ਼ੋਕ ਕਟਾਰੀਆ ਨੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਖੇਡਾਂ ਸਾਨੂੰ ਤੰਦਰੁਸਤ ਰੱਖਣ ਦੇ ਨਾਲ ਨਾਲ ਇਕਤਾ ਅਤੇ ਭਰਾਵਾਂਪਨ ਦਾ ਸੁਨੇਹਾ ਵੀ ਦਿੰਦੀਆਂ ਹਨ। ਸਮਾਜਕ ਤੇ ਖੇਡਕਾਰੀ ਗਤੀਵਿਧੀਆਂ ਵਿੱਚ ਨੌਜਵਾਨਾਂ ਦੀ ਸਰਗਰਮ ਹਿੱਸੇਦਾਰੀ ਹੀ ਭਵਿੱਖ ਨੂੰ ਮਜਬੂਤ ਬਣਾਉਂਦੀ ਹੈ।ਉਨ੍ਹਾਂ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਪਿਛਲੇ 210 ਦਿਨਾਂ ਤੋਂ ਪੰਜਾਬ ਸਰਕਾਰ ਦੁਆਰਾ ਮਿਸ਼ਨ 'ਯੁੱਧ ਨਸ਼ਿਆਂ ਵਿਰੁੱਧ' ਹੇਠ ਰਾਜ ਭਰ ਵਿੱਚ ਲਗਾਤਾਰ ਛਾਪੇਮਾਰੀ, ਤਲਾਸ਼ੀ ਮੁਹਿੰਮਾਂ ਅਤੇ ਜਾਗਰੂਕਤਾ ਮੁਹਿੰਮਾਂ ਚਲਾ ਰਹੀ ਹੈ। ਇਸ ਮਿਸ਼ਨ ਦਾ ਮਕਸਦ ਨਸ਼ਾ ਤਸਕਰੀ ਨੈੱਟਵਰਕਾਂ ਨੂੰ ਤੋੜਨਾ, ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਨੌਜਵਾਨਾਂ ਨੂੰ ਨਸ਼ਾ-ਮੁਕਤ ਜੀਵਨ ਵੱਲ ਪ੍ਰੇਰਿਤ ਕਰਨਾ ਹੈ ਤੇ ਖੇਡਾਂ ਨਾਲ ਜੋੜਨਾ ਹੈ ਤੇ ਨਾਲ ਹੀ ਉਨ੍ਹਾਂ ਕਿਹਾ ਕਿ ਆਓ ਮਿਲ ਕੇ ਇਕ ਸੁਰੱਖਿਅਤ, ਨਸ਼ਾ-ਮੁਕਤ ਪੰਜਾਬ ਬਣਾਈਏ ਤੇ ਆਪਣੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰੀਏ।ਇਸ ਮੌਕੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਸਭ ਨੂੰ ਸਨਮਾਨਿਤ ਕੀਤਾ ਤੇ ਉਹਨਾਂ ਨਾਲ ਪ੍ਰਧਾਨ ਲਾਡੀ ਰਾਣਾ, ਅਮਿਤ ਚੰਦਨ, ਵਿਸ਼ੂ ਰਾਣਾ, ਹਨੀ ਯੋਗੇਵਾਲ, ਸੁਨੀਲ ਭੂਬਲਾ ਵੀ ਆਦਿ ਹਾਜ਼ਰ ਸਨ।

# ਹੜ੍ਹ ਪੀੜਤਾਂ ਲਈ ਦੂਸਰਾ ਰਾਹਤ ਸਮਗਰੀ ਟਰੱਕ ਰਿਵਾਨਾ

**ਗੁਰਾਇਆ (ਬਿੰਦਰ ਸੁੰਮਨ)**-ਰੋਟਰੀ ਕਲੱਬ ਗੁਰਾਇਆ ਵੱਲੋਂ ਹੜ੍ਹ ਪੀੜਤਾ ਲਈ ਕਲੱਬ ਪ੍ਰਧਾਨ ਹਰਜੀਵਨ ਜੈਨ ਦੀ ਅਗਵਾਈ ਹੇਠ ਦੂਸਰਾ ਟਰੱਕ ਰਿਵਾਨਾ ਕੀਤਾ ਗਿਆ। ਇਸ ਮੌਕੇ ਬੋਲਦਿਆ ਜੈਨ ਨੇ ਕਿਹਾ ਕਲੱਬ ਵਲੋਂ ਆਉਣ ਵਾਲੇ ਸਮੇ ਦੌਰਾਨ ਵੀ ਰਾਹਤ ਸਮਗਰੀ ਭੇਜੀ ਜਾਵੇਗੀ। ਕਲੱਬ ਹਰਜੀਵਨ ਜੈਨ ਪ੍ਰਧਾਨ, ਸੋਢੀ ਸਿੰਘ ਗੋਹਾਵਰ, ਕੁਲਵਿੰਦਰ ਸੰਧੂ, ਅਸ਼ਵਨੀ ਕੁਮਾਰ ਐਡਵੋਕੇਟ, ਅਜੇ ਮਾਟਾ, ਪਵਨ ਸ਼ਰਮਾ, ਬਹਾਦਰ ਸਿੰਘ ਡੱਲੇਵਾਲ, ਪ੍ਰਿੰਥੀ ਸਿੰਘ ਢਿਲੋ, ਹਰਭਜਨ ਸਿੰਘ ਗਰੇਵਾਲ, ਜਸਵਿੰਦਰ ਸੂਰੀ, ਹਰਸ਼ ਮਹਿਤਾ, ਰਾਹੁਲ ਪਾਲ, ਹੈਪੀ ਮਾਹੀ, ਸੰਜੀਵ ਭਨੋਟ, ਜਸਵਿੰਦਰ ਸਿੰਘ ਚਿੰਤਾ, ਨਿਤਿਸ਼ ਜੈਨ ਤੋ ਇਲਾਵਾ ਕਲੱਬ ਦੇ ਮੈਂਬਰ ਹਾਜ਼ਰ ਸਨ।



# ਨੋਡਲ ਅਫਸਰ ਚਰਨਜੀਤ ਸਿੰਘ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਨੇ ਕੀਤਾ ਸਨਮਾਨਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਭਾਰਤ ਸਰਕਾਰ ਵਲੋਂ ਸੂਬੇ ਅੰਦਰ ਚਲਾਈ ਜਾ ਰਹੀ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਜਿਲ੍ਹਾ ਰੂਪਨਗਰ ਦੇ ਸਕੂਲਾਂ ਵਲੋਂ ਪੰਜਾਬ ਭਰ ਵਿੱਚੋਂ ਤੀਜਾਂ ਸਥਾਨ ਹਾਸਲ ਕੀਤਾ ਹੈ। ਜਿਸ ਤੋਂ ਬਾਅਦ ਮੁਹਿੰਮ ਦੇ ਨੋਡਲ ਅਫਸਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਝਿੰਜੜੀ ਵਿਖੇ ਬਤੌਰ ਈ.ਟੀ.ਟੀ. ਅਧਿਆਪਕ ਸੇਵਾਵਾਂ ਨਿਭਾਉਣ ਵਾਲੇ ਚਰਨਜੀਤ ਸਿੰਘ ਬੰਗਾ ਨੂੰ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਸ਼ਮਸ਼ੇਰ ਸਿੰਘ ਵਲੋਂ ਸਥਾਨਕ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਵਿਖੇ ਵਿਸ਼ੇਸ਼ ਤੌਰ ਤੇ ਇੱਕ ਸਾਦੇ ਸਮਾਗਮ ਦੌਰਾਨ ਸਨਮਾਨਤ ਕੀਤਾ ਗਿਆ।ਜ਼ਿਲ੍ਹਾ ਸਿੱਖਿਆ ਅਫਸਰ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਜਿਲ੍ਹਾ ਰੂਪਨਗਰ ਦੇ 10 ਪ੍ਰਾਇਮਰੀ ਬਲਾਕਾਂ ਦੇ ਸਕੂਲਾਂ ਨੂੰ 70 ਹਜ਼ਾਰ ਬੂਟੇ ਲਗਾਉਣ ਦਾ ਟੀਚਾ ਦਿੱਤਾ ਗਿਆ ਸੀ। ਪਰੰਤੂ ਅਧਿਆਪਕ ਬੰਗਾ ਦੇ ਯਤਨਾਂ ਨਾਲ ਇਹ ਟੀਚਾ 73 ਹਜ਼ਾਰ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਤਾਂਹੀ ਸੰਭਵ ਹੋਇਆ ਜਦੋ ਸਕੂਲਾਂ ਦੇ ਅਧਿਆਪਕਾ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਾਤਾਵਰਣ ਸੰਭਾਲ ਮੁਹਿੰਮ ਲਈ ਜਾਗਰੂਕ ਕੀਤਾ ਗਿਆ ਹੈ।

ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਨਜੀਤ ਸਿੰਘ ਮਾਵੀ, ਸੁਰਿੰਦਰ ਸਿੰਘ ਭਟਨਾਗਰ, ਮਨਿੰਦਰ ਸਿੰਘ ਰਾਣਾ, ਕਮਲਪ੍ਰੀਤ ਕੌਰ, ਰਜੇਸ ਕੁਮਾਰੀ, ਜ਼ਸਵੀਰ ਸਿੰਘ ਗੰਭੀਰਪੁਰ, ਸੰਜੀਵ ਕੁਮਾਰ, ਸਬੋਧ ਕੁਮਾਰ, ਜੈਸਮੀਨ ਕੌਰ ਹਾਜ਼ਰ ਸਨ।

# ਯੁਵਕ ਸੇਵਾਵਾਂ ਵਿਭਾਗ ਵੱਲੋਂ ਕਰਵਾਇਆ ਰੈੱਡ ਰਿਬਨ ਕਲੱਬਾਂ ਦਾ ਡਰਾਮਾ ਮੁਕਾਬਲਾ

**ਮੋਹਾਲੀ (ਗੁਰਜੀਤ ਬਿੱਲਾ)** ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ, ਦੇ ਨਿਰਦੇਸ਼ਾਂ ਅਤੇ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਦੇ ਸਹਿਯੋਗ ਨਾਲ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ, ਐਸ ਏ ਐਸ ਨਗਰ ਵਲੋਂ ਜ਼ਿਲ੍ਹੇ ਦੇ ਸਮੂਹ ਰੈੱਡ ਰਿਬਨ ਕਲੱਬਾਂ ਦਾ ਜ਼ਿਲ੍ਹਾ ਪੱਧਰੀ ਡਰਾਮਾ ਮੁਕਾਬਲਾ, ਖਾਲਸਾ ਕਾਲਜ (ਅੰਮ੍ਰਿਤਸਰ) ਆਫ ਟੈਕਨਾਲੋਜੀ ਐਂਡ ਬਿਜ਼ਨਸ ਸਟੱਡੀਜ਼, ਫੇਜ਼-3ਏ, ਮੋਹਾਲੀ ਵਿਖੇ ਕਰਵਾਇਆ ਗਿਆ।ਇਸ ਮੌਕੇ ਸਹਾਇਕ ਡਾਇਰੈਕਟਰ ਕੈਪ. ਮਨਤੇਜ ਸਿੰਘ ਚੀਮਾ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਮਕਸਦ ਨੌਜਵਾਨਾਂ ਨੂੰ ਸਮਾਜਿਕ ਅਲਾਮਤਾਂ ਤੋਂ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਏਡਜ਼, ਨਸ਼ਿਆਂ ਦੇ ਮਾਰੂ ਪ੍ਰਭਾਵ, ਸਵੈ-ਇੱਛੁਕ ਖ਼ੂਨਦਾਨ ਸਬੰਧੀ ਮੁੱਢਲੀ ਜਾਣਕਾਰੀ ਦੇਣ ਦੇ ਮਕਸਦ ਹਿੱਤ ਰੈੱਡ ਰਿਬਨ ਕਲੱਬ ਕੰਮ ਕਰਦੇ ਹਨ। ਇਸੇ ਸਿਲਸਿਲੇ ਤਹਿਤ ਇਹ ਮੁਕਾਬਲੇ ਕਰਵਾਏ ਗਏ। ਕਾਲਜ ਦੇ ਪ੍ਰਿੰਸੀਪਲ ਡਾ. ਹਰੀਸ਼ ਕੁਮਾਰੀ ਦਾ ਪ੍ਰੋਗਰਾਮ ਨੂੰ ਨੇਪਰੇ ਚਾੜਨ ਵਿੱਚ ਵਡਮੁੱਲਾ ਯੋਗਦਾਨ ਰਿਹਾ। ਕਾਲਜ ਟੀਮਾਂ ਵਲੋਂ ਐੱਚ.ਆਈ.ਵੀ. ਏਡਜ਼ ਅਤੇ ਨਸ਼ਿਆਂ ਦੇ ਵਿਸ਼ੇ ਉੱਤੇ ਪ੍ਰਭਾਵਸ਼ਾਲੀ ਡਰਾਮਾ ਪੇਸ਼ ਕੀਤਾ ਗਿਆ। ਗੁਰਬਖਸੀਸ਼ ਸਿੰਘ ਅਤੇ ਸ੍ਰੀਮਤੀ ਲਖਵਿੰਦਰ ਕੌਰ ਦੁਆਰਾ ਜੱਜਮੈਂਟ ਦੀ ਭੂਮਿਕਾ ਨਿਭਾਈ ਗਈ। ਜਗਜੀਤ ਸਿੰਘ ਨੇ ਪ੍ਰੋਗਰਾਮ ਦੌਰਾਨ ਬਤੌਰ ਰਿਸੋਰਸ ਪਰਸਨ ਭੂਮਿਕਾ ਨਿਭਾਈ।ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਚੰਡੀਗੜ੍ਹ ਯੂਨੀਵਰਸਿਟੀ ਘੰੜੂਆਂ, ਦੂਸਰਾ ਸਥਾਨ ਸਰਕਾਰੀ ਕਾਲਜ ਡੇਰਾਬੱਸੀ ਅਤੇ ਤੀਸਰਾ ਸਥਾਨ ਐੱਸ.ਐੱਮ.ਐੱਚ.ਐੱਸ. ਸਰਕਾਰੀ ਕਾਲਜ ਫੇਜ਼-6 ਟੀਮ ਨੇ ਹਾਸਿਲ ਕੀਤਾ। ਪਹਿਲੀਆਂ ਤਿੰਨ ਪੁਜੀਸ਼ਨਾਂ ਦੇ ਜੇਤੂਆਂ ਨੂੰ ਇਨਾਮ ਰਾਸ਼ੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।




# 350 ਸਾਲਾ ਸ਼ਤਾਬਦੀ ਸਮਾਗਮ ਨੂੰ ਸਮਰਪਿਤ ਨਗਰ ਕੀਰਤਨ ਸੰਬੰਧੀ ਪੋਸਟਰ ਜਾਰੀ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸ਼ਹੀਦੀ ਸਬੰਧੀ 350 ਸਾਲਾ ਨੂੰ ਸਮਰਪਿਤ ਜੋ ਸ਼ਤਾਬਦੀ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਪੱਧਰ 'ਤੇ ਮਨਾਏ ਜਾ ਰਹੇ ਹਨ। ਇਸ ਸਬੰਧੀ ਮੁਖੀ ਸੰਪਰਦਾਇ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸੰਤ ਬਾਬਾ ਨਰਿੰਦਰ ਸਿੰਘ ਜੀ- ਸੰਤ ਬਾਬਾ ਬਲਵਿੰਦਰ ਸਿੰਘ ਜੀਆਂ ਦੀ ਰਹਿਨੁਮਾਈ ਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਨਡਾਲੋਂ ਵਾਲਿਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਹਾਨ ਨਗਰ ਕੀਰਤਨ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ 12 ਅਕਤੂਬਰ ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਉਸ ਸਬੰਧੀ ਸੰਤ ਬਾਬਾ ਕਰਮਜੀਤ ਸਿੰਘ ਜੀ ਟਿੱਬਾ ਸਾਹਿਬ, ਸੰਤ ਬਾਬਾ ਬਲਵੀਰ ਸਿੰਘ ਜੀ ਟਿੱਬਾ ਸਾਹਿਬ, ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਜਥੇਦਾਰ ਇਕਬਾਲ ਸਿੰਘ ਖੇੜਾ, ਜਥੇਦਾਰ ਜਸਵੀਰ ਸਿੰਘ ਜੀ ਭੱਟੀ ਨਡਾਲੋਂ ਤੇ ਸੰਗਤ ਵੱਲੋਂ ਸਾਂਝੇ ਤੌਰ ਤੇ ਪੋਸਟਰ ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਉਕਤ ਮਹਾਨ ਨਗਰ ਕੀਰਤਨ ਦੀਆਂ ਚੱਲ ਰਹੀਆਂ ਤਿਆਰੀਆਂ ਦਾ ਵੀ ਜਾਇਜ਼ਾ ਲਿਆ ਗਿਆ। ਇਸ ਮੌਕੇ ਲਖਵੀਰ ਸਿੰਘ ਰਾਣਾ ਡਾਨਸੀਵਾਲ, ਪਰਮਦੀਪ ਸਿੰਘ ਪੰਡੋਰੀ ਗੰਗਾ ਸਿੰਘ, ਮਨਜੀਤ ਸਿੰਘ ਡਾਨਸੀਵਾਲ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਭਾਈ ਰਣਜੋਧ ਸਿੰਘ ਨਡਾਲੋਂ, ਲਖਵਿੰਦਰ ਸਿੰਘ ਨਡਾਲੋਂ, ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਬਾਬਾ ਜਰਨੈਲ ਸਿੰਘ ਨਡਾਲੋਂ, ਕਿਰਪਾਲ ਸਿੰਘ ਅਜਨੋਹਾ, ਬਲਜਿੰਦਰ ਸਿੰਘ ਖਾਲਸਾ ਪੰਜੌੜ, ਚੇਅਰਮੈਨ ਪਰਮਜੀਤ ਸਿੰਘ ਪੰਜੋੜ, ਸੁਖਵਿੰਦਰ ਸਿੰਘ ਲੱਡੂ ਟੋਡਰਪੁਰ, ਤਰਲੋਚਨ ਸਿੰਘ ਲਾਡੀ ਟੋਡਰਪੁਰ, ਤਰਲੋਚਨ ਸਿੰਘ ਸਕਰੂਲੀ, ਸਰਵਿੰਦਰ ਸਿੰਘ ਠੀਂਡਾ, ਸਰਪੰਚ ਚਰਨਜੀਤ ਸਿੰਘ ਪੰਜੌੜ, ਸਤਵਿੰਦਰ ਸਿੰਘ ਖ਼ਾਲਸਾ ਪੈਂਸਰਾ, ਮਨਜੀਤ ਸਿੰਘ ਲਾਡੀ ਲਾਲਪੁਰ, ਸਰਪੰਚ ਪ੍ਰੇਮ ਸਿੰਘ ਸ਼ੋਤਰਾਂ, ਹਰਦੀਪ ਸਿੰਘ ਬੱਡੋਂ, ਗੁਰਵਿੰਦਰ ਸਿੰਘ ਮੋਨਾ ਕਲਾਂ, ਪਰਮਜੀਤ ਸਿੰਘ ਪੰਮਾ ਬਾਹੋਵਾਲ, ਜਗਮੋਹਣ ਸਿੰਘ ਹਵੇਲੀ, ਭੁਪਿੰਦਰ ਸਿੰਘ ਪੰਜੌੜ, ਲੱਖਾ ਸਿੰਘ ਪਾਲਦੀ, ਕੁਲਵੰਤ ਸਿੰਘ ਲਾਲਪੁਰ, ਨਰਿੰਦਰ ਸਿੰਘ ਬੂਟਾ ਕੋਟ ਫਤੂਹੀ, ਮਲਕੀਅਤ ਸਿੰਘ ਲਾਲਪੁਰ, ਬਲਦੇਵ ਸਿੰਘ ਲਾਲਪੁਰ, ਗੁਰਵਿੰਦਰ ਸਿੰਘ ਬਿੱਕੀ ਪਾਂਢਟਾ, ਇੰਦਰਜੀਤ ਸਿੰਘ ਗੋਂਦਪੁਰ, ਗੁਰਜਿੰਦਰ ਸਿੰਘ ਸਰਹਾਲਾ ਖੁਰਦ ਮਸਤਾਨ ਸਿੰਘ ਠੁਆਣਾ ਆਦਿ ਹਾਜ਼ਰ ਸਨ।

# ਸਿਹਤ ਵਿਭਾਗ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਡਾ. ਹਰਪ੍ਰੀਤ ਸਿੰਘ

**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ। ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ ਨੇ ਇਸੇ ਉਦੇਸ਼ ਨਾਲ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦਾ ਦੌਰਾ ਕਰਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਨਾਲ ਆਮ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਐਮਰਜੈਂਸੀ ਵਾਰਡ, ਓਟ ਸੈਂਟਰ, ਓ ਪੀ ਡੀ ਤੇ ਆਈ ਪੀ ਡੀ ਸਮੇਤ ਸਮੁੱਚੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਹਸਪਤਾਲ ਵਿੱਚ ਸਾਫ-ਸਫਾਈ ਦੇ ਪ੍ਰਬੰਧਾਂ, ਮੈਡੀਕਲ ਰਿਕਾਰਡ ਤੇ ਸਟਾਕ ਰਜਿਸਟਰਾਂ ਨੂੰ ਵੀ ਦੇਖਿਆ। ਇਸ ਮੌਕੇ ਮੈਡੀਕਲ ਸਪੈਸ਼ਲਿਸਟ ਡਾ. ਜਤਿੰਦਰਪਾਲ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ, ਜ਼ਿਲ੍ਹਾ ਅੰਕੜਾ ਅਫ਼ਸਰ ਨੀਰਜ ਕੁਮਾਰ, ਗੁਰਪ੍ਰੀਤ ਸਿੰਘ ਤੇ ਫਾਰਮੇਸੀ ਅਫ਼ਸਰ ਹਰਮੀਤ ਕੌਰ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।



# ਬੀ ਕੇ ਯੂ ਲੱਖੋਵਾਲ ਮਨਾਏਗੀ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਨ : ਲੱਖੋਵਾਲ ਆਗੂ

**ਮੋਗਾ (ਇਕਬਾਲ ਸਿੰਘ ਖਹਿਰਾ)**- ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਭਰਵੀਂ ਮੀਟਿੰਗ ਹੋਈ। ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਨੇ ਦੱਸਿਆ ਕਿ ਦੇਸ਼ ਦੇ



ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਵਾਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਥਾਪੜਾ ਪ੍ਰਾਪਤ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਜਨਮ ਦਿਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ 7 ਅਕਤੂਬਰ ਨੂੰ ਜ਼ਿਲ੍ਹਾ ਦਫਤਰ ਵਿਖੇ ਬੜੀ ਧੂਮਧਾਮ ਨਾਲ ਮਨਾਏਗੀ। ਮੀਟਿੰਗ ਦੌਰਾਨ ਇਸ ਧਾਰਮਿਕ ਪ੍ਰੋਗਰਾਮ ਦੇ ਸਬੰਧ 'ਚ ਵਿਚਾਰ ਚਰਚਾ ਕਰਦੇ ਹੋਏ ਪ੍ਰੋਗਰਾਮ ਉਲੀਕਿਆ ਗਿਆ ਹੈ ਕਿ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਉਣ ਉਪਰੰਤ ਗਿਆਨੀ ਪਰਮਿੰਦਰ ਸਿੰਘ ਖਾਲਸਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਤੇ ਕਥਾ ਵਿਚਾਰ ਕਰਨਗੇ ਤੇ ਅਰਦਾਸ ਤੋਂ ਬਾਅਦ ਗੁਰੂ ਕਾ ਅਤੁੱਟ ਲੰਗਰ ਵਰਤੇਗਾ ਤੇ ਬਾਹਰੋਂ ਬੁਲਾਈਆਂ ਪ੍ਰਬੰਸਨਿਕ ਸ਼ਖਸ਼ੀਅਤਾਂ ਦਾ ਮਾਨ ਸਨਮਾਨ ਕੀਤਾ ਜਾਵੇਗਾ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਆਗੂ ਮੋਹਨ ਸਿੰਘ ਜੀਂਦੜਾਂ, ਸੂਬਾ ਆਗੂ ਸੁਰਤ ਸਿੰਘ ਕਾਦਰ ਵਾਲਾ, ਸੂਬਾ ਆਗੂ ਗੁਰਬਚਨ ਸਿੰਘ ਚੰਨੂ ਵਾਲਾ, ਸਾਬ ਸਿੰਘ ਬੱਗੇਵਾਲਾ, ਸੂਬਾ ਆਗੂ ਹਰਨੇਕ ਸਿੰਘ ਫਤਿਹਗੜ੍ਹ, ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ, ਬਲਾਕ ਪ੍ਰਧਾਨ ਸਤਿੰਦਰ ਪਾਲ ਸਿੰਘ ਧਾਲੀਵਾਲ, ਜਸਵੰਤ ਸਿੰਘ ਬਲਾਕ ਪ੍ਰਧਾਨ, ਜ਼ਿਲ੍ਹਾ ਆਗੂ ਜਗਸੀਰ ਸਿੰਘ ਜੱਗੀ, ਕਾਰਜਕਾਰੀ ਬਲਾਕ ਪ੍ਰਧਾਨ ਇਕਬਾਲ ਸਿੰਘ ਬਾਘਾ ਪੁਰਾਣਾ, ਜ਼ਿਡਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਚੋਟੀਆਂ, ਬਲਕਰਨ ਸਿੰਘ ਢਿੱਲੋਂ, ਦਫਤਰ ਇੰਚਾਰਜ ਪ੍ਰਕਾਸ਼ ਸਿੰਘ, ਸੀਨੀਅਰ ਆਗੂ ਮੁਕੰਦ ਕਮਲ, ਪ੍ਰਧਾਨ ਸੁਖਦੇਵ ਕੁਮਾਰ ਘੋਲੀਆ ਆਦਿ ਆਗੂ ਹਾਜ਼ਰ ਸਨ।


# ਧੋਖਾਧੜੀ ਨਾਲ ਜ਼ਮੀਨ ਦੀ ਮਲਕੀਅਤ ਕਰਾਉਣ ਦੇ ਦੋਸ਼ 'ਚ 2 ਵਿਅਕਤੀਆਂ ਵਿਰੁੱਧ ਪਰਚਾ

**ਜਲਾਲਾਬਾਦ (ਜੀਤ ਕੁਮਾਰ)** ਪੁਲਸ ਵੱਲੋਂ ਮਾਲਕੀ ਜ਼ਮੀਨ ਨੂੰ ਧੋਖਾਧੜੀ ਤੇ ਜਾਅਲਸਾਜ਼ੀ ਨਾਲ ਆਪਣੇ ਨਾਂਅ ਤਬਦੀਲ ਕਰਨ ਦੇ ਦੋਸ਼ ਵਿੱਚ 2 ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੱਜਣ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਮੰਡਾਲਾ ਛੰਨਾ ਲੋਹੀਆ (ਜਲੰਧਰ) ਵੱਲੋਂ ਦਰਖਾਸਤ ਨੰਬਰ 4714/ਪੀਜੀਡੀ-ਪੀਸੀ ਮਿਤੀ 18-06-2025 ਨੂੰ ਦਿੱਤੀ ਗਈ ਸੀ ਕਿ ਮੰਗਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਘੁਬਾਇਆ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਤੇ ਇਕ ਅਣਪਛਾਤੇ ਵਿਅਕਤੀ ਵੱਲੋਂ ਉਸਦੀ ਮਾਲਕੀ ਜ਼ਮੀਨ ਨੂੰ ਧੋਖਾਧੜੀ ਅਤੇ ਜਾਅਲਸਾਜ਼ੀ ਨਾਲ ਆਪਣੇ ਨਾਂਅ ਤਬਦੀਲ ਮਲਕੀਅਤ ਕਰਾ ਲਈ ਗਈ ਹੈ। ਇਸ ਦਰਖਾਸਤ ਦੀ ਜਾਂਚ-ਪੜਤਾਲ ਰਿਪੋਰਟ ਸਮੇਤ ਅਪਰੂਵਲ ਐਸ.ਐਸ.ਪੀ. ਾ ਤੋਂ ਥਾਣਾ ਸਿਟੀ ਵਿਖੇ ਪੁੱਜੀ, ਜਿਸ 'ਤੇ ਪੁਲਸ ਵੱਲੋਂ ਸ਼ਿਕਾਇਤਕਰਤਾ ਸੱਜਣ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮੰਗਤ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਘੁਬਾਇਆ ਅਤੇ ਇੱਕ ਅਣਪਛਾਤੇ ਵਿਅਕਤੀ ਦੇ ਵਿਰੁੱਧ ਮੁਕੱਦਮਾ ਨੰਬਰ 132 ਮਿਤੀ 30-09-2025 ਨੂੰ ਧਾਰਾ 419,420,465,467,468,471, 120-ਬੀ. ਤਹਿਤ ਥਾਣਾ ਸਿਟੀ ਜਲਾਲਾਬਾਦ ਵਿਖੇ ਦਰਜ ਕੀਤਾ ਗਿਆ ਹੈ।

# ਸਿੱਖਿਆ ਵਿਭਾਗ ਮਨਿਸਟੀਰੀਅਲ ਸਟਾਫ ਦੀ ਸੂਬਾ ਕਮੇਟੀ ਦਾ ਗਠਨ

## ਭੁਪਿੰਦਰ ਕੌਰ ਸੰਧੂ ਇਸਤਰੀ ਵਿੰਗ ਦੀ ਸੂਬਾ ਪ੍ਰਧਾਨ ਬਣੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਪੰਜਾਬ ਸਿੱਖਿਆ ਵਿਭਾਗ ਮਨਿਸਟੀਰੀਅਲ ਸਟਾਫ (ਸਬ ਆਫਿਸ) ਐਸੋਸੀਏਸ਼ਨ ਦੀ ਸੂਬਾ ਪੱਧਰੀ ਮੀਟਿੰਗ ਜਲੰਧਰ ਵਿੱਚ ਹੋਈ, ਜਿਸ ਵਿੱਚ ਨਵੀਂ ਸੂਬਾ ਕਾਰਜਕਾਰਨੀ ਦਾ ਗਠਨ ਕੀਤਾ ਗਿਆ। ਇਸ ਮੀਟਿੰਗ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਧਾਨ ਤੇ ਜਨਰਲ ਸਕੱਤਰ ਸ਼ਾਮਲ ਹੋਏ। ਮੀਟਿੰਗ ਦੌਰਾਨ ਪਿਛਲੇ ਦਿਨੀਂ ਬਰਖਾਸਤ ਕੀਤੇ ਗਏ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਖੱਟੜਾ ਦੇ ਫੈਸਲੇ ਨੂੰ ਹਾਊਸ ਵੱਲੋਂ ਪ੍ਰਵਾਨ ਕੀਤਾ ਗਿਆ। ਇਸ ਤੋਂ ਇਲਾਵਾ ਪਟਿਆਲਾ ਜ਼ਿਲ੍ਹੇ ਦੇ ਪਵਨਦੀਪ ਸ਼ਰਮਾ ਨੂੰ ਸਰਬਸੰਮਤੀ ਨਾਲ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਵਿਚ ਸੂਬਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿਚ ਸੁਰਿੰਦਰ ਕੁਮਾਰ



ਸੁਪਰਡੈਂਟ (ਜਲੰਧਰ) ਨੂੰ ਸੂਬਾ ਸਰਪ੍ਰਸਤ ਤੇ ਸੰਜੀਵ ਕਾਲੜਾ (ਫਤਹਿਗੜ੍ਹ ਸਾਹਿਬ) ਨੂੰ ਸੂਬਾ ਚੇਅਰਮੈਨ ਚੁਣਿਆ ਗਿਆ। ਇਸੇ ਤਰ੍ਹਾਂ ਫਿਰੋਜ਼ਪੁਰ ਦੇ ਸਕੂਲ ਆਫ ਐਮੀਨੈਂਸ ਵਿਖੇ ਸੇਵਾਵਾਂ ਨਿਭਾਅ ਰਹੇ ਭੁਪਿੰਦਰ ਕੌਰ ਸੰਧੂ ਨੂੰ ਇਸਤਰੀ ਵਿੰਗ ਦੀ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ। ਆਪਣੀ ਨਿਯੁਕਤੀ ਤੇ ਬੋਲਦਿਆਂ ਭੁਪਿੰਦਰ ਕੌਰ ਸੰਧੂ ਨੇ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਪੰਜਾਬ ਭਰ ਵਿਚ ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਲਈ ਲਾਮਬੰਦ ਕਰਨਗੇ ਤੇ ਇਸ ਲਈ ਟੀਮਾਂ ਦਾ ਗਠਨ ਵੀ ਕੀਤਾ ਜਾਵੇਗਾ। ਇਸ ਨਿਯੁਕਤੀ ਲਈ ਵੱਖ-ਵੱਖ ਜਥੇਬੰਦੀਆਂ ਤੇ ਲੋਕਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

# ਮੇਅਰ ਕੁੰਦਨ ਗੋਗੀਆ ਨੇ ਮਥੁਰਾ ਕਲੋਨੀ ਦੀ ਨਵੀਂ ਸੜਕ ਦਾ ਕੀਤਾ ਉਦਘਾਟਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤਰਜੀਹ ਦੇਣ ਦੇ ਉਦੇਸ਼ ਨਾਲ ਮਥੁਰਾ ਕਲੋਨੀ ਵਿੱਚ ਨਵੀਂ ਸੜਕ ਦਾ ਉਦਘਾਟਨ ਮੇਅਰ ਕੁੰਦਨ ਗੋਗੀਆ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਵਾਰਡ ਵਿੱਚ ਬਿਹਤਰ ਸਹੂਲਤਾਂ ਦੇਣ ਲਈ ਨਗਰ ਨਿਗਮ ਵਚਨਬੱਧ ਹੈ ਅਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਸੜਕਾਂ ਤੇ ਹੋਰ ਬੁਨਿਆਦੀ ਢਾਂਚਾ ਸੁਧਾਰਿਆ ਜਾ ਰਿਹਾ ਹੈ। ਉਦਘਾਟਨ ਸਮਾਰੋਹ ਵਿੱਚ ਚੇਅਰਮੈਨ ਪਲੈਨਿੰਗ ਬੋਰਡ ਪਟਿਆਲਾ ਤੇਜਿੰਦਰ ਮਹਿਤਾ, ਜ਼ਿਲ੍ਹਾ ਸਕੱਤਰ ਅਮਿਤ ਡਾਬੀ, ਵਾਰਡ ਦੇ ਕੌਂਸਲਰ ਰਣਜੀਤ ਸਿੰਘ ਢੰਡੋਕ, ਬਲਾਕ ਪ੍ਰਧਾਨ ਅਮਨ ਬਾਂਸਲ, ਭੁਪਿੰਦਰ ਸਿੰਘ ਬੱਬੀ, ਤਰਲੋਚਨ ਸਿੰਘ, ਰੋਮੀ, ਮੇਅਰ ਸੈਕਟਰੀ ਰਜਿੰਦਰ ਮੋਹਨ, ਰਣਬੀਰ ਤੇ ਹੋਰ ਸਥਾਨਕ ਵਾਸੀ ਵੀ ਖਾਸ ਤੌਰ 'ਤੇ ਮੌਜੂਦ ਸਨ। ਮੇਅਰ ਗੋਗੀਆ ਨੇ ਸਾਰੇ ਹਾਜ਼ਰ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਨਵੀਂ ਸੜਕ ਬਣਨ ਨਾਲ ਇਲਾਕੇ ਦੀ ਆਵਾਜਾਈ ਸੁਵਿਧਾਜਨਕ ਹੋਵੇਗੀ ਅਤੇ ਲੋਕਾਂ ਨੂੰ ਰੋਜ਼ਾਨਾ ਆਉਣ-ਜਾਣ ਵਿੱਚ ਵਧੀਆ ਸੁਵਿਧਾ ਮਿਲੇਗੀ।ਮੇਅਰ ਨੇ ਕਿਹਾ ਕਿ ਸ਼ਹਿਰ ਦੇ ਹਰ ਕੋਨੇ ਵਿੱਚ ਵਿਕਾਸ ਕਾਰਜਾਂ ਦਾ ਸਿਲਸਿਲਾ ਜਾਰੀ ਰਹੇਗਾ ਤੇ ਲੋਕਾਂ ਦੇ ਸਹਿਯੋਗ ਨਾਲ ਪਟਿਆਲਾ ਨੂੰ ਸੁਚੱਜਾ ਤੇ ਸੁੰਦਰ ਬਣਾਇਆ ਜਾਵੇਗਾ।



# ਸਿਹਤ ਖ਼ਰਾਬ ਹੋਣ ਕਾਰਨ ਵਿਧਾਇਕ ਪਠਾਣਮਾਜਰਾ ਦੀ ਪਤਨੀ ਨੂੰ ਪਟਿਆਲਾ ਤੋਂ ਲੁਧਿਆਣਾ ਕੀਤਾ ਸ਼ਿਫਟ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਸੁਪਤਨੀ ਸਿਮਰਨਜੀਤ ਕੌਰ ਪਠਾਣਮਾਜਰਾ ਜਿਹੜੇ ਕਿ ਪਿਛਲੇ ਕਈ ਦਿਨਾਂ ਤੋਂ ਪਟਿਆਲਾ ਦੇ ਨਿੱਜੀ ਹਸਪਤਾਲ ਵਿਖੇ ਦਾਖਲ ਸਨ, ਦੀ ਕਈ ਦਿਨਾਂ ਤੋਂ ਸਿਹਤ ਖਰਾਬ ਚਲ ਰਹੀ ਹੈ।



ਉਨ੍ਹਾਂ ਦੇ ਹੱਥਾਂ ਪੈਰਾਂ ਉਪਰ ਸੋਜਸ਼ ਵਧ ਗਈ ਹੈ, ਜਿਸ ਕਾਰਨ ਉਨ੍ਹਾਂ ਨੇ ਜਾਰੀ ਇਕ ਵੀਡਿਓ ਸੰਦੇਸ਼ ਵਿਚ ਸਮੁੱਚੇ ਪੰਜਾਬ ਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਮੌਜੂਦਾ ਪੰਜਾਬ ਸਰਕਾਰ ਅਤੇ ਪਟਿਆਲਾ ਪੁਲਸ ਦੇ ਅਧਿਕਾਰੀ ਉਨ੍ਹਾਂ ਨਾਲ ਧੱਕਾ ਕਰ ਰਹੇ ਹਨ, ਉਨ੍ਹਾਂ ਉਪਰ ਤਸ਼ੱਦਦ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਜੇਕਰ ਉਨ੍ਹਾਂ ਨੂੰ ਕੁਝ ਹੁੰਦਾ ਹੈ ਤਾਂ ਇਸ ਲਈ ਜ਼ਿੰਮੇਵਾਰ ਇਹ ਅਧਿਕਾਰੀ ਹੀ ਹੋਣਗੇ। ਦੂਸਰੇ ਪਾਸੇ ਅੱਜ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਨੇਤਾ ਸਿਮਰਨਜੀਤ ਕੌਰ ਪਠਾਣਮਾਜਰਾ ਦਾ ਹਾਲ ਚਾਲ ਪੁੱਛਣ ਲਈ ਜਿਉਂ ਹੀ ਹਸਪਤਾਲ ਵਿਚ ਪੁੱਜੇ ਤਾਂ ਉਥੇ ਖੜ੍ਹੀ ਪੁਲਸ ਨੇ ਉਨ੍ਹਾਂ ਨੂੰ ਰੋਕ ਲਿਆ, ਜਿਸ ਕਾਰਨ ਬਹੁਤ ਜ਼ਿਆਦਾ ਧੱਕਾ-ਮੁੱਕੀ ਹੋਈ ਤੇ ਹੰਗਾਮਾ ਮਚ ਗਿਆ ਤੇ ਮਾਹੌਲ ਗਰਮਾਉਣ ਤੋਂ ਬਾਅਦ ਆਖਰ ਇਸ ਵਫਦ ਨੂੰ ਮਿਲਣ ਦਿੱਤਾ ਗਿਆ। ਅਕਾਲੀ ਦਲ ਦੇ ਵਫਦ ਨੇ ਡੀ ਸੀ ਪਟਿਆਲਾ ਨੂੰ ਮੈਮੋਰੰਡਮ ਦੇ ਕੇ ਬੇਨਤੀ ਕੀਤੀ ਹੈ ਕਿ ਸਿਮਰਨਜੀਤ ਕੌਰ ਪਠਾਣਮਾਜਰਾ ਨਾਲ ਧੱਕਾ ਬੰਦ ਕੀਤਾ ਜਾਵੇ ਕਿਉਂਕਿ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦ ਮਰੀਜ਼ਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿੱਚ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 18 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 20500 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਵੱਖ-ਵੱਖ ਬਿਮਾਰੀਆਂ ਤੋਂ ਲੰਮੇ ਸਮੇਂ ਤੋਂ ਪੀੜਤ ਹਨ, ਕੰਮ ਕਰਨ ਤੋਂ ਅਸਮਰੱਥ ਹਨ, ਇਨ੍ਹਾਂ ਲੋੜਵੰਦ ਮਰੀਜ਼ਾਂ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ਼੍ਰੀ ਮੁਕਤਸਰ ਸਾਹਿਬ ਟੀਮ ਰਾਹੀਂ ਦਵਾਈਆਂ ਖਰੀਦਣ ਲਈ ਡਾਕਟਰ ਐਸ ਪੀ ਸਿੰਘ ਓਬਰਾਏ ਨੂੰ ਬੇਨਤੀ ਕੀਤੀ ਗਈ ਸੀ। ਡਾ ਓਬਰਾਏ ਵੱਲੋਂ ਇਨ੍ਹਾਂ ਲੋੜਵੰਦ ਮਰੀਜ਼ਾਂ ਦੀ ਹਾਲਾਤ ਨੂੰ ਦੇਖਦੇ ਹੋਏ ਤਰੁੰਤ ਰਾਸ਼ੀ ਰਿਲੀਜ਼ ਕੀਤੀ ਗਈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆਂ।ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ ਬੈਕ ਮੈਨੇਜਰ ਮੀਤ ਪ੍ਰਧਾਨ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਬਲਜੀਤ ਸਿੰਘ ਮਾਨ ਰਿਟਾ ਪ੍ਰਿੰਸੀਪਲ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਪਰਮਜੀਤ ਕੌਰ ਬਰਾੜ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ ਤੇ ਬਰਨੇਕ ਸਿੰਘ ਰਿਟਾ ਲੈਕਚਰਾਰ ਆਦਿ ਹਾਜ਼ਰ ਸਨ।

# ਸਪੀਕਰ ਨੇ ਘਰ ਦੀ ਡਿੱਗੀ ਛੱਤ ਬਣਾ ਕੇ ਦੇਣ ਦਾ ਕੀਤਾ ਵਾਅਦਾ

**ਕੋਟਕਪੂਰਾ (ਰਛਪਾਲ ਭੁੱਲਰ)** ਸਪੀਕਰ ਕੁਲਤਾਰ ਸਿੰਘ ਸੰਧਵਾਂ ਸੁਰਗਾਪੁਰੀ ਇਲਾਕੇ 'ਚ ਉਸ ਪਰਵਾਰ ਦੇ ਘਰ ਪਹੁੰਚੇ, ਜਿਸ ਦੇ ਘਰ ਦੀ ਛੱਤ ਡਿੱਗਣ ਕਾਰਨ ਮਾਂ-ਪੁੱਤਰ ਗੰਭੀਰ ਜ਼ਖ਼ਮੀ ਹੋ ਗਏ ਸਨ। ਉਨ੍ਹਾਂ ਘਰ ਦੇ ਹਾਲਾਤ ਦਾ ਜਾਇਜ਼ਾ ਲਿਆ ਤੇ ਘਰ ਦੀ ਨਵੀਂ ਛੱਤ ਬਣਾ ਕੇ ਦੇਣ ਦਾ ਐਲਾਨ ਕੀਤਾ।ਇਸਦੇ ਨਾਲ ਹੀ ਉਨ੍ਹਾਂ ਭਰੋਸਾ ਦਿੱਤਾ ਕਿ ਪਰਵਾਰ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਕਿਉਂ ਨਹੀਂ ਮਿਲਿਆ, ਇਸ ਦੀ ਵੀ ਪੜਤਾਲ ਕਰਾਈ ਜਾਵੇਗੀ। ਜ਼ਿਕਰਯੋਗ ਹੈ ਕਿ ਪਿਛਲੇ ਸ਼ਨੀਵਾਰ ਸਵੇਰੇ ਸੁਰਗਾਪੁਰੀ ਇਲਾਕੇ ਦੀ ਕਾਲਾ ਰਾਮ ਪ੍ਰਧਾਨ ਵਾਲੀ ਗਲੀ ਵਿੱਚ ਬਰਸਾਤ ਕਾਰਨ ਕਮਜ਼ੋਰ ਹੋਈ ਨਰੇਸ਼ ਸਿੰਗਲਾ ਦੇ ਘਰ ਦੀ ਛੱਤ ਅਚਾਨਕ ਡਿੱਗ ਪਈ ਸੀ। ਉਸ ਵੇਲੇ ਨਰੇਸ਼ ਸਿੰਗਲਾ ਦੀ ਪਤਨੀ ਪੂਨਮ ਰਾਣੀ ਤੇ ਪੁੱਤਰ ਅਸ਼ਵਨੀ ਕੁਮਾਰ ਘਰ ਵਿੱਚ ਸਨ, ਜੋ ਮਲਬੇ ਹੇਠ ਦਬ ਕੇ ਜ਼ਖ਼ਮੀ ਹੋ ਗਏ।ਗੁਆਂਢੀਆਂ ਨੇ ਬੜੀ ਮੁਸ਼ਕਲ ਨਾਲ ਦੋਹਾਂ ਨੂੰ ਬਾਹਰ ਕੱਢ ਕੇ ਸਿਵਲ ਹਸਪਤਾਲ ਪੁਚਾਇਆ। ਇਸ ਮੌਕੇ ਪੀੜਤ ਪਰਵਾਰ ਦੇ ਮੁਖੀ ਨਰੇਸ਼ ਸਿੰਗਲਾ ਨੇ ਦੱਸਿਆ ਕਿ



ਉਸ ਨੇ ਘਰ ਦੀਆਂ ਛੱਤਾਂ ਦੀ ਮੁਰੰਮਤ ਲਈ ਕਈ ਵਾਰ ਨਗਰ ਕੌਂਸਲ ਕੋਲ ਬੇਨਤੀਆਂ ਕੀਤੀਆਂ ਸਨ, ਪਰ ਕੋਈ ਕਾਰਵਾਈ ਨਹੀਂ ਹੋਈ।ਮਾਮਲੇ ਦੀ ਸੂਚਨਾ ਮਿਲਣ ਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਰਵਾਰ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਤੇ ਛੱਤ ਸਰਕਾਰ ਵੱਲੋਂ ਮੁੜ ਬਣਵਾ ਕੇ ਦਿੱਤੀ ਜਾਵੇਗੀ।

# ਗੁਰਮੁਖੀ ਅੱਖਰਕਾਰੀ ਨੂੰ ਸਮਰਪਤ ਹੈ : ਪਰਮਦੀਪ ਕੌਰ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**- ਅੱਖਰ ਕੇਵਲ ਨਿਸ਼ਾਨ ਨਹੀਂ, ਇਹ ਭਾਸ਼ਾ ਦੀ ਰੂਹ ਅਤੇ ਸੰਸਕਾਰਾਂ ਦੇ ਵਾਹਕ ਹਨ। ਇਸ ਸੋਚ ਨੂੰ ਆਪਣੇ ਦਿਲ ਵਿੱਚ ਵਸਾ ਕੇ 2016 ਤੋਂ ਲਿਖਤ-ਕਲਾ ਦਾ ਸਫ਼ਰ ਕਰ ਰਹੀ ਹੈ ਦਿੱਲੀ ਦੀ ਪਰਮਦੀਪ ਕੌਰ। ਇਹਨਾਂ ਵਿਚਾਰਾਂ ਨਾਲ ਰਾਜਵਿੰਦਰ ਰੌਂਤਾ ਨੇ ਦੱਸਿਆ ਕਿ ਗੁਰਮੁਖੀ ਪ੍ਰਤੀ ਖ਼ਾਸ ਲਗਨ ਨੇ ਪਰਮਦੀਪ ਕੌਰ ਨੂੰ ਇਹ ਅਹਿਸਾਸ ਕਰਵਾਇਆ ਕਿ ਲਿਖਾਈ ਸਿਰਫ਼ ਕਲਾ ਹੀ ਨਹੀਂ, ਸਗੋਂ ਵਿਰਾਸਤ ਨੂੰ ਸੰਭਾਲਣ ਦਾ ਇਕ ਤਰੀਕਾ ਵੀ ਹੈ।ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨੂੰ ਦਿੱਲੀ ਮਹਾਂਨਗਰ ਵਿੱਚ ਵਸਦੇ ਲੋਕਾਂ ਨੂੰ ਜੋੜਨ ਦੀ ਲਗਨ ਨਾਲ ਉਹਨਾਂ ਨੇ ਲਿਖਤ ਕਲਾ ਅੱਖਰ ਕਾਰੀ ਵਿੱਚ ਆਪਣੀ ਨਿਮਰ ਸੇਵਾ ਜਾਰੀ ਰੱਖੀ ਹੋਈ ਹੈ। ਦਿੱਲੀ ਵਿੱਚ ਵਿਰਸੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਾਲੀ ਸੰਸਥਾ ਸੁਨੱਖੀ ਪੰਜਾਬਣ ਦੇ ਇਕ ਸਮਾਗਮ ਸਮੇਂ ਪਰਮਦੀਪ ਦੀ ਕਲਾ ਨੂੰ ਵੇਖਣ ਦਾ ਮੌਕਾ ਮਿਲਿਆ। ਉਸ ਦੀ



ਅੱਖਰ ਕਾਰੀ ਦੇਖ ਕੇ ਮਨ ਅਸ਼ ਅਸ਼ ਕਰ ਉੱਠਿਆ। ਪਰਮਦੀਪ ਕੌਰ ਮਨ ਦੀ ਵੇਦਨਾ ਨੂੰ ਪ੍ਰਗਟਾਉਂਦੀਆਂ ਰਚਨਾਵਾਂ ਨੂੰ ਨਾਮੀ ਮੰਚਾਂ 'ਤੇ ਕਦੇ ਪੁਸਤਕਾਂ ਰਾਹੀਂ, ਕਦੇ ਅੰਤਰਰਾਸ਼ਟਰੀ ਮੁਕਾਬਲਿਆਂ ਰਾਹੀਂ, ਤਾਂ ਕਦੇ ਪ੍ਰਦਰਸ਼ਨੀਆਂ ਰਾਹੀਂ ਪੇਸ਼ਕਰ ਚੁੱਕੀ ਹੈ। ਵਰਲਡ ਕੈਲੀਗ੍ਰਾਫੀ ਡੇ ਦੇ ਸਮਾਗਮ ਵਿੱਚ ਗੈਸਟ ਆਰਟਿਸਟ ਵਜੋਂ ਬੁਲਾਇਆ ਗਿਆ।ਪਰਮਦੀਪ ਐਮ ਏ ਬੀ ਐਡ ਅਧਿਆਪਕ ਸੀ। ਪਰ ਉਹ ਅਧਿਆਪਨ ਨੂੰ ਛਡ ਕੇ ਅੱਖਰਕਾਰੀ ਨੂੰ ਸਮਰਪਤ ਹੋ ਗਈ।ਪਰਮਦੀਪ ਕੌਰ ਕੈਲਿਓਗਰਾਫੀ, ਅੱਖਰਕਾਰੀ ਵੱਖ ਵੱਖ ਮਾਧਿਅਮ ਰੰਗ ਸਕਿਚ ਰਾਹੀਂ ਸ਼ਬਦ ਅੱਖਰਾਂ ਵਿਚ ਜਾਨ ਪਾ ਦਿੰਦੀ ਹੈ।

# ਹਜ਼ਾਰਾ ਸਿੰਘ ਵਾਲਾ ਵਿਖੇ ਗਰੀਬ ਪਰਵਾਰ ਦਾ ਮਕਾਨ ਡਿੱਗਾ, ਸਾਰਾ ਘਰੇਲੂ ਸਮਾਨ ਤਬਾਹ

**ਮਮਦੋਟ (ਜਸਬੀਰ ਸਿੰਘ ਕੰਬੋਜ)**- ਪਿਛਲੇ ਸਮੇਂ ਲਗਾਤਾਰ ਹੋਈਆਂ ਬਾਰਸ਼ਾਂ ਨਾਲ ਜਿਥੇ ਪੰਜਾਬ ਦੇ ਦਰਿਆਵਾਂ ਨਾਲ ਲੱਗਦੇ ਇਲਾਕਿਆਂ ਵਿੱਚ ਹੜ੍ਹ ਨੇ ਬਹੁਤ ਜ਼ਿਆਦਾ ਨੁਕਸਾਨ ਕੀਤਾ ਹੈ ਓਥੇ ਪਿੰਡਾਂ ਵਿੱਚ ਹੜ੍ਹ ਭਾਵੇਂ ਨਹੀਂ ਆਏ ਪਰ ਭਾਰੀ ਬਰਸਾਤ ਕਾਰਨ ਕਈ ਗਰੀਬ ਪਰਵਾਰਾਂ ਦੇ ਮਕਾਨ ਢਹਿ ਢੇਰੀ ਹੋਏ ਹਨ। ਇਸੇ ਤਹਿਤ ਜ਼ਿਲਾ ਫਿਰੋਜ਼ਪੁਰ 'ਚ ਸਥਿਤ ਬਲਾਕ ਮਮਦੋਟ ਦੇ ਸਰਹੱਦੀ ਪਿੰਡ ਹਜ਼ਾਰਾ ਸਿੰਘ ਵਾਲਾ ਹਿਠਾੜ ਵਿਖੇ ਰਹਿੰਦੇ ਗਰੀਬ ਪਰਵਾਰ ਬਲਵਿੰਦਰ ਸਿੰਘ ਪੁੱਤਰ ਰਤਨ ਸਿੰਘ ਦੇ



ਮਕਾਨ ਦੀ ਕੰਧ ਬੀਤੇ ਕੱਲ੍ਹ ਅਚਾਨਕ ਡਿੱਗਣ ਕਾਰਨ ਕਮਰਾ ਢਹਿ ਢੇਰੀ ਹੋ ਗਿਆ। ਮਕਾਨ ਮਾਲਕ ਬਲਵਿੰਦਰ ਸਿੰਘ ਨੇ ਦੱਸਿਆ ਕਮਰਾ ਨੀਵਾਂ ਹੋਣ ਕਾਰਨ ਭਾਰੀ ਬਰਸਾਤ ਕਾਰਨ ਮਕਾਨ ਦੀਆਂ ਨੀਹਾਂ ਵਿੱਚ ਪਾਣੀ ਭਰ ਜਾਦਾ ਸੀ ਜਿਸ ਕਾਰਨ ਮਕਾਨ ਦੀਆਂ ਕੰਧਾਂ ਕਮਜ਼ੋਰ ਹੋ ਗਈਆਂ ਅਤੇ ਮਕਾਨ ਦੀ ਛੱਤ ਜੋ ਬਾਲਿਆਂ ਅਤੇ ਟਾਇਲਾ ਨਾਲ ਪਾਈ ਹੋਈ ਸੀ, ਡਿੱਗਣ ਕਾਰਨ ਸਾਡੇ ਮੰਜੇ ਬਿਸਤਰੇ, ਬਰਤਨ, ਦਾਣਿਆਂ ਵਾਲਾ ਡਰੰਮ ਤੇ ਘਰੇਲੂ ਸਾਰਾ ਸਮਾਨ ਤਬਾਹ ਹੋ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਬਲਵਿੰਦਰ ਸਿੰਘ ਨੇ ਦੱਸਿਆ ਕਿ ਲਗਾਤਾਰ ਪਈ ਬਾਰਸ਼ ਕਾਰਨ ਪਿੰਡ ਵਿਚ ਜਿੰਨੇ ਵੀ ਮਕਾਨ ਡਿੱਗੇ ਹਨ ਜਾਂ ਨੁਕਸਾਨੇ ਗਏ ਹਨ, ਉਹਨਾਂ ਦੀ ਲਿਸਟ ਬਣਾ ਕੇ ਸਥਾਨਕ ਬੀ ਡੀ ਪੀ ਓ ਦਫਤਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੂੰ ਜਾਣੂ ਕਰਵਾਇਆ ਜਾਵੇਗਾ ਤਾਂ ਜੋ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਗਰੀਬ ਪਰਵਾਰਾਂ ਨੂੰ ਮਕਾਨਾਂ ਦੀ ਉਸਾਰੀ ਲਈ ਮੁਆਵਜ਼ਾ ਰਾਸ਼ੀ ਜਾਰੀ ਕਰਵਾਈ ਜਾ ਸਕੇ।

# ਹਵਾਈ ਫਾਇਰ ਕਰਨ ਦੇ ਦੋਸ਼ 'ਚ ਚਾਰ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਫ਼ਤਿਹਗੜ੍ਹ ਸਾਹਿਬ ਨੇੜਲੇ ਪਿੰਡ ਮਹੱਦੀਆਂ ਵਿਖੇ ਇੱਕ ਵਿਆਹ ਸਮਾਗਮ ਸਬੰਧੀ ਰੱਖੀ ਗਈ ਪਾਰਟੀ 'ਚ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਥਾਣਾ ਫਤਿਹਗੜ੍ਹ ਸਾਹਿਬ ਦੀ ਪੁਲਸ ਵੱਲੋਂ ਚਾਰ ਵਿਅਕਤੀਆਂ ਵਿਰੁੱਧ ਅਸਲਾ ਐਕਟ ਤਹਿਤ ਮੁਕੱਦਮਾ ਦਰਜ ਕਰ ਲਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇੱਕ ਮੁਖ਼ਬਰ ਨੇ ਪੁਲਸ ਨੂੰ ਦਿੱਤੀ ਇਤਲਾਹ ਵਿੱਚ ਦੱਸਿਆ ਕਿ 28 ਸਤੰਬਰ ਦੀ ਰਾਤ ਨੂੰ ਪਿੰਡ ਮਹੱਦੀਆਂ ਵਿਖੇ ਗੁਰਬਖ਼ਸ਼ ਸਿੰਘ ਦੇ ਵਿਆਹ ਦੀ ਪਾਰਟੀ 'ਚ ਸ਼ਾਮਲ ਹੋਇਆ ਗੁਰਜੋਤ ਸਿੰਘ ਵਾਸੀ ਪਿੰਡ ਬਲਾਲਾ (ਲੁਧਿਆਣਾ) ਆਪਣੇ 3-4 ਹੋਰ ਸਾਥੀਆਂ ਨਾਲ ਡੀ.ਜੇ. ਉੱਤੇ ਭੰਗੜਾ ਪਾ ਰਿਹਾ ਸੀ। ਜਿਸ ਨੇ ਭੰਗੜਾ ਪਾਉਂਦੇ ਸਮੇਂ ਹਵਾਈ ਫਾਇਰ ਕਰਕੇ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਗੁਰਜੋਤ ਸਿੰਘ ਅਤੇ ਉਸ ਦੇ 3-4 ਨਾਮਾਲੂਮ ਸਾਥੀਆਂ ਵਿਰੁੱਧ ਅਸਲਾ ਐਕਟ ਦੀ ਧਾਰਾ 25/54/59 ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਬੱਚੇ ਰਵਾਇਤੀ ਸਿੱਖਿਆ ਤੱਕ ਸੀਮਤ ਨਾ ਰਹਿਣ : ਕਮਲੇਸ਼ ਸਰਾਫ਼



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨਜ ਗਲੋਬਲ ਡਿਸਕਵਰੀ ਸਕੂਲ ਸਿੱਖਿਆ ਦੇ ਖੇਤਰ ਵਿੱਚ ਆਧੁਨਿਕ ਤਕਨਾਲੋਜੀ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਵਿਦਿਆਰਥੀਆਂ ਲਈ ਰੋਬੋਟਿਕ ਕੋਰਸ ਅਤੇ ਵੱਖ-ਵੱਖ ਆਨਲਾਈਨ ਗਤੀਵਿਧੀਆਂ ਦਾ ਆਯੋਜਨ ਕਰ ਰਿਹਾ ਹੈ। ਉਨ੍ਹਾਂ ਦਾ ਮੁੱਖ ਉਦੇਸ਼ ਬੱਚਿਆਂ 'ਚ ਏਆਈ, ਰੋਬੋਟਿਕਸ ਤੇ ਉੱਭਰ ਰਹੀਆਂ ਤਕਨਾਲੋਜੀਆਂ ਬਾਰੇ ਦਿਲਚਸਪੀ ਤੇ ਜਾਗਰੂਕਤਾ ਪੈਦਾ ਕਰਨਾ ਹੈ। ਸਕੂਲ ਦੇ ਚੇਅਰਮੈਨ ਇੰਜੀਨੀਅਰ ਸ਼੍ਰੀ ਕਮਲੇਸ਼ ਸਰਾਫ ਨੇ ਕਿਹਾ ਕਿ ਅੱਜ ਦੇ ਸਮੇਂ 'ਚ ਬੱਚਿਆਂ ਨੂੰ ਸਿਰਫ਼ ਰਵਾਇਤੀ ਸਿੱਖਿਆ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਡਿਜ਼ੀਟਲ ਹੁਨਰ ਅਤੇ ਤਕਨੀਕੀ ਗਿਆਨ ਨਾਲ ਸ਼ਸ਼ਕਤ ਬਣਾਉਣਾ ਵੀ ਜ਼ਰੂਰੀ ਹੈ। ਇਸ ਸੋਚ ਨੂੰ ਅੱਗੇ ਵਧਾਉਂਦੇ ਸਕੂਲ ਨੇ ਆਨਲਾਈਨ ਪ੍ਰੋਜੈਕਟ ਤੇ ਰੋਬੋਟਿਕ ਵਰਕਸ਼ਾਪਾਂ ਸ਼ੁਰੂ ਕੀਤੀਆਂ ਹਨ। ਇਹ ਗਤੀਵਿਧੀਆਂ ਵਿਦਿਆਰਥੀਆਂ ਦੀ ਸਿਰਜਣਾਤਮਕਤਾ, ਆਲੋਚਨਾਤਮਕ ਸੋਚ, ਸਮੱਸਿਆ ਹੱਲ ਕਰਨ ਦੀਆਂ ਯੋਗਤਾਵਾਂ ਤੇ ਤਕਨੀਕੀ ਸਮਝ ਨੂੰ ਵਿਕਸਤ ਕਰਨਗੀਆਂ ਤੇ ਉਨ੍ਹਾਂ ਨੂੰ ਭਵਿੱਖ ਦੇ ਤਕਨਾਲੋਜੀ ਅਧਾਰਤ ਕਰੀਅਰ ਲਈ ਬਿਹਤਰ ਢੰਗ ਨਾਲ ਤਿਆਰ ਕਰਨਗੀਆਂ।

# ਵਧੀਆ ਡਿਊਟੀ ਕਰਨ ਵਾਲੇ 32 ਪੁਲਸ ਮੁਲਾਜ਼ਮ ਸਰਟੀਫਿਕੇਟ ਤੇ ਨਕਦ ਰਾਸ਼ੀ ਨਾਲ ਸਨਮਾਨਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਡਾ. ਅਖਿਲ ਚੌਧਰੀ ਆਈ.ਪੀ.ਐਸ. ਸੀਨੀਅਰ ਪੁਲਿਸ ਕਪਤਾਨ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਥਾਂਵਾਂ 'ਤੇ ਤਾਇਨਾਤ ਪੁਲਸ ਮੁਲਾਜ਼ਮਾਂ ਨੂੰ ਸਰਟੀਫ਼ਿਕੇਟ ਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਨੇ ਆਪਣੀ ਡਿਊਟੀ ਦੌਰਾਨ ਸੇਵਾਵਾਂ, ਇਮਾਨਦਾਰੀ, ਲਗਨ ਤੇ ਜ਼ਿੰਮੇਵਾਰੀ ਨਾਲ ਨਿਭਾਈਆਂ ਤੇ ਵਿਸ਼ੇਸ਼ ਮਿਸਾਲ ਕਾਇਮ ਕੀਤੀ। ਐਸ.ਐਸ.ਪੀ ਡਾ. ਅਖਿਲ ਚੌਧਰੀ ਆਈ.ਪੀ.ਐਸ, ਮਨਮੀਤ ਸਿੰਘ ਢਿੱਲੋਂ ਐਸ.ਪੀ ਤੇ ਸ੍ਰੀ ਅਮਨਦੀਪ ਸਿੰਘ ਡੀਐਸਪੀ ਵੱਲੋਂ ਮੁਲਾਜ਼ਮਾਂ ਨੂੰ ਸਰਟੀਫਿਕੇਟ



ਤੇ ਨਕਦ ਰਾਸ਼ੀ ਦਿੱਤਾ ਤੇ ਉਨ੍ਹਾਂ ਨੂੰ ਵਧਾਈ ਦਿੱਤੀ।ਸਨਮਾਨਤ ਮੁਲਾਜ਼ਮ ਇੰਸਪੈਕਟਰ ਹਰਪ੍ਰੀਤ ਸਿੰਘ, ਇੰਸਪੈਕਟਰ ਕੁਲਦੀਪ ਕੌਰ, ਇੰਸਪੈਕਟਰ ਲਵਮੀਤ ਕੌਰ, ਸਬ ਇੰਸਪੈਕਟਰ ਦੀਪਿਕਾ ਰਾਣੀ, ਏ.ਐਸ.ਆਈ ਬਲਜਿੰਦਰ ਸਿੰਘ, ਏ.ਐਸ.ਆਈ ਜਗਤਾਰ ਸਿੰਘ, ਹੌਲਦਾਰ ਗੁਰਪ੍ਰੀਤ ਸਿੰਘ, ਹੌਲਦਾਰ ਗੁਰਵਿੰਦਰ ਪੁਰੀ, ਹੌਲਦਾਰ ਯਾਦਵਿੰਦਰ ਸਿੰਘ, ਹੌਲਦਾਰ ਵਿਕਰਮਜੀਤ ਸਿੰਘ, ਹੌਲਦਾਰ ਲਖਵਿੰਦਰ ਸਿੰਘ, ਹੌਲਦਾਰ ਜਗਵਿੰਦਰ ਸਿੰਘ, ਸੀਨੀ ਸਿਪਾਹੀ ਅਮਰਿੰਦਰ ਸਿੰਘ, ਸੀਨੀ ਸਿਪਾਹੀ ਸਤਵਿੰਦਰ ਸਿੰਘ, ਸੀਨੀ ਸਿਪਾਹੀ ਅਮਨਦੀਪ ਕੁਮਾਰ, ਸੀਨੀ ਸਿਪਾਹੀ ਬਿਕਰਮਦੀਪ ਸਿੰਘ, ਸੀਨੀ ਸਿਪਾਹੀ ਹਰਪ੍ਰੀਤ ਸਿੰਘ, ਸੀਨੀ ਸਿਪਾਹੀ ਅਜੈਪਾਲ ਸਿੰਘ, ਸਿਪਾਹੀ ਸਤਨਾਮ ਸਿੰਘ, ਸੀਨੀ ਸਿਪਾਹੀ ਜਸਪ੍ਰੀਤ ਸਿੰਘ, ਸੀਨੀ ਸਿਪਾਹੀ ਹਰਬੰਸ ਸਿੰਘ, ਸੀਨੀ ਸਿਪਾਹੀ ਤਜਿੰਦਰਪਾਲ ਸਿੰਘ, ਸਿਪਾਹੀ ਅੰਗਦ ਸਿੰਘ, ਸੀਨੀ ਸਿਪਾਹੀ ਸ਼ਰਨਜੀਤ ਕੌਰ, ਹੌਲਦਾਰ ਮਨਿੰਦਰ ਸਿੰਘ, ਹੌਲਦਾਰ ਸੰਦੀਪ ਸਿੰਘ, ਹੌਲਦਾਰ ਸੁਖਜੀਤ ਸਿੰਘ, ਸਿਪਾਹੀ ਲਵਜੀਤ ਸਿੰਘ, ਲੇਡੀ ਸਿਪਾਹੀ ਅੰਜਲੀ, ਲੇਡੀ ਸਿਪਾਹੀ ਰਾਜਵਿੰਦਰ ਕੌਰ। ਇਨ੍ਹਾਂ ਸਮੂਹ ਪੁਲਸ ਮੁਲਾਜ਼ਮਾਂ ਵੱਲੋਂ ਵੱਖ-ਵੱਖ ਥਾਂਵਾਂ 'ਤੇ ਆਪਣੀ ਡਿਊਟੀ ਨੂੰ ਬਹੁਤ ਹੀ ਇਮਾਨਦਾਰੀ, ਜ਼ਿੰਮੇਵਾਰੀ ਤੇ ਲਗਨ ਨਾਲ ਨਿਭਾਇਆ ਗਿਆ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਮਨਜੀਤ ਕੁਮਾਰ ਦੇ ਘਰ ਦੀ ਕੁਰਕੀ ਰੋਕੀ

**ਧੂਰੀ (ਸੁਖਦੇਵ ਧੂਰੀ)** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਵੱਲੋਂ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਦੀ ਅਗਵਾਈ ਵਿੱਚ ਮਨਜੀਤ ਕੁਮਾਰ ਪੁੱਤਰ ਪ੍ਰੇਮ ਕੁਮਾਰ ਵਾਸੀ ਧੂਰੀ ਦੇ ਘਰ ਦੀ ਕੁਰਕੀ ਰੋਕੀ ਗਈ।ਮਨਜੀਤ ਕੁਮਾਰ ਨੇ ਜੀ.ਆਈ.ਸੀ. ਹਾਊਸਿੰਗ ਫਾਈਨੈਂਸ ਤੋਂ 12,72,000 ਲੋਨ ਲਿਆ ਸੀ, ਜਿਸ ਵਿੱਚੋਂ ਤਕਰੀਬਨ ਚਾਰ ਲੱਖ ਰੁਪਏ ਦੇ ਕਰੀਬ ਪੈਸੇ ਭਰ ਚੁੱਕਾ ਹੈ, ਪਰ ਕਰੋਨਾ ਕਾਲ



ਦੁਹਰਾਉਣ ਆਰਥਿਕ ਹਾਲਤ ਕਮਜ਼ੋਰ ਹੋ ਗਈ ਕਿਉਂਕਿ ਕਰੋਬਾਰ ਬੰਦ ਹੋਣ ਕਾਰਨ ਉਹ ਬਾਕੀ ਪੈਸੇ ਭਰਨ ਤੋਂ ਅਸਮਰੱਥ ਹੋ ਗਿਆ।20 ਅਗਸਤ ਨੂੰ ਮਨਜੀਤ ਕੁਮਾਰ ਜਥੇਬੰਦੀ ਨੂੰ ਨਾਲ ਲੈ ਕੇ ਬੈਂਕ ਪਹੁੰਚਿਆ ਤੇ 10,00,000 ਭਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਬੈਂਕ ਮੈਨੇਜਰ ਨੇ ਵਿਆਜ ਸਮੇਤ ਪੂਰੀ ਰਕਮ ਦੀ ਮੰਗ ਕੀਤੀ। ਕਿਸਾਨ ਯੂਨੀਅਨ ਨੇ ਸਪੱਸ਼ਟ ਕੀਤਾ ਕਿ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਦੇ ਘਰਾਂ ਦੀਆਂ ਕੁਰਕੀਆਂ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦਿੱਤੀਆਂ ਜਾਣਗੀਆਂ, ਜਦਕਿ ਸਰਕਾਰ ਵੱਡੇ ਕਾਰਪੋਰੇਟਾਂ ਦੇ ਕਰੋੜਾਂ ਦੇ ਕਰਜ਼ੇ ਮਾਫ ਕਰ ਰਹੀ ਹੈ।ਵੱਡੀਆਂ ਟੈਕਸ ਛੋਟਾਂ ਦਿੱਤੀਆਂ ਜਾ ਰਹੀਆਂ ਹਨ ਤੇ ਗ਼ਰੀਬ ਕਿਸਾਨਾਂ ਮਜਦੂਰਾਂ ਦੀ ਥੋੜੀ ਰਕਮ ਭਰਨ ਤੋ ਅਸਮਰੱਥ ਦੀਆਂ ਕੁਰਕੀਆਂ ਨਿਲਾਮੀਆਂ ਕੀਤੀ ਜਾ ਰਹੀਆਂ ਹਨ, ਇੱਕੋ ਦੇਸ਼ ਵਿੱਚ ਅਮੀਰਾ ਵਾਸਤੇ ਕਾਨੂੰਨ ਵੱਖ ਅਤੇ ਗਰੀਬਾਂ ਵਾਸਤੇ ਕਾਨੂੰਨ ਵੱਖ ਹਨ।

# ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਸੰਭਾਲ ਬਾਰੇ ਦੱਸਿਆ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਬਠਿੰਡਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਦੇ ਮੱਦੇਨਜ਼ਰ ਡਿਊਟੀ ਨੂੰ ਆਪਣਾ ਨਿੱਜੀ ਫ਼ਰਜ਼ ਸਮਝ ਕੇ ਜਾਗਰੂਕ ਕਰਨਾ ਲਾਜ਼ਮੀ ਬਣਾਇਆ ਜਾਵੇ। ਇਹ



ਆਦੇਸ਼ ਡੀ.ਸੀ. ਰਾਜੇਸ਼ ਧੀਮਾਨ ਨੇ ਦਫ਼ਤਰ ਐਸਡੀਐਮ ਰਾਮਪੁਰਾ ਵਿਖੇ ਨੋਡਲ ਤੇ ਕਲੱਸਟਰ ਅਫਸਰਾਂ ਨਾਲ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੇ।ਉਨ੍ਹਾਂ ਨਾਲ ਐਸਐਸਪੀ ਅਮਨੀਤ ਕੌਂਡਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਡੀ.ਸੀ. ਰਾਜੇਸ਼ ਧੀਮਾਨ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਲੋੜ ਅਨੁਸਾਰ ਸਾਰੀ ਮਸ਼ੀਨਰੀ ਮੁਹੱਈਆ ਕਰਾਉਣੀ ਲਾਜ਼ਮੀ ਬਣਾਈ ਜਾਵੇ ਤਾਂ ਜੁ ਕਿਸੇ ਵੀ ਕਿਸਾਨ ਨੂੰ ਕੋਈ ਸਮੱਸਿਆ ਦਰਪੇਸ਼ ਨਾ ਆਵੇ।ਡੀ.ਸੀ. ਨੇ ਇਹ ਵੀ ਕਿਹਾ ਕਿ ਜਿਥੇ ਪਰਾਲੀ ਨੂੰ ਅੱਗ ਨਾ ਲਾਉਣ ਦੀ ਕਰੀਬ 80 ਫੀਸਦੀ ਗਿਰਾਵਟ ਆਈ ਹੈ, ਉਥੇ ਹੀ ਕਿਸਾਨਾਂ ਨੂੰ ਹੋਰ ਜਾਗਰੂਕ ਕਰਨ ਦੀ ਲੋੜ ਹੈ। ਡੀ.ਸੀ. ਨੇ ਐਸਡੀਐਮ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਉਹ ਹਰ ਹਫ਼ਤੇ ਪਰਾਲੀ ਪ੍ਰਬੰਧਨ ਸਬੰਧੀ ਨੋਡਲ ਅਤੇ ਕਲੱਸਟਰ ਅਫਸਰਾਂ ਵਲੋਂ ਕੀਤੇ ਗਏ ਕਾਰਜਾਂ ਦੀ ਸਮੀਖਿਆ ਰਿਪੋਰਟ ਤਿਆਰ ਕਰਨੀ ਲਾਜ਼ਮੀ ਬਣਾਉਣ। ਡੀ.ਸੀ. ਨੇ ਕਿਸਾਨਾਂ ਨੂੰ ਕਿਹਾ ਕਿ ਉਹ ਪਰਾਲੀ ਨੂੰ ਅੱਗ ਨਾ ਲਾਉਣ, ਸਗੋਂ ਉਸ ਨੂੰ ਜ਼ਮੀਨ ਵਿੱਚ ਹੀ ਮਿਲਾਉਣ ਨੂੰ ਤਰਜ਼ੀਹ ਦੇਣ।ਇਸ ਨਾਲ ਜਿਥੇ ਜ਼ਮੀਨ ਦੀ ਉਪਜਾਊ ਸ਼ਕਤੀ ਬਣੇ ਰਹੇਗੀ, ਉਥੇ ਹੀ ਫਸਲ ਦੇ ਝਾੜ ਵਿੱਚ ਵਾਧਾ ਹੋਵੇਗਾ। ਐਸਐਸਪੀ ਅਮਨੀਤ ਕੌਂਡਲ ਨੇ ਨੋਡਲ ਅਫਸਰ ਤੇ ਕਲੱਸਟਰ ਅਫਸਰਾਂ ਨੂੰ ਕਿਹਾ ਕਿ ਉਹ ਆਪਸੀ ਸਹਿਯੋਗ ਨਾਲ ਪਰਾਲੀ ਪ੍ਰਬੰਧਨ ਵਿੱਚ ਆਪਣੀ ਡਿਊਟੀ ਤਨਦੇਹੀ ਨਾਲ ਕਰਨ।ਇਸ ਦੌਰਾਨ ਐਸਐਸਪੀ ਨੇ ਉਨ੍ਹਾਂ ਨੂੰ ਪੁਲਿਸ ਵਿਭਾਗ ਵਲੋਂ ਹਰ ਤਰ੍ਹਾਂ ਦਾ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

# ਗੁਰੂ ਨਾਨਕ ਨੈਸ਼ਨਲ ਕਾਲਜ 'ਚ ਕਿੱਤਾਮੁਖੀ ਵਰਕਸ਼ਾਪ



**ਦੋਰਾਹਾ (ਹਰਮਿੰਦਰ ਸੇਠ)** ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਫ਼ੈਸ਼ਨ ਡਿਜ਼ਾਈਨਿੰਗ ਵਿਭਾਗ ਦੁਆਰਾ ਹੁਨਰ ਵਿਕਾਸ ਤੇ ਸਮਰੱਥਾ ਨਿਰਮਾਣ ਕਲੱਬ ਅਤੇ ਯੂਥ ਕਲੱਬ ਦੇ ਸਹਿਯੋਗ ਨਾਲ਼ ਜੈਵਿਕ ਸਾਬਣ ਬਣਾਉਣਾ ਬਾਰੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ, ਜਿਸ ਵਿੱਚ ਪ੍ਰੋ. ਸ਼ਵੇਤਾ ਥਾਪਾ ਨੇ ਵਿਦਿਆਰਥੀਆਂ ਨੂੰ ਘਰ ਵਿੱਚ ਹੀ ਜੈਵਿਕ ਸਾਬਣ ਬਣਾਉਣ ਦੀ ਵਿਧੀ ਅਤੇ ਜੈਵਿਕ ਸਾਬਣ ਦੀ ਵਰਤੋਂ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਦਿੱਤੀ। ਕੈਰੀਅਰ ਸੰਬੰਧੀ ਸੇਧ ਦਿੰਦਿਆਂ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਘਰ ਵਿੱਚ ਹੀ ਰਹਿ ਕੇ ਆਪਣੀ ਕਲਾ ਤੇ ਹੁਨਰ ਦਾ ਪ੍ਰਯੋਗ ਕਰਦਿਆਂ ਛੋਟੇ ਪੱਧਰ 'ਤੇ ਕਿੱਤਾ ਸ਼ੁਰੂ ਕਰਕੇ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਪ੍ਰੇਰਿਆ।ਇਸ ਮੌਕੇ ਵਿਦਿਆਰਥੀਆਂ ਨੇ ਨਿੰਮ ਅਤੇ ਐਲੋਵੇਰਾ ਸਾਬਣ, ਹਲਦੀ-ਚੰਦਨ ਸਾਬਣ, ਚਾਰਕੋਲ ਸਾਬਣ, ਸ਼ੀਆ ਬਟਰ ਸਾਬਣ ਤੇ ਪਪੀਤਾ ਸਕਰੱਬ ਸਮੇਤ ਵੱਖ-ਵੱਖ ਤਰ੍ਹਾਂ ਦੇ ਸਾਬਣ ਬਣਾਉਣ ਦੀ ਪ੍ਰਕਿਰਿਆ ਨੂੰ ਘੋਖਿਆ।ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਨੂੰ ਰਸਾਇਣ-ਅਧਾਰਿਤ ਉਤਪਾਦਾਂ ਦੀ ਵਰਤੋਂ ਨੂੰ ਘੱਟ ਕਰਕੇ ਜੈਵਿਕ ਤੇ ਕੁਦਰਤੀ ਵਸਤੂਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਵੱਖ-ਵੱਖ ਕਲਾਸਾਂ ਦੇ 35 ਵਿਦਿਆਰਥੀਆਂ ਨੇ ਹਿੱਸਾ ਲਿਆ।

# ਤਲਵੰਡੀ ਸਾਬੋ ਦੀ ਪ੍ਰਮੁੱਖ ਸੜਕ ਦਾ ਨਾਂਅ ਹੋਵੇਗਾ ਨਿਹਾਲ ਸਿੰਘ ਮਾਰਗ

**ਤਲਵੰਡੀ ਸਾਬੋ (ਜਗਦੀਪ ਗਿੱਲ)**- ਬਾਜਾਂ ਵਾਲੇ ਗੁਰੂ ਦੀ ਚਰਨ ਛੋਹ ਪ੍ਰਾਪਤ ਧਰਤੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਖੰਡਾ ਚੌਂਕ ਤੋਂ ਲੈ ਕੇ ਵਿਰਾਸਤਾ ਗਿੱਲਾਂ ਵਾਲਾ ਖੂਹ ਤੋਂ ਗੁਰੂ ਕਾਸ਼ੀ ਕਾਲਜ ਤੱਕ ਬਣਾਈ ਜਾਣ ਵਾਲੀ ਸੜਕ ਦਾ ਨਾਂਅ ਨਿਹਾਲ ਸਿੰਘ ਮਾਰਗ ਰੱਖਿਆ ਜਾਵੇਗਾ। ਇਹ ਐਲਾਨ ਪਿਛਲੇ ਦਿਨੀ ਰੱਬ ਨੂੰ ਪਿਆਰੇ ਹੋ ਚੁੱਕੇ ਤਲਵੰਡੀ ਸਾਬੋ ਦੇ ਜੰਮਪਲ ਉੱਘੇ ਕਵੀ ਅਤੇ ਕਵੀਸ਼ਰ ਨਿਹਾਲ ਸਿੰਘ ਦੇ ਭੋਗ ਸਮਾਰੋਹ ਉਪਰ ਬੋਲਦਿਆਂ ਕੈਬਨਿਟ ਰੈਂਕ ਹਲਕਾ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਨੇ ਕੀਤਾ।ਉਨਾਂ ਕਿਹਾ ਕਿ ਲਿਖਾਰੀਆਂ ਦੀ ਧਰਤੀ ਵਜੋਂ ਜਾਣੀ ਜਾਂਦੀ ਦਮਦਮਾ ਸਾਹਿਬ ਦੀ ਇਹ ਧਰਤੀ ਜਿੱਥੇ ਗੁਰਦੁਆਰਾ ਲਿਖਣਸਰ ਵੀ ਮੌਜੂਦ ਹੈ, ਦੇ ਜਾਏ ਨਿਹਾਲ ਸਿੰਘ ਨੇ ਆਪਣੀਆਂ ਕਵਿਤਾਵਾਂ, ਕਿੱਸਿਆਂ ਤੇ ਇਤਿਹਾਸਕ ਪ੍ਰਸੰਗਾਂ ਰਾਹੀਂ ਸਾਡੀ ਵਿਰਾਸਤ, ਇਤਿਹਾਸ ਅਤੇ ਸਮਾਜ ਦੀ ਜਿੰਨੀ ਸੇਵਾ ਕੀਤੀ ਹੈ, ਕੁਝ ਵੀ ਕਰਕੇ ਉਸ ਦਾ ਮੁੱਲ ਤਾਂ ਨਹੀਂ ਮੋੜਿਆ ਜਾ ਸਕਦਾ ਪ੍ਰੰਤੂ ਉਹਨਾਂ ਦੀ ਯਾਦ ਨੂੰ ਹਮੇਸ਼ਾ ਲਈ ਤਾਜ਼ਾ ਰੱਖਣ ਲਈ ਸਰਕਾਰ ਦੀ ਤਰਫ ਤੋਂ ਸ਼ਰਧਾਜਲੀ ਵਜੋਂ ਅਸੀਂ ਇਹ ਨਿਗੂਣਾ ਜਿਹਾ ਯਤਨ ਕਰ ਰਹੇ ਹਾਂ।ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਟੇਕ ਸਿੰਘ ਧਨੌਲਾ ਨੇ ਨਿਹਾਲ ਸਿੰਘ ਵੱਲੋਂ ਆਪਣੀ ਕਲਮ ਅਤੇ ਕਵਿਤਾ ਰਾਹੀਂ ਸਿੱਖੀ ਦੇ ਪ੍ਰਚਾਰ ਅਤੇ ਪੂਰੀ ਹਯਾਤੀ ਘਾਲੀਆਂ ਘਾਲਣਾਵਾਂ ਦੀ ਪ੍ਰਸ਼ੰਸਾ ਕੀਤੀ।ਉਹਨਾਂ ਕਿਹਾ ਕਿ ਨਿਹਾਲ ਸਿੰਘ ਭਾਵੇਂ ਜਿਸਮਾਨੀ ਤੌਰ 'ਤੇ ਅੱਜ ਸਾਡੇ ਵਿੱਚ ਨਹੀਂ ਰਿਹਾ ਪਰੰਤੂ



ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਉਹਨਾਂ ਵੱਲੋਂ ਪਾਏ ਵੱਡੇ ਯੋਗਦਾਨ ਦੀ ਬਦੌਲਤ ਉਹ ਸਦਾ ਹੀ ਜ਼ਿੰਦਾ ਰਹਿਣਗੇ ਅਤੇ ਉਹਨਾਂ ਦੀਆਂ ਰਚਨਾਵਾਂ ਸਾਡਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ।ਇਸ ਮੌਕੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਦਿਆਲ ਸਿੰਘ ਸੋਢੀ ਨੇ ਜਿੱਥੇ ਨਿਹਾਲ ਸਿੰਘ ਨੂੰ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਉੱਥੇ ਉਹਨਾਂ ਨਾਲ ਆਈ ਉਹਨਾਂ ਦੀ ਪਾਰਟੀ ਦੇ ਵਰਕਰਾਂ ਦੀ ਪੂਰੀ ਟੀਮ ਨੇ ਨਿਹਾਲ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਸਿੱਖਿਆ ਵਿਭਾਗ ਚੋਂ ਸੇਵਾ ਮੁਕਤ ਹੋਏ ਰਾਸ਼ਟਰਪਤੀ ਅਵਾਰਡੀ ਤੇ ਪੰਜਾਬ ਦੇ ਉੱਘੇ ਕਵੀਸ਼ਰ ਮਾਸਟਰ ਰੇਵਤੀ ਰਮਨ ਸ਼ਰਮਾ ਨੇ ਕਿਹਾ ਕਿ ਸਹਿਤ ਤੇ ਸੱਭਿਆਚਾਰ ਦੀ ਸੇਵਾ ਕਰਦਿਆਂ ਨਿਹਾਲ ਸਿੰਘ ਪੌਣੀ ਸਦੀ ਤੋਂ ਵੱਧ ਦਾ ਸਮਾਂ ਇਸ ਖੇਤਰ ਦੇ ਲੇਖੇ ਲਾ ਗਿਆ। ਇਸ ਮੌਕੇ ਮਾਸਟਰ ਜਗਦੀਪ ਸਿੰਘ ਗੋਗੀ, ਖੁਸ਼ਦੀਪ ਸਿੰਘ ਬੱਬੀ ਚੱਠਾ ,ਉਜਾਗਰ ਸਿੰਘ ਢਿੱਲੋਂ, ਸਾਹਿਤਕਾਰ ਦਰਸ਼ਨ ਸਿੰਘ ਭੰਮੇ, ਗੋਪਾਲ ਕ੍ਰਿਸ਼ਨ ਬਾਂਸਲ, ਦਵਿੰਦਰ ਸਿੰਘ ਸੂਬਾ, ਹਰਬੰਸ ਸਿੰਘ ਸਾਬਕਾ ਐਮ ਸੀ, ਬਾਬੂ ਸਿੰਘ ਗਿੱਲ, ਰਵੀ ਪ੍ਰੀਤ ਸਿੰਘ ਸਿੱਧੂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਬਾਬੂ ਸਿੰਘ ਮਾਨ, ਉਦੇ ਵੀਰ ਸਿੰਘ ਜਗਾ ਰਾਮ ਤੀਰਥ, ਗੁਰੂ ਕਾਸ਼ੀ ਸਾਹਿਤ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਚੱਠਾ, ਚੇਤਾ ਸਿੰਘ ਮਹਿਰਮੀਆਂ, ਬਹੁਤ ਸਾਰੇ ਰਾਗੀ ਢਾਡੀ ਕਵੀ ਕਵੀਸ਼ਰ, ਸਕੇ ਸਬੰਧੀ ਅਤੇ ਨਿਹਾਲ ਸਿੰਘ ਨੂੰ ਚਾਹੁਣ ਵਾਲਿਆਂ ਦਾ ਵਿਸ਼ਾਲ ਇਕੱਠ ਮੌਜੂਦ ਸੀ। ਅੰਤ ਵਿੱਚ ਆਪਣੇ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਬੁੰਗਾ ਮਸਤੂਆਣਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕਾਕਾ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ ਜਦੋਂ ਕਿ ਮੰਚ ਸੰਚਾਲਣ ਦੀ ਸੇਵਾ ਗੁਰਦੀਪ ਸਿੰਘ ਗਦਾਰਾ ਨੇ ਨਿਭਾਈ।

# ਅਨੁਸੂਚਿਤ ਕਮਿਸ਼ਨ ਦੇ ਮੈਂਬਰ ਇੱਟਾਂਵਾਲੀ ਵੱਲੋਂ ਪਿੰਡ ਵੱਡਾ ਸੜੀਆ ਦਾ ਦੌਰਾ



**ਜਲਾਲਾਬਾਦ (ਜੀਤ ਕੁਮਾਰ)**- ਅਨੁਸੂਚਿਤ ਕਮਿਸ਼ਨ ਪੰਜਾਬ ਦੇ ਮੈਂਬਰ ਸ੍ਰ. ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਤਹਿਸੀਲ ਜਲਾਲਾਬਾਦ ਦੇ ਅਧੀਨ ਆਉਂਦੇ ਪਿੰਡ ਵੱਡਾ ਸੜੀਆ ਵਿਖੇ ਜਸਪਾਲ ਸਿੰਘ ਭੱਟੀ ਦੇ ਘਰ ਪੁੱਜੇ ਤੇ ਇਸ ਦੌਰਾਨ ਉਨ੍ਹਾਂ ਵੱਲੋਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਮੌਕੇ 'ਤੇ ਹੱਲ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਪ੍ਰਸ਼ਾਸਨਕ ਅਧਿਕਾਰੀ ਵੀ ਪਹੁੰਚੇ। ਜਿਸ ਵਿੱਚ ਜਲਾਲਾਬਾਦ ਦੇ ਡੀ.ਐੱਸ.ਪੀ., ਜਲਾਲਾਬਾਦ ਦੇ ਤਹਿਸੀਲਦਾਰ, ਥਾਣਾ ਵੈਰੋਕੇ ਦੇ ਐੱਸ.ਐੱਚ.ਓ., ਤਹਿਸੀਲ ਭਲਾਈ ਅਫਸਰ ਤੇ ਐੱਸ.ਸੀ. ਕਮਿਸ਼ਨ ਪੰਜਾਬ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਦੇ ਨਾਲ ਉਨ੍ਹਾਂ ਦੇ ਨਿੱਜੀ ਸਕੱਤਰ ਹਰਜਿੰਦਰ ਸਿੰਘ ਫਿਰੋਜਸ਼ਾਹ ਮੌਜੂਦ ਰਹੇ। ਇਸ ਮੌਕੇ ਐੱਸ.ਸੀ. ਕਮਿਸ਼ਨ ਪੰਜਾਬ ਦੇ ਮੈਂਬਰ ਸ੍ਰ. ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦਾ ਧੱਕਾ ਨਹੀਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਇਸ ਲਈ ਜੇਕਰ ਕਿਸੇ ਵੀ ਐੱਸ.ਸੀ. ਜਾਤੀਆਂ ਨਾਲ ਸਬੰਧਤ ਵਿਅਕਤੀ ਨੂੰ ਆਪਣੇ ਕੰਮਾਂ ਲਈ ਇਨਸਾਫ ਨਹੀਂ ਮਿਲ ਰਿਹਾ ਹੋਵੇ ਤਾਂ ਉਹ ਬਿਨਾਂ ਕਿਸੇ ਦੇਰੀ ਦੇ ਉਨ੍ਹਾਂ ਕੋਲ ਲਿਖਤੀ ਰੂਪ ਵਿੱਚ ਸ਼ਿਕਾਇਤ ਦਰਜ ਕਰਵਾ ਸਕਦਾ ਹੈ, ਜਿਸ 'ਤੇ ਉਸ ਵਿਅਕਤੀ ਨੂੰ ਇਨਸਾਫ ਦਿਵਾਇਆ ਜਾਵੇਗਾ। ਇਸ ਦੌਰੇ ਦੌਰਾਨ ਐੱਸ.ਸੀ. ਕਮਿਸ਼ਨ ਪੰਜਾਬ ਦੇ ਮੈਂਬਰਾਂ ਸ੍ਰ. ਗੁਰਪ੍ਰੀਤ ਸਿੰਘ ਇੱਟਾਂਵਾਲੀ ਵੱਲੋਂ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਆ ਰਹੀਆਂ ਵੱਖ ਵੱਖ ਮੁਸ਼ਕਲਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਪਰਵਾਰਾਂ ਨੂੰ ਦਰਪੇਸ਼ ਵੱਖ-ਵੱਖ ਸਮੱਸਿਆਵਾਂ ਦੇ ਹੱਲ ਲਈ ਸਰਕਾਰੀ ਪੱਧਰ 'ਤੇ ਖਾਸ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਗੰਭੀਰਤਾ ਨਾਲ ਹੱਲ ਕੀਤਾ ਜਾਵੇਗਾ ਤੇ ਜ਼ਮੀਨੀ ਪੱਧਰ 'ਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਪਹੁੰਚਾਇਆ ਜਾਵੇਗਾ।

# ਸਿਹਤ ਮੁਲਾਜ਼ਮਾਂ ਵੱਲੋਂ ਐਸਮਾ ਐਕਟ ਤੇ ਘੱਟ ਪੇ-ਗਰੇਡ ਦਾ ਵਿਰੋਧ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਸਰਕਾਰ ਵੱਲੋਂ ਨਰਸਿੰਗ ਕੇਡਰ ਦਾ ਪੇ-ਗ੍ਰੇਡ ਘਟਾ ਕੇ 3200 ਕਰਨ ਤੇ ਨਵੇਂ ਮੁਲਾਜ਼ਮਾਂ ਨੂੰ 2800 ਦਾ ਪੇ-ਗ੍ਰੇਡ ਦੇਣ ਦੇ ਵਿਰੋਧ ਵਿੱਚ ਸਟਾਫ਼ ਨਰਸਿਜ਼ ਵੈੱਲਫੇਅਰ ਐਸੋਸੀਏਸ਼ਨ ਆਫ਼ ਪੰਜਾਬ ਸਮੇਤ ਕਈ ਜਥੇਬੰਦੀਆਂ ਨੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਇਸ ਤੋਂ ਇਲਾਵਾ ਸਰਕਾਰ ਦੁਆਰਾ ਲਾਗੂ ਕੀਤੇ ਗਏ ਐਸਮਾ ਐਕਟ 1947 ਦਾ ਵੀ ਸਿਹਤ ਮੁਲਾਜ਼ਮਾਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ। ਪਟਿਆਲਾ ਦੇ ਰਜਿੰਦਰਾ ਹਸਪਤਾਲ ਵਿੱਚ ਚੱਲ ਰਹੇ ਧਰਨੇ ਦੇ ਸਮਰਥਨ ਵਿੱਚ ਪੂਰੇ ਪੰਜਾਬ ਵਿਚ ਨਰਸਿੰਗ ਸਟਾਫ਼ ਨੇ ਕਾਲੇ ਬਿੱਲੇ ਲਾ ਕੇ ਡਿਊਟੀ ਕੀਤੀ। ਇਸ ਦੌਰਾਨ ਪੈਰਾਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਤੇ ਸਟਾਫ਼ ਨਰਸਿਜ਼ ਵੈੱਲਫੇਅਰ ਐਸੋਸੀਏਸ਼ਨ ਫ਼ਿਰੋਜ਼ਪੁਰ ਨੇ ਸਿਵਲ ਸਰਜਨਾਂ ਰਾਹੀਂ ਪੰਜਾਬ ਦੇ ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਨੂੰ ਮੰਗ ਪੱਤਰ ਸੌਂਪਿਆ। ਐਸੋਸੀਏਸ਼ਨ ਦੇ ਜ਼ਿਲ੍ਹਾ ਮੀਡੀਆ ਸਕੱਤਰ ਮਲਕੀਤ ਸਿੰਘ ਨੇ ਦੱਸਿਆ ਕਿ



ਸਰਕਾਰ ਲੰਬੇ ਸਮੇਂ ਤੋਂ ਮੁਲਾਜ਼ਮਾਂ ਦਾਸ਼ੋਸ਼ਣ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਐਸਮਾ ਐਕਟ ਨੂੰ ਤੁਰੰਤ ਵਾਪਸ ਲਿਆ ਜਾਵੇ ਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਮੰਨਿਆ ਜਾਵੇ ਤਾਂ ਜੋ ਪ੍ਰਭਾਵਿਤ ਹੋ ਰਹੀਆਂ ਸਿਹਤ ਸੇਵਾਵਾਂ ਨੂੰ ਬਹਾਲ ਕੀਤਾ ਜਾ ਸਕੇ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸਾਦ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਐਸਮਾ ਐਕਟ ਵਾਪਸ ਨਾ ਲਿਆ ਤਾਂ ਸਮੁੱਚੇ ਮੁਲਾਜ਼ਮ ਵਰਗ ਹੜਤਾਲ 'ਤੇ ਚਲੇ ਜਾਣਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਜ਼ਿਲ੍ਹਾ ਪ੍ਰਧਾਨ ਡਲਫੀਨਾ, ਵਾਈਸ ਪ੍ਰਧਾਨ ਅਨੀਤਾ, ਜਰਨਲ ਸੈਕਟਰੀ ਜਸਵਿੰਦਰ ਸਿੰਘ ਕੌੜਾ, ਡਿਪਟੀ ਜਨਰਲ ਸੈਕਟਰੀ ਗੁਰਮੇਲ ਸਿੰਘ ਤੇ ਜੁਆਇੰਟ ਸੈਕਟਰੀ ਭਾਰਤ ਭੂਸ਼ਣ, ਪੈਰਾਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਦੇ ਜਨਰਲ ਸੈਕਟਰੀ ਜਸਵਿੰਦਰ ਸਿੰਘ ਕੌੜਾ ਤੇ ਮੁੱਖ ਸਲਾਹਕਾਰ ਰਾਮ ਪ੍ਰਸਾਦ, ਸਿਵਲ ਸਰਜਨ ਦਫਤਰ ਦੇ ਪ੍ਰਧਾਨ ਮਨਿੰਦਰ ਸਿੰਘ ਆਦਿ ਮੈਂਬਰ ਹਾਜ਼ਰ ਹੋਏ।

# ਧੂਰੀ ਖੰਡ ਮਿੱਲ ਬਾਰੇ ਆਪਣੀ 'ਸਿਆਸੀ ਚੁੱਪੀ' ਤੋੜਣ ਮੁੱਖ ਮੰਤਰੀ : ਦੌਲਤਪੁਰ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**- ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਦੇ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਧੂਰੀ ਖੰਡ ਮਿੱਲ ਦੇ ਬੰਦ ਹੋਣ ਦੇ ਮਾਮਲੇ ਵਿੱਚ ਚੁੱਪੀ ਤੋੜ ਕੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਸਿੱਧੀ ਅਪੀਲ ਕੀਤੀ ਹੈ। ਦੌਲਤਪੁਰ ਨੇ ਕਿਹਾ ਕਿ ਇਹ ਉਹੀ ਖੰਡ ਮਿੱਲ ਹੈ, ਜਿਸ ਬਾਰੇ ਭਗਵੰਤ ਮਾਨ ਨੇ ਸਾਂਸਦ ਹੋਣ ਸਮੇਂ ਪਾਰਲੀਮੈਂਟ ਵਿੱਚ ਗੰਨਾ ਕਾਸ਼ਤਕਾਰਾਂ ਦੇ ਹੱਕ ਵਿੱਚ ਤਰਜ਼ਮਾਨੀ ਕੀਤੀ ਸੀ।ਉਸ ਸਮੇਂ ਉਨ੍ਹਾਂ ਕਿਸਾਨਾਂ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਠਾਇਆ ਸੀ, ਪਰ ਅੱਜ ਜਦੋਂ ਉਹ ਸੂਬੇ ਦੇ ਮੁੱਖ ਮੰਤਰੀ ਤੇ ਧੂਰੀ ਹਲਕੇ ਦੇ ਵਿਧਾਇਕ ਹਨ, ਤਾਂ ਇਸ ਮਹੱਤਵਪੂਰਨ ਪ੍ਰੋਜੈਕਟ ਬਾਰੇ ਚੁੱਪੀ ਬਹੁਤ ਵੱਡਾ ਸਵਾਲ ਖੜ੍ਹਾ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਖੰਡ ਮਿੱਲ ਦੇ ਬੰਦ ਹੋਣ ਨਾਲ ਸਿਰਫ਼ ਗੰਨਾ ਕਾਸ਼ਤਕਾਰਾਂ ਨੂੰ ਹੀ ਨਹੀਂ, ਸਗੋਂ ਹਲਕੇ ਦੇ ਸੈਂਕੜਿਆਂ ਪਰਵਾਰਾਂ ਨੂੰ ਰੋਜ਼ਗਾਰ ਦੇ ਮੌਕੇ ਤੋਂ ਵਾਂਝੇ ਹੋਣਾ ਪਿਆ ਹੈ।ਧੂਰੀ ਹਲਕੇ ਦੇ ਲੋਕਾਂ ਨੂੰ ਉਮੀਦ ਸੀ ਕਿ ਮੁੱਖ ਮੰਤਰੀ ਬਣਨ ਤੋਂ ਬਾਅਦ ਭਗਵੰਤ ਮਾਨ ਖੇਤਰ ਵਿੱਚ ਨਵੀਆਂ ਉਦਯੋਗਿਕ ਇਕਾਈਆਂ ਲਿਆਉਣਗੇ, ਪਰ ਹਕੀਕਤ ਇਹ ਹੈ ਕਿ ਜੋ ਚੱਲਦਾ ਵੱਡਾ ਪ੍ਰੋਜੈਕਟ ਸੀ, ਉਹ ਵੀ ਬੰਦ ਹੋ ਗਿਆ। ਉਨ੍ਹਾਂ ਸਪੱਸ਼ਟ ਕਿਹਾ ਕਿ ਇਹ ਮਾਮਲਾ ਸਿਰਫ਼ ਰੋਜ਼ਗਾਰ ਜਾਂ ਉਦਯੋਗ ਦਾ ਹੀ ਨਹੀਂ, ਸਗੋਂ ਖੇਤਰ ਦੇ ਕਿਸਾਨਾਂ ਤੇ ਲੋਕਾਂ ਦੇ ਭਵਿੱਖ ਨਾਲ ਸਿੱਧਾ ਜੁੜਿਆ ਹੋਇਆ ਹੈ।ਇਸ ਲਈ ਮੁੱਖ ਮੰਤਰੀ ਸਾਹਿਬ ਨੂੰ ਆਪਣਾ ਸਟੈਂਡ ਜ਼ਰੂਰ ਸਪੱਸ਼ਟ ਕਰਨਾ ਚਾਹੀਦਾ ਹੈ।



# ਐੱਨ ਪੀ ਐੱਸ ਕਰਮਚਾਰੀਆਂ ਵੱਲੋਂ ਜ਼ਿਲ੍ਹਾ ਪੱਧਰੀ ਇੱਕ ਰੋਜ਼ਾ ਭੁੱਖ ਹੜਤਾਲ

## * ਸਰਕਾਰ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ 'ਚ ਮਹਾਂਰੈਲੀ ਕਰਨ ਦੀ ਦਿੱਤੀ ਚਿਤਾਵਨੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਸੱਦੇ 'ਤੇ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਤੇ ਸੀਪੀਐੱਫ ਕਰਮਚਾਰੀ ਯੂਨੀਅਨ ਨੇ ਸਾਂਝੇ ਤੌਰ 'ਤੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲੈ ਕੇ ਇੱਕ ਰੋਜ਼ਾ ਭੁੱਖ ਹੜਤਾਲ ਰੱਖੀ। ਜ਼ਿਲ੍ਹਾ ਕਨਵੀਨਰ ਲਵਪ੍ਰੀਤ ਸਿੰਘ ਰੋੜਾਂਵਾਲੀ, ਗੁਰਪ੍ਰੀਤ ਸਿੰਘ ਰੰਗੀਲਪੁਰ, ਲਖਵਿੰਦਰ ਸਿੰਘ ਭੌਰ, ਮੇਵਾ ਸਿੰਘ, ਕੁਲਦੀਪ ਪੁਰੇਵਾਲ ਦੀ ਅਗਵਾਈ ਵਿੱਚ ਅਧਿਆਪਕ ਅਤੇ ਕਰਮਚਾਰੀ ਵੱਡੀ ਗਿਣਤੀ ਵਿੱਚ ਭੁੱਖ-ਹੜਤਾਲ ਤੇ ਬੈਠੇ। ਇਸ ਮੌਕੇ ਉਨ੍ਹਾਂ ਚੇਤਾਵਨੀ ਦਿੰਦਿਆਂ ਮੰਗ ਕੀਤੀ ਕਿ ਜੇਕਰ ਉਨ੍ਹਾਂ ਦੀ ਮੰਗ ਨੂੰ ਅਣਗੌਲਿਆ ਕੀਤਾ ਗਿਆ ਤਾਂ ਮੁਲਾਜ਼ਮ 25 ਨਵੰਬਰ ਨੂੰ ਦਿੱਲੀ ਕੂਚ ਕਰਨਗੇ।ਇਸ ਬਾਰੇ ਜਾਣਕਾਰੀ ਦਿੰਦਿਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਮੁੱਖ ਬੁਲਾਰਿਆਂ ਅਨਿਲ ਕੁਮਾਰ ਲਾਹੌਰੀਆ, ਦਿਲਦਾਰ ਸਿੰਘ ਭੰਡਾਲ, ਬਲਜੀਤ ਸਿੰਘ ਦੀਨਾਨਗਰ, ਸੁਖਵਿੰਦਰ ਸਿੰਘ ਬਟਾਲਾ, ਜੁਗਲ ਕਿਸ਼ੋਰ ਬੱਲ, ਰਜੇਸ਼ ਮਹਾਜਨ, ਚੇਤਨ ਮਹਾਜਨ, ਹਰਜੀਤ ਸਿੰਘ



ਕਾਹਨੂੰਵਾਨ, ਹਰਪ੍ਰੀਤ ਸਿੰਘ, ਅਮਨਦੀਪ, ਜਸਪਾਲ ਸਿੰਘ ਵਿੰਝਵਾਂ, ਕੰਵਰ ਨੌਨਿਹਾਲ ਸਿੰਘ, ਹਰਵਿੰਦਰ ਸਿੰਘ ਘੁਮਾਣ, ਰਜੇਸ਼ ਮਹਾਜਨ, ਸੇਵਕ ਸਿੰਘ, ਅਸ਼ੋਕ ਸ਼ਰਮਾ ਨੇ ਦੱਸਿਆ ਕਿ ਕੇਂਦਰ ਅਤੇ ਰਾਜ ਸਰਕਾਰਾਂ ਅਧਿਆਪਕ ਦਿਵਸ ਤੇ ਅਧਿਆਪਕਾਂ ਦੇ ਮਾਨ ਸਨਮਾਨ ਦੇ ਫੋਕੇ ਦਾਅਵੇ ਕਰਦੇ ਹਨ ਪਰ ਮੁਲਾਜ਼ਮਾਂ ਦਾ ਮਾਨ-ਸਨਮਾਨ ਸਮਾਜਿਕ ਸੁਰੱਖਿਆ ਵਿੱਚ ਹੈ ਜੋ ਕਿ ਰਾਜ ਅਤੇ ਕੇਂਦਰ ਸਰਕਾਰ ਦੋਵੇਂ ਦੇਣ ਤੋਂ ਮੁਨਕਰ ਹਨ।ਹੜਤਾਲ ਵਿੱਚ ਪੰਜਾਬ ਦੇ ਸਮੂਹ ਐੱਨਪੀਐੱਸ ਕਰਮਚਾਰੀਆਂ ਨੇ ਭਾਗ ਲੈ ਕੇ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀ ਭੁੱਖ ਹੜਤਾਲ ਵਿੱਚ ਹੋਏ ਭਰਵੇਂ ਇਕੱਠ ਨੂੰ ਅਣਗੌਲਿਆ ਤਾਂ 25 ਨਵੰਬਰ ਨੂੰ ਮੁਲਾਜ਼ਮਾਂ ਵੱਲੋਂ ਰਾਮ ਲੀਲਾ ਮੈਦਾਨ ਦਿੱਲੀ ਵਿੱਚ ਮਹਾਰੈਲੀ ਕੀਤੀ ਜਾਵੇਗੀ। ਇਸ ਮੌਕੇ ਵਰਜਿੰਦਰ ਸਿੰਘ ਭੁੱਲਰ, ਜਗਿੰਦਰਪਾਲ, ਓਮ ਪ੍ਰਕਾਸ਼, ਕੁਲਦੀਪ ਸਿੰਘ, ਪੂਨਮਜੀਤ ਕੌਰ, ਰਮਨਦੀਪ ਕੌਰ, ਨੀਤੀ, ਸੋਨੀ ਕੌਰ, ਹੈਰੀ ਰੰਧਾਵਾ, ਰਣਜੀਤ ਕੌਰ, ਕਿਰਨਦੀਪ, ਹਰਜਿੰਦਰ ਕੌਰ, ਹਰਬੰਸ ਸਿੰਘ, ਹੇਮੰਤ, ਸੰਜੀਵ ਕੁਮਾਰ, ਅਸ਼ੋਕ ਕੁਮਾਰ, ਕੁਲਜੀਤ ਸਿੰਘ, ਬਲਜੀਤ ਸਿੰਘ, ਮਨਜੀਤ ਸਿੰਘ, ਰਜ਼ਨੀਸ਼ ਕੁਮਾਰ, ਮੁਖਤਿਆਰ ਸਿੰਘ, ਪ੍ਰੇਮ ਸਿੰਘ, ਦੀਪਕ, ਵਿਸ਼ਾਲ ਕੁਮਾਰ, ਅਮਿਤੇਸ਼ਵਰ ਚੌਧਰੀ, ਗੁਰਮੁਖ ਸਿੰਘ, ਮਨਪ੍ਰੀਤ ਸਿੰਘ ਸੋਹਲ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਤਲੁਜ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਖੇਡ ਮੁਕਾਬਲਿਆਂ 'ਚ ਮਾਰੀਆਂ ਮੱਲਾਂ

ਪੱਟੀ (ਬਲਦੇਵ ਸਿੰਘ ਸੰਧੂ)- ਸਤਲੁਜ ਪਬਲਿਕ ਸੀਨੀ ਸੈਕੰ ਸਕੂਲ, ਠੱਕਰਪੁਰਾ ਦੀ ਵਿਦਿਆਰਥਣ ਨੂੰ ਜ਼ਿਲ੍ਹਾ ਪੱਧਰ ਐਥਲੈਟਿਕਸ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਿਲ ਕੀਤੀਆਂ। ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਠੱਕਰਪੁਰਾ ਦੀ ਦਸਵੀਂ ਕਲਾਸ ਦੀ ਵਿਦਿਆਰਥਣ ਜਸ਼ਨਦੀਪ ਕੌਰ ਨੇ



ਜ਼ਿਲ੍ਹਾ ਪੱਧਰ ਤੇ ਹੋਏ ਐਥਲੈਟਿਕਸ ਮੁਕਾਬਲਿਆਂ ਵਿਚ ਪਹਿਲਾ ਸਥਾਨ ਹਾਸਲ ਕੀਤਾ।ਜਸ਼ਨਦੀਪ ਕੌਰ ਨੇ 200 ਮੀਟਰ ਵਿੱਚ ਪਹਿਲਾ, 100 ਮੀਟਰ ਵਿੱਚ ਪਹਿਲਾ ; ਰਿਲੇਅ 400 ਮੀਟਰ ਅਤੇ 100 ਮੀਟਰ ਵਿੱਚ ਵੀ ਪਹਿਲਾ ਸਥਾਨ ਹਾਸਲ ਕਰਕੇ ਪੂਰੇ ਜ਼ਿਲ੍ਹੇ ਵਿੱਚ ਆਪਣੇ ਸਕੂਲ ਅਤੇ ਆਪਿਆਂ ਦਾ ਨਾਂਅ ਰੌਸ਼ਨ ਕੀਤਾ ।

ਇਸ ਮੌਕੇ ਮੈਨੇਜਮੈਂਟ ਮੈਂਬਰ ਹਰਬੀਰ ਸਿੰਘ, ਹਰਨੂਰ ਸਿੰਘ, ਮੈਡਮ ਪਰਮਿੰਦਰ ਕੌਰ, ਪ੍ਰਿੰਸੀਪਲ ਮੈਡਮ ਰਾਜਬੀਰ ਕੌਰ ਅਤੇ ਵਾਇਸ ਪ੍ਰਿੰਸੀਪਲ ਮੈਡਮ ਦਲਬੀਰ ਕੌਰ ਤੇ ਬੱਚੇ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿਤੀ ਅਤੇ ਆਉਣ ਵਾਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆ ।ਆਉਣ ਵਾਲੇ ਸਮੇਂ ਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ ।

# ਧਾਰੀਵਾਲ ਦਾਣਾ ਮੰਡੀ 'ਚ ਕੈਬਨਿਟ ਮੰਤਰੀ ਕਟਾਰੂਚੱਕ ਨੇ ਝੋਨੇ ਦੀ ਖ਼ਰੀਦ ਦਾ ਲਿਆ ਜਾਇਜ਼ਾ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੂਬਾ ਸਰਕਾਰ ਵੱਲੋਂ ਝੋਨੇ ਦੀ ਖ਼ਰੀਦ ਲਈ ਰਾਜ ਭਰ ਵਿੱਚ 1822 ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਸਾਰੀਆਂ ਹੀ ਮੰਡੀਆਂ ਵਿੱਚ 16 ਸਤੰਬਰ ਤੋਂ ਝੋਨੇ ਦੀ ਖ਼ਰੀਦ ਨਿਰਵਿਘਨ ਜਾਰੀ ਹੈ।ਇਹ ਪ੍ਰਗਟਾਵਾ ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦਾਣਾ ਮੰਡੀ ਧਾਰੀਵਾਲ ਵਿਖੇ ਝੋਨੇ ਦੀ ਖ਼ਰੀਦ ਦਾ ਜਾਇਜ਼ਾ ਲੈਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਐੱਸਡੀਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।ਸ੍ਰੀ ਕਟਾਰੂਚੱਕ ਨੇ ਦੱਸਿਆ ਕਿ ਹੁਣ ਤੱਕ ਰਾਜ ਭਰ ਦੀਆਂ ਮੰਡੀਆਂ ਵਿੱਚ ਤਕਰੀਬਨ 256000 ਮੀਟਰਿਕ ਟਨ ਝੋਨਾ ਆਇਆ ਹੈ ਜਿਸ ਵਿੱਚੋਂ 241000 ਮੀਟਰਿਕ ਟਨ ਖ਼ਰੀਦਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਮੰਡੀਆਂ ਵਿਚ ਖ਼ਰੀਦੇ ਗਏ ਝੋਨੇ ਦੀ ਨਾਲੋ-ਨਾਲ ਲਿਫ਼ਟਿੰਗ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸੂਬੇ ਦੀਆਂ ਸਾਰੀਆਂ ਮੰਡੀਆਂ ਵਿੱਚ ਸਫ਼ਾਈ, ਬਿਜਲੀ, ਪੀਣ ਵਾਲਾ ਪਾਣੀ, ਵਾਸ਼ਰੂਮ, ਸ਼ੈੱਡ ਅਤੇ ਬੈਠਣ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਜ਼ਿਲ੍ਹੇ ਅੰਦਰ 92 ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਸਾਰੇ ਹੀ ਖ਼ਰੀਦ ਕੇਂਦਰਾਂ ਵਿੱਚ ਝੋਨੇ ਦੀ ਖ਼ਰੀਦ ਜਾਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਗਈ ਫ਼ਸਲ ਦਾ ਇੱਕ-ਇੱਕ ਦਾਣਾ ਖ਼ਰੀਦਿਆ ਜਾਵੇਗਾ।ਇਸ ਮੌਕੇ ਕਟਾਰੂਚੱਕ ਨੇ ਮੰਡੀ ਵਿੱਚ ਆਏ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਵੀ ਗੱਲਬਾਤ ਕੀਤੀ।ਇਸ ਮੌਕੇ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਵਿਰਕ,



ਜ਼ਿਲ੍ਹਾ ਖ਼ੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਜਸਵਿੰਦਰ ਸਿੰਘ ਰਿਆੜ, ਸਹਾਇਕ ਫੂਡ ਸਪਲਾਈ ਅਫਸਰ (ਏਐੱਫਐੱਸਓ) ਪ੍ਰਦੀਪ ਖੰਨਾ, ਨੈਸ਼ਨਲ ਅਵਾਰਡੀ ਸਰਪੰਚ ਜਤਿੰਦਰ ਕੌਰ ਖੁੰਡੀ, ਜ਼ਿਲ੍ਹਾ ਮੈਨੇਜਰ ਪਨਸਪ ਸੰਦੀਪ ਸਿੰਘ ਤੋਂ ਇਲਾਵਾ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਅਤੇ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦੇ ਵੀ ਹਾਜ਼ਰ ਸਨ।

# ਸਰਕਾਰੀ ਕਾਲਜ ਗੁਰਦਾਸਪੁਰ ਨੇ ਘਰੇਲੂ ਹਿੰਸਾ ਦੇ ਖ਼ਿਲਾਫ਼ ਸੁਰੱਖਿਆ ਵਿਸ਼ੇ 'ਤੇ ਕਰਵਾਇਆ ਸੈਮੀਨਾਰ

ਗੁਰਦਾਸਪੁਰ, (ਜਨਕ ਮਹਾਜਨ)-ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਘਰੇਲੂ ਹਿੰਸਾ ਦੇ ਖ਼ਿਲਾਫ਼ ਸੁਰੱਖਿਆ ਵਿਸ਼ੇ 'ਤੇ ਇਕ ਸੈਮੀਨਾਰ ਲਗਾਇਆ ਗਿਆ। ਇਸ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ, ਫੈਕਲਟੀ ਅਤੇ ਸਮਾਜ ਵਿਚ ਜਾਗਰੂਕਤਾ ਪੈਦਾ ਕਰਨਾ ਸੀ। ਪ੍ਰੋਗਰਾਮ ਦੀ ਅਗਵਾਈ ਭਰਪ੍ਰੀਤ ਸਿੰਘ ਗੁਪਤਾ, ਚੀਫ ਜੂਡੀਸ਼ੀਅਲ ਮੈਜਿਸਟਰੇਟ, ਗੁਰਦਾਸਪੁਰ ਨੇ ਕੀਤੀ। ਸਮਾਰੋਹ ਵਿਚ ਮਹਿਮਾਨ-ਏ-ਖ਼ਾਸ ਵਜੋਂ ਮਾਨਯੋਗ ਚੀਫ ਜੂਡੀਸ਼ੀਅਲ ਮੈਜਿਸਟਰੇਟ ਹਰਪ੍ਰੀਤ ਸਿੰਘ ਗੁਰਦਾਸਪੁਰ ਹਾਜ਼ਰ ਹੋਏ। ਇਸ ਮੌਕੇ ਵਿਦਿਆਰਥੀਆਂ ਦੇ ਡੈਕਲਾਮੇਸ਼ਨ, ਕੁਇਜ਼, ਡਿਬੇਟ ਅਤੇ ਪੋਸਟਰ ਮੇਕਿੰਗ ਦੇ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਅਤੇ ਸਮਰਪਣ ਦਿਖਾਇਆ।



ਡੈਕਲਾਮੇਸ਼ਨ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਰਿਧਮ ਮਹਾਜਨ, ਦੂਜਾ ਸਥਾਨ ਰਮਨਦੀਪ ਸਿੰਘ ਅਤੇ ਤੀਜਾ ਸਥਾਨ ਕੰਵਰ ਅਤੇ ਦੇਵਾਂਸ਼ ਨੇ ਹਾਸਲ ਕੀਤਾ। ਇਸੇ ਤਰ੍ਹਾਂ ਕਵਿਜ਼ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਕੰਵਰ ਅੱਤਰੀ, ਵੀਰ ਪਾਰਤਾਪ ਸਿੰਘ, ਦੇਵਾਂਸ਼ੀ, ਦੂਜੇ ਸਥਾਨ 'ਤੇ ਅੰਸ਼ੂ ਸਰਮਲ, ਮਨਜੋਤ ਸਿੰਘ, ਹਰਿਤਿਕ ਅਤੇ ਤੀਜੇ ਸਥਾਨ 'ਤੇ ਮੇਘਾ ਸ਼ਰਮਾ, ਪਰਦੀਪ ਕੌਰ ਅਤੇ ਜੈਸਮਿਨ ਸਾਂਝੇ ਤੌਰ 'ਤੇ ਰਹੇ। ਡਿਬੇਟ ਮੁਕਾਬਲੇ ਵਿਚ ਪਹਿਲੇ ਸਥਾਨ 'ਤੇ ਕੰਵਰ ਅਤੇ ਰਮਨਦੀਪ ਸਿੰਘ , ਦੂਜੇ ਸਥਾਨ 'ਤੇ ਮਨਵੀਰ ਅਤੇ ਨਵਨੀਤ ਕੌਰ ਅਤੇ ਤੀਜੇ ਸਥਾਨ 'ਤੇ ਭੂਮਿਕਾ ਅਤੇ ਮਨਪ੍ਰੀਤ ਰਹੇ। ਪੋਸਟਰ ਮੇਕਿੰਗ ਮੁਕਾਬਲਾ ਵਿੱਚ ਪਹਿਲਾ ਸਥਾਨ ਵੈਦੇਹੀ ਨੇ ਹਾਸਲ ਕੀਤਾ ਜਦਕਿ ਨੇਹਾ ਅਤੇ ਸੰਦੀਪ ਸਿੰਘ ਦੂਜੇ ਅਤੇ ਗੀਆ ਮਿਨਹਾਸ ਅਤੇ ਰੰਪਾਲ ਤੀਜੇ ਸਥਾਨ 'ਤੇ ਰਹੇ। ਸੰਤੁਸ਼ਟੀ ਇਨਾਮ ਵਿਸ਼ਾਲ ਅਤੇ ਮਨਪ੍ਰੀਤ ਕੌਰ ਨੂੰ ਦਿੱਤਾ ਗਿਆ।

# ਸ਼ਿਵ ਸੈਨਾ ਦੇ ਜ਼ਿਲ੍ਹਾ ਸਕੱਤਰ ਸਾਥੀਆਂ ਸਣੇ 'ਆਪ' 'ਚ ਸ਼ਾਮਲ

ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਸ਼ਹਿਰ ਅੰਦਰ ਆਮ ਆਦਮੀ ਪਾਰਟੀ ਦਾ ਕਾਫਲਾ ਲਗਾਤਾਰ ਵੱਡਾ ਹੁੰਦਾ ਜਾ ਰਿਹਾ ਹੈ।ਬੀਤੇ ਕੱਲ੍ਹ ਦੀਨਾਨਗਰ ਸ਼ਹਿਰ ਅੰਦਰ ਆਮ ਆਦਮੀ ਪਾਰਟੀ ਨੂੰ ਉਦੋਂ ਹੋਰ ਮਜ਼ਬੂਤੀ ਮਿਲੀ ਜਦੋਂ ਨੌਜਵਾਨ ਆਗੂ ਅਤੇ ਸ਼ਿਵ ਸੈਨਾ ਬਾਲ ਠਾਕਰੇ ਦੇ ਜ਼ਿਲ੍ਹਾ ਸਕੱਤਰ ਚੰਦਰ ਸ਼ੇਖਰ ਦੀਪਾ ਨੇ ਸਾਥੀਆਂ ਸਮੇਤ ਆਮ ਆਦਮੀ



ਪਾਰਟੀ ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਚੰਦਰ ਸ਼ੇਖਰ ਦੀਪਾ ਦੇ ਇਲਾਵਾ ਉਨ੍ਹਾਂ ਦੇ ਸਾਥੀਆਂ ਮੋਹਿਤ ਰਾਮਗੜ੍ਹੀਆ, ਹੈਪੀ ਫਾਇਨਾਂਸਰ ਅਤੇ ਮੱਖਣੀ ਕੈਂਪ ਦੇ ਨਾਂਅ ਮੁੱਖ ਤੌਰ 'ਤੇ ਸ਼ਾਮਲ ਹਨ, ਜਿਨ੍ਹਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਸਵਾਗਤ ਕੀਤਾ ਗਿਆ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਪੂਰੇ ਮਾਣ ਸਨਮਾਨ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪੰਜਾਬ ਦੇ ਸਾਰੇ ਵਰਗ ਪ੍ਰਭਾਵਿਤ ਹਨ, ਪਰ ਨੌਜਵਾਨ ਵਰਗ ਆਮ ਆਦਮੀ ਪਾਰਟੀ ਤੋਂ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਹੋਇਆ ਹੈ।ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਅੰਦਰ ਨੌਜਵਾਨ ਵਰਗ ਨੂੰ ਬਿਨਾਂ ਕਿਸੇ ਸਿਫਾਰਿਸ਼ ਅਤੇ ਭ੍ਰਿਸ਼ਟਾਚਾਰ ਤੋਂ ਨਿਰੋਲ ਯੋਗਤਾ ਦੇ ਅਧਾਰ ਤੇ ਨੌਕਰੀਆਂ ਮੁਹੱਈਆ ਕਰਵਾਈਆਂ ਹਨ।ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਇਲਾਵਾ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿੱਢੀ ਗਈ ਮੁਹਿੰਮ ਤੋਂ ਵੀ ਨੌਜਵਾਨ ਵਰਗ ਕਾਫੀ ਪ੍ਰਭਾਵਿਤ ਹੋਇਆ ਹੈ ਜਿਸ ਕਾਰਨ ਨੌਜਵਾਨ ਵਰਗ ਆਮ ਆਦਮੀ ਪਾਰਟੀ ਨਾਲ ਜੁੜ ਰਿਹਾ ਹੈ।ਚੰਦਰ ਸ਼ੇਖਰ ਦੀਪਾ ਨੇ ਕਿਹਾ ਕਿ ਦੀਨਾਨਗਰ ਹਲਕੇ ਅੰਦਰ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦਿਨ ਰਾਤ ਲੋਕਾਂ ਲਈ ਕੰਮ ਕਰ ਰਹੇ ਹਨ, ਜੋ ਕਿ ਬੇਮਿਸਾਲ ਹੈ ਅਤੇ ਇਹੀ ਕਾਰਨ ਹਨ ਉਨ੍ਹਾਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੇ। ਇਸ ਮੌਕੇ ਬਲਾਕ ਪ੍ਰਧਾਨ ਗੌਰਵ ਧੀਰ, ਸਰਪੰਚ ਗੁਰਨਾਮ ਸਿੰਘ ਸਿੰਗੋਵਾਲ, ਸਾਬਕਾ ਕੌਂਸਲਰ ਵਿਜੇ ਕੁਮਾਰ, ਕਮਲ ਕਿਸ਼ੋਰ, ਸੰਨੀ ਭੋਗਲ ਅਤੇ ਰੁਦਰਾ ਵੀ ਮੌਜੂਦ ਸਨ।

# ਬੇਰੋਜ਼ਗਾਰ ਨੌਜਵਾਨਾਂ ਦੀਆਂ ਜਾਇਜ਼ ਮੰਗਾਂ ਦੇ ਹੱਕ 'ਚ ਆਵਾਜ਼ ਉਠਾਈ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਆਗੂਆਂ ਅਤੇ ਕਾਰਕੁਨਾਂ ਨੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੀਆਂ ਮੰਗਾਂ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਉਠਾਈ। ਪਾਰਟੀ ਦੇ ਸੀਨੀਅਰ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਚੱਲਦੀ ਨੂੰ ਸਾਢੇ ਤਿੰਨ ਸਾਲ ਬੀਤ ਗਏ ਹਨ ਪ੍ਰੰਤੂ ਸਿਤਮ ਦੀ ਗੱਲ ਹੈ ਕਿ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਦੇਣਾ ਤਾਂ ਕੀ ਉਲਟਾ ਨੌਜਵਾਨ ਜਦੋਂ ਆਪਣੀਆਂ ਮੰਗਾਂ ਦੇ



ਹੱਕ ਵਿੱਚ ਮੁਜ਼ਾਹਰਾ ਜਾਂ ਪ੍ਰਦਰਸ਼ਨ ਕਰਦੇ ਹਨ ਤਾਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਡਰਾਇਆ ਧਮਕਾਇਆ ਜਾਂਦਾ ਹੈ ਅਤੇ ਨੌਜਵਾਨਾਂ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਗੱਲਬਾਤ ਨਹੀਂ ਕਰਦੇ! ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਮੋਟਰਸਾਈਕਲ ਮਾਰਚ ਕਰਕੇ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਸਾਹਮਣੇ ਖਟਕੜ ਕਲਾਂ ਵਿਖੇ ਨੌਜਵਾਨਾਂ ਵੱਲੋਂ 28 ਸਤੰਬਰ ਤੋਂ ਦਿਨ ਰਾਤ ਦਾ ਧਰਨਾ ਲਗਾਇਆ ਹੋਇਆ ਹੈ ਪ੍ਰੰਤੂ ਸਰਕਾਰ ਵੱਲੋਂ ਅਜੇ ਤੱਕ ਨੌਜਵਾਨਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ ਜੋ ਕਿ ਅਤਿ ਨਿੰਦਣਯੋਗ ਹੈ! ਇਸ ਸਮੇ ਪਾਰਟੀ ਦੇ ਆਗੂਆਂ ਕੁਲਵੰਤ ਸਿੰਘ ਮੱਲੂਨੰਗਲ, ਸੁਰਜੀਤ ਸਿੰਘ ਭੂਰੇ ਗਿੱਲ, ਤਰਸੇਮ ਸਿੰਘ ਕਾਮਲਪੁਰਾ, ਪ੍ਰੋ. ਮਾਲਕ ਸਿੰਘ ਗੁਰਾਲਾ, ਕਰਨੈਲ ਸਿੰਘ ਭਿੰਡੀ ਸੈਦਾਂ ਨੇ ਵੀ ਮੰਗ ਦੁਹਰਾਈ ਕਿ ਸਰਕਾਰ ਤੁਰੰਤ ਨੌਜਵਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਦੀ ਨਿਪਟਾਰਾ ਕਰੇ।

ਇਸ ਸਮੇਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਜਨਾਲਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ, ਸਭਾ ਦੇ ਸਕੱਤਰ ਸੁੱਚਾ ਸਿੰਘ ਘੋਗਾ ਤੇ ਵਿੱਤ ਸਕੱਤਰ ਗੁਰਪਾਲ ਗਿੱਲ ਸੈਦਪੁਰ, ਜੱਗਪ੍ਰੀਤ ਸਿੰਘ ਜੋਸ਼ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਸੂਬੇ ਦੀ ਆਰਥਿਕਤਾ ਵਿੱਚ ਵੱਡਾ ਹਿੱਸਾ ਪਾਉਂਦੇ ਹਨ ਪ੍ਰੰਤੂ ਸਮੇਂ ਸਮੇਂ ਦੀਆਂ ਸਰਕਾਰਾਂ ਰੁਜ਼ਗਾਰ ਦੀ ਮੰਗ ਨੂੰ ਮੌਲਿਕ ਅਧਿਕਾਰਾਂ ਵਿੱਚ ਨਹੀਂ ਪਾ ਰਹੀ! ਨੌਜਵਾਨਾਂ ਨੇ ਪ੍ਰੈੱਸ ਨੂੰ ਦੱਸਿਆ ਕਿ ਅਜਨਾਲਾ ਖੇਤਰ ਵਿੱਚੋਂ 2 ਅਕਤੂਬਰ ਨੂੰ ਖਟਕੜ ਕਲਾਂ ਵਿਖੇ ਧਰਨੇ ਵਿੱਚ ਵੱਡੀ ਗਿਣਤੀ ਵਿਚ ਨੌਜਵਾਨ ਪਹੁੰਚ ਰਹੇ ਹਨ! ਇਸ ਮੌਕੇ ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਬੀਬੀ ਅਜੀਤ ਕੌਰ ਕੋਟ ਰਜ਼ਾਦਾ ਨੇ ਵੀ ਨੌਜਵਾਨਾਂ ਦੀਆਂ ਮੰਗਾਂ ਦਾ ਭਰਪੂਰ ਸਮਰਥਨ ਕੀਤਾ।

# ਹੜ੍ਹ ਪ੍ਰਭਾਵਿਤ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਅਹਿਮ ਮੀਟਿੰਗ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸੰਯੁਕਤ ਕਿਸਾਨ ਮੋਰਚੇ ਦੀ ਅਹਿਮ ਮੀਟਿੰਗ ਪਿੰਡ ਕੋਟ ਬੁੱਢਾ



ਵਿਖੇ ਪਰਗਟ ਸਿੰਘ ਕੋਟ ਬੁੱਢਾ ਦੇ ਘਰ ਹੋਈ।ਇਸ ਮੀਟਿੰਗ ਵਿੱਚ ਕਿਰਤੀ ਕਿਸਾਨ ਯੂਨੀਅਨ, ਕੌਮੀ ਕਿਸਾਨ ਯੂਨੀਅਨ, ਕੁਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ, ਬੀਕੇ ਕਾਦੀਆਂ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਦੇ ਕਿਸਾਨ ਆਗੂ ਸ਼ਾਮਲ ਹੋਏ ।ਇਸ ਸਮੇਂ ਇਕੱਤਰ ਕਿਸਾਨਾਂ ਨਿਹਾਲ ਸਿੰਘ, ਪਰਗਟ ਸਿੰਘ, ਸਾਹਿਬ ਸਿੰਘ, ਸੇਵਕ ਸਿੰਘ, ਬਾਜ ਸਿੰਘ, ਮਨਜੀਤ ਸਿੰਘ ਗੁਰਜੰਟ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਕੋਟ ਬੁੱਢਾ ਦੀ 650 ਏਕੜ ਫਸਲ ਹੜ੍ਹ ਦੇ ਪਾਣੀ ਨੇ ਖਰਾਬ ਕਰ ਦਿੱਤੀ ਹੈ, ਹੁਣ ਖੇਤਾਂ ਵਿੱਚ ਤਿੰਨ ਤੋਂ ਚਾਰ-ਚਾਰ ਫੁੱਟ ਰੇਤ ਤੇ ਸਿਲਟ ਜੰਮ ਗਈ ਹੈ।ਸਾਡੇ ਕੋਲ ਕੋਈ ਵੀ ਵੱਡੀ ਮਸ਼ੀਨਰੀ ਭਾਵ ਟਰੈਕਟਰ, ਜੇਸੀਬੀ ਆਦਿ ਨਹੀਂ ਜਿਸ ਦੀ ਮਦਦ ਨਾਲ ਅਸੀਂ ਆਪਣੀ ਖੇਤਾਂ ਦੀ ਪੱਧਰੀ ਕਰ ਸਕੀਏ ।ਕੁਝ ਕਿਸਾਨਾਂ ਨੇ ਤਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਪੈਲੀਆਂ ਠੇਕੇ ਤੇ ਲੈ ਕੇ ਫਸਲ ਬੀਜੀ ਸੀ ਪਰ ਫਸਲ ਤਬਾਹ ਹੋ ਗਈ ਹੈ ਤੇ ਅਗਲੀ ਫਸਲ ਬੀਜੀ ਜਾਣ ਦੀ ਵੀ ਕੋਈ ਉਮੀਦ ਨਹੀਂ ਹੈ।ਕਿਸਾਨ ਨਿਹਾਲ ਸਿੰਘ, ਪ੍ਰਗਟ ਸਿੰਘ ਕੋਟ ਬੁੱਢਾ ਅਤੇ ਹੋਰਨਾਂ ਨੇ ਦੱਸਿਆ ਕਿ ਇਹ ਤਾਂ ਹੜ੍ਹ ਦਾ ਪਾਣੀ ਹੈ ਜਿਸਨੇ ਸਾਡੀ ਫਸਲ ਡੋਬੀ ਹੈ, ਸਾਨੂੰ ਪੱਟੀ ਤੋਂ ਜਿਹੜੀ ਡਰੇਨ ਆਉਂਦੀ ਹੈ ਉਹ ਲਗਾਤਾਰ ਸਾਡੀਆਂ ਫਸਲਾਂ ਖਰਾਬ ਕਰਦੀ ਹੈ। ਇਸ ਸਬੰਧੀ ਅਸੀਂ ਪਹਿਲਾਂ ਵੀ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆ ਚੁੱਕੇ ਹਾਂ।ਕਿਸਾਨ ਸਰਕਾਰ ਦੇ ਮੁਆਵਜ਼ੇ ਦੀ ਉਡੀਕ ਵਿੱਚ ਹਨ ਪਰ ਸਰਕਾਰ ਵੱਲੋਂ ਅਜੇ ਕੋਈ ਵੀ ਰਾਹਤ ਉਨ੍ਹਾਂ ਨੂੰ ਨਹੀਂ ਪਹੁੰਚਾਈ ਗਈ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨਛੱਤਰ ਸਿੰਘ ਮੁਗਲ ਚੱਕ, ਜ਼ਿਲਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਸੁਖਚੈਨ ਸਿੰਘ ਸਰਹਾਲੀ, ਪੂਰਨ ਸਿੰਘ ਗਿੱਲ, ਹਰਭਜਨ ਸਿੰਘ ਚੂਸਲੇਵੜ ਜਮਹੂਰੀ ਕਿਸਾਨ ਸਭਾ, ਰਣਜੀਤ ਸਿੰਘ ਬਹਾਦਰ ਨਗਰ, ਗੁਰਸਾਬ ਸਿੰਘ ਡੱਲ, ਤਰਸੇਮ ਸਿੰਘ ਲੁਹਾਰ, ਮਨਪ੍ਰੀਤ ਸਿੰਘ, ਕੌਮੀ ਕਿਸਾਨ ਯੂਨੀਅਨ, ਭੁਪਿੰਦਰ ਸਿੰਘ ਪੰਡੋਰੀ ਤਖਤ ਮਲ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ, ਸੁਖਚੈਨ ਸਿੰਘ ਅਤੇ ਹੋਰ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਤੁਰੰਤ ਇੱਕ ਮੀਟਿੰਗ ਬੁਲਾ ਕੇ ਇਨ੍ਹਾਂ ਕਿਸਾਨਾਂ ਦੇ ਖੇਤਾਂ ਨੂੰ ਪੱਧਰਾ ਕਰਨ ਲਈ ਯੋਜਨਾ ਬਣਾ ਰਿਹਾ ਹੈ ਤਾਂ ਜੋ ਕਿਸਾਨ ਅਗਲੀ ਫਸਲ ਬੀਜਣ ਤੋਂ ਵੀ ਨਾ ਰਹਿ ਜਾਣ।

# ਇੰਪਲਾਈਜ਼ ਫੈਡਰੇਸ਼ਨ ਚਾਹਲ ਵੱਲੋਂ ਗੁਰਪ੍ਰੀਤ ਸਿੰਘ ਦਾ ਸਨਮਾਨ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਇੰਪਲਾਈਜ਼ ਫੈਡਰੇਸ਼ਨ ਚਾਹਲ ਗਰੁੱਪ ਦੇ ਮੈਂਬਰ ਗੁਰਪ੍ਰੀਤ ਸਿੰਘ ਸਾਰੰਗ ਦੇਵ ਦੀ ਲਾਇਨਮੈਨ ਦੀ ਤਰੱਕੀ ਹੋਣ 'ਤੇ ਇੰਪਲਾਈਜ਼ ਫੈਡਰੇਸ਼ਨ ਚਾਹਲ ਗਰੁੱਪ ਵੱਲੋਂ ਨਵੀਂ ਨਿਯੁਕਤੀ 'ਤੇ ਡਿਊਟੀ ਜੁਆਇਨ ਕਰਨ ਉਪਰੰਤ ਫੈਡਰੇਸ਼ਨ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

ਗੁਰਪ੍ਰੀਤ ਸਿੰਘ ਵੱਲੋਂ ਇਲਾਕੇ ਨੂੰ ਵਧੀਆ ਸੇਵਾਵਾਂ ਦੇਣ ਦਾ ਭਰੋਸਾ ਦਿੱਤਾ ਗਿਆ।

ਇਸ ਮੌਕੇ ਰਣਜੀਤ ਸਿੰਘ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਮੰਡਲ ਅਜਨਾਲਾ, ਜੇਈ ਪ੍ਰਦੀਪ ਕੁਮਾਰ, ਰਾਕੇਸ਼ ਕੁਮਾਰ, ਸੰਦੀਪ ਕੁਮਾਰ, ਜਗਤਾਰ ਸਿੰਘ, ਪਤਰਸ ਮਸੀਹ ਅਤੇ ਨਵਦੀਪ ਸਿੰਘ ਆਦਿ ਹਾਜ਼ਰ ਸਨ।

# ਭਾਜਪਾ ਨੇਤਾ ਵਿਨੈ ਚੌਧਰੀ ਨੇ ਵੱਖ-ਵੱਖ ਥਾਈਂ ਕੀਤਾ ਰਾਮਲੀਲਾ ਦਾ ਉਦਘਾਟਨ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਵਿਨੈ ਚੌਧਰੀ ਵੱਲੋਂ ਵੱਖ-ਵੱਖ ਜਗ੍ਹਾ ਹੋ ਰਹੀ ਰਾਮਲੀਲਾ ਦਾ ਉਦਘਾਟਨ



ਕੀਤਾ ।ਸਭ ਤੋਂ ਪਹਿਲਾਂ ਉਨ੍ਹਾਂ ਸਨਾਤਨ ਧਰਮ ਸਭਾ ਦੀਨਾ ਨਗਰ ਦੇ ਪ੍ਰਧਾਨ ਰਮੇਸ਼ ਅਗਰਵਾਲ ਦੀ ਪ੍ਰਧਾਨਗੀ ਵਿੱਚ ਦੁਸਹਿਰਾ ਗਰਾਊਂਡ ਦੀਨਾਨਗਰ ਵਿੱਚ ਕਰਵਾਈ ਜਾ ਰਹੀ ਰਾਮਲੀਲਾ ਦਾ ਉਦਘਾਟਨ ਕੀਤਾ।

ਉਸ ਤੋਂ ਬਾਅਦ ਉਨ੍ਹਾਂ ਨੇ ਬਾਲ ਨਾਟਕ ਕਲੱਬ ਦੇ ਪ੍ਰਧਾਨ ਅਜੇ ਸਿੰਘ ਠਾਕੁਰ ਦੀ ਪ੍ਰਧਾਨਗੀ ਹੇਠ ਦੀਨਾਨਗਰ ਦੇ ਪਿੰਡ ਅਵਾਂਖਾ ਵਿੱਚ ਆਯੋਜਿਤ ਰਾਮਲੀਲਾ ਦਾ ਉਦਘਾਟਨ ਕੀਤਾ ।ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਦੱਸੇ ਹੋਏ ਮਾਰਗ 'ਤੇ ਚਲਣਾ ਚਾਹੀਦਾ ਹੈ ਤੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ।ਸਮਾਜ ਵਿੱਚ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਜ਼ਿਲ੍ਹਾ ਭਾਜਪਾ ਉਪ ਪ੍ਰਧਾਨ ਰਜੇਸ਼ ਸ਼ਰਮਾ, ਸੰਜੀਵ ਸ਼ਰਮਾ, ਪਵਨ ਕਪੂਲਾ, ਅਰੁਣ ਖਜੂਰੀਆ, ਵਿਕਰਮ ਸਿੰਘ ਠਾਕੁਰ, ਰਜਿੰਦਰ ਕੁਮਾਰ, ਅਜੈ ਧਮਨ, ਅੰਕੂ ਨਈਅਰ, ਰਮਣ ਸਿੰਘ ਠਾਕੁਰ, ਅੰਤਰਿਸ਼ਕ ਚੌਧਰੀ, ਡਾਕਟਰ ਹਰੀਦੇਵ ਅਗਨੀਹੋਤਰੀ, ਜੀਵਨ ਗੁਪਤਾ, ਮਨੋਜ ਗੁਪਤਾ, ਬਿੱਟੂ ਕੌਂਸਲਰ, ਮਨੀਸ਼ ਅਗਰਵਾਲ ਹੈਪੀ, ਪਵਨ ਡੋਗਰਾ, ਬਲਵੀਰ ਸੂਰੀ, ਇੰਦਰਜੀਤ ਮਾਨਾ, ਦਰਸ਼ਨ ਸ਼ਰਮਾ, ਤਰੁਣ ਸਿੰਘ ਠਾਕੁਰ ਅਤੇ ਪ੍ਰਵੀਨ ਪੱਪੂ ਹਾਜ਼ਰ ਸਨ।

# ਲਾਲਪੁਰਾ 'ਚ ਖੇਤੀਬਾੜੀ ਵਿਭਾਗ ਨੇ ਲਗਾਇਆ ਕਿਸਾਨ ਜਾਗਰੂਕਤਾ ਕੈਂਪ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਖੇਤੀਬਾੜੀ ਵਿਭਾਗ ਵੱਲੋਂ ਪਿੰਡਾ ਵਿੱਚ ਕਿਸਾਨਾਂ ਨੂੰ ਖੇਤੀਬਾੜੀ ਦੌਰਾਨ ਵੱਖ ਵੱਖ ਫਸਲਾਂ ਦੇ ਬੀਜਾਂ ਅਤੇ ਪਰਾਲੀ ਦੀ ਸਾਂਭ ਸੰਭਾਲ ਅਤੇ ਖੇਤੀ ਦੌਰਾਨ ਆਧੁਨਿਕ ਤਕਨੀਕ ਬਾਰੇ ਪਿੰਡ ਲਾਲਪੁਰਾ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ ਵਿੱਚ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਗੱਲਬਾਤ ਦੌਰਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਪਾਖਰ ਸਿੰਘ



ਲਾਲਪੁਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਉਨ੍ਹਾਂ ਕਿਹਾ ਕਿ ਅੱਜ ਸਮੁੱਚੇ ਪੰਜਾਬ ਵਿੱਚ ਪਰਾਲੀ ਚਰਚਾ ਦੀ ਵਿਸ਼ਾ ਬਣੀ ਹੋਈ ਹੈ। ਪੰਜਾਬ ਸਰਕਾਰ ਨੂੰ ਢੁਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ।ਪਰਾਲੀ ਦੀ ਸਾਂਭ-ਸੰਭਾਲ ਦੇ ਲਈ ਆਧੁਨਿਕ ਤਕਨੀਕ ਦੁਆਰਾ ਮਸ਼ੀਨਾਂ ਮੁਹੱਈਆ ਕਰਵਾਉਣ ਲਈ ਵੱਖ-ਵੱਖ ਪਿੰਡਾਂ ਵਿੱਚ ਕੈਂਪ ਲਗਾਉਣੇ ਚਾਹੀਦੇ ਹਨ।ਨਵੇਂ ਨਵੇਂ ਬੀਜਾਂ ਬਾਰੇ ਜਾਗਰੂਕ ਕੀਤਾ ਜਾਵੇ, ਫਸਲਾਂ ਦੀ ਚੰਗੀ ਪੈਦਾਵਾਰ ਦੇ ਲਈ ਵਧੀਆ ਬੀਜ, ਖਾਦਾਂ, ਮੁਹਈਆ ਕਰਵਾਈਆਂ ਜਾਣ। ਗੱਲਬਾਤ ਦੌਰਾਨ ਕਿਸਾਨ ਆਗੂ ਪਾਖਰ ਸਿੰਘ ਨੇ ਕਿਹਾ ਕਿ ਸਾਡੇ ਪੰਜਾਬ ਦੇ ਕਿਸਾਨ, ਮਜ਼ਦੂਰ ਤਾਂ ਹੀ ਜਾਗਰੂਕ ਹੋ ਸਕਦੇ ਹਨ ਜੇਕਰ ਉਨ੍ਹਾਂ ਨੂੰ ਸਮੇਂ ਸਮੇਂ ਸਿਰ ਫਸਲਾਂ ਦੀ ਬਿਜਾਈ ਦੇ ਨਵੇਂ ਢੰਗ ਤਰੀਕੇ ਅਪਣਾਉਣ ਲਈ ਪਿੰਡਾਂ ਵਿਚ ਜਾਗਰੂਕ ਕੈਂਪ ਲਗਾਏ ਜਾਣ। ਇਸ ਮੌਕੇ ਡਾ. ਪਰਮਿੰਦਰ ਸਿੰਘ ਸੰਧੂ, ਡਾ. ਮਾਲਵਿੰਦਰ ਸਿੰਘ ਬਲਾਕ ਖੇਤੀਬਾੜੀ ਅਫ਼ਸਰ, ਡਾ. ਮਨਦੀਪ ਸਿੰਘ ਪੰਨੂੰ, ਡਾ. ਪਰਵਿੰਦਰ ਸਿੰਘ ਉਸਮਾ, ਇਕਾਈ ਪਰਧਾਨ ਰਣਜੀਤ ਸਿੰਘ, ਸੈਕਟਰੀ ਜਸਵੰਤ ਸਿੰਘ, ਹਰਪਾਲ ਸਿੰਘ, ਹਰਜੀਤ ਸਿੰਘ, ਗੁਰਪਰੀਤ ਸਿੰਘ, ਰਿੰਕੂ ਫੌਜੀ, ਪਰਮਜੀਤ ਸਿੰਘ, ਨਿਰਮਲ ਸਿੰਘ, ਬਲਵੰਤ ਸਿੰਘ ਅਤੇ ਜਤਿੰਦਰ ਸਿੰਘ ਲਾਟੀ ਆਦਿ ਸ਼ਾਮਿਲ ਸਨ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਦਾਣਾ ਮੰਡੀ ਰਈਆ 'ਚ ਝੋਨੇ ਦੀ ਖਰੀਦ ਦਾ ਲਿਆ ਜਾਇਜ਼ਾ

## * ਸੂਬੇ ਦੀਆਂ ਮੰਡੀਆਂ 'ਚ ਹੁਣ ਤੱਕ ਪਹੁੰਚਿਆ ਕਰੀਬ 2 ਲੱਖ 56 ਹਜ਼ਾਰ ਮੀਟਰਿਕ ਝੋਨਾ

ਬਿਆਸ (ਪਰਮਜੀਤ ਸਿੰਘ ਰੱਖੜਾ)-ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਰਈਆ ਮੰਡੀ ਦਾ ਨਰੀਖਣ ਕਰਨ ਲਈ ਦਾਣਾ ਮੰਡੀ ਰਈਆ ਵਿਖੇ ਪਹੁੰਚਣ 'ਤੇ ਵਿਧਾਇਕ ਦਲਬੀਰ ਸਿੰਘ ਟੌਂਗ, ਚੇਅਰਮੈਨ ਸੁਰਜੀਤ ਸਿੰਘ ਕੰਗ ਅਤੇ ਸਮੂਹ ਅਧਿਕਾਰੀਆਂ ਨੇ ਸਵਾਗਤ ਕੀਤਾ।ਇਸ ਮੌਕੇ ਕਟਾਰੂਚੱਕ ਨੇ ਮੰਡੀ ਵਿੱਚ ਕਿਸਾਨਾਂ ਦੀਆਂ ਪਈਆਂ ਢੇਰੀਆਂ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਪੁੱਛਿਆ ਕਿ ਕਿਸੇ ਨੂੰ ਫਸਲ ਦੀ ਵਿਕਰੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਹੋਵੇ ਤਾਂ ਉਹ ਦੱਸਣ।ਕਿਸਾਨਾਂ ਅਤੇ ਮਜ਼ਦੂਰਾਂ ਨੇ ਮੰਤਰੀ ਨੂੰ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਈ ਹੈ ਅਤੇ ਮੰਡੀ ਦੇ ਸਾਰੇ ਪ੍ਰਬੰਧ ਸਹੀ ਢੰਗ ਨਾਲ ਚੱਲ ਰਹੇ ਹਨ ।ਇਸ ਮੌਕੇ ਡੀਐੱਫਐੱਸਸੀ ਸੰਧੂ ਅਤੇ ਡਿਪਟੀ ਡੀਐੱਮਓ ਹਰਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ



ਇੰਸਪੈਕਟਰ ਪਨਗ੍ਰੇਨ, ਡਾ. ਸ਼ਿਵਦੇਵ ਸਿੰਘ ਇੰਸਪੈਕਟਰ ਪਨਸਪ, ਹਰਜੀਤ ਕੌਰ ਇੰਸਪੈਕਟਰ ਵੇਅਰ ਹਾਊਸ, ਸਤਨਾਮ ਸਿੰਘ ਢਿੱਲੋਂ ਇੰਸਪੈਕਟਰ ਮਾਰਕਫੈੱਡ ਅਤੇ ਸਮੂਹ ਅਧਿਕਾਰੀਆਂ ਨੇ ਮੰਤਰੀ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਹੁਣ ਤੱਕ ਰਈਆ ਮੰਡੀ ਵਿੱਚ ਪਨਗ੍ਰੇਨ, ਮਾਰਕਫੈੱਡ, ਪਨਸਪ ਅਤੇ ਪੰਜਾਬ ਵੇਅਰਹਾਊਸ ਵੱਲੋਂ 8360 ਐੱਮਟੀ ਅਤੇ 5690 ਐੱਮਟੀ ਬਾਸਮਤੀ, ਪਰਮਲ 1930 ਐੱਮਟੀ., ਬੁਤਾਲਾ ਮੰਡੀ ਵਿੱਚ ਪਨਗ੍ਰੇਨ ਅਤੇ ਪਨਸਪ ਵੱਲੋਂ 3035 ਐੱਮਟੀ ਅਤੇ ਸਠਿਆਲਾ ਮੰਡੀ ਵਿਖੇ ਪਨਸਪ ਅਤੇ ਪਨਗ੍ਰੇਨ ਵੱਲੋਂ 1357 ਐੱਮਟੀ. ਝੋਨੇ ਦੀ ਖ੍ਰੀਦ ਹੋ ਚੁੱਕੀ ਹੈ ਅਤੇ 24 ਘੰਟੇ ਦੇ ਅੰਦਰ ਅੰਦਰ ਕਿਸਾਨਾਂ ਦੇ ਖਾਤਿਆਂ ਵਿੱਚ ਫਸਲ ਦੀ ਅਦਾਇਗੀ ਹੋ ਗਈ ਹੈ।ਮੰਤਰੀ ਕਟਾਰੂਚੱਕ ਨੇ ਦੱਸਿਆ ਕਿ ਹੁਣ ਤੱਕ ਪੰਜਾਬ ਦੀਆਂ ਮੰਡੀਆਂ ਵਿੱਚ 2,57,000 ਐੱਮਟੀ ਝੋਨਾ ਪਹੁੰਚ ਚੁੱਕਿਆ ਹੈ ਅਤੇ ਹੁਣ ਤੱਕ 444 ਕਰੋੜ ਰੁਪਏ ਦੀ ਰਾਸ਼ੀ ਕਿਸਾਨਾਂ ਨੂੰ ਜਾਰੀ ਹੋ ਚੁੱਕੀ ਹੈ। ਇਸ ਮੌਕੇ ਐੱਸਡੀਐੱਮ ਬਾਬਾ ਬਕਾਲਾ ਸਾਹਿਬ ਅਮਨਦੀਪ ਸਿੰਘ, ਪ੍ਰਧਾਨ ਮੰਡੀ ਕੈਮਲ ਸਿੰਘ ਮਾਨ, ਰਾਜੀਵ ਭੰਡਾਰੀ, ਜਥੇਦਾਰ ਬਲਦੇਵ ਸਿੰਘ ਬੋਦੇਵਾਲ, ਗੁਰਮੇਜ ਸਿੰਘ ਪੱਡਾ, ਜੈਮਲ ਸਿੰਘ, ਲਾਲੀ ਪ੍ਰਧਾਨ ਬਿਆਸ, ਪਿਆਰਾ ਸਿੰਘ ਸੇਖੋਂ, ਗੱਜਣ ਸਿੰਘ ਧੂਲਕਾ, ਦਵਿੰਦਰ ਸਿੰਘ ਭੰਗੂ, ਨਿਰਮਲ ਸਿੰਘ ਪੱਡਾ, ਮਨੋਜ ਕੁਮਾਰ, ਸੁਰਿੰਦਰ ਕੁਮਾਰ, ਰਾਮ ਲੁਭਾਇਆ ਦੇਵਗਨ, ਐੱਮ. ਸੀ. ਜੈਮਲ ਸਿੰਘ, ਮਨਜਿੰਦਰ ਸਿੰਘ, ਰਵੀ ਸਿੰਘ, ਬਲਸਰਨ ਸਿੰਘ ਜਮਾਲਪੁਰ, ਹਰਜੀਤ ਸਿੰਘ ਫੌਜੀ, ਜਥੇਦਾਰ ਰਸਮ ਸਿੰਘ, ਸੁਰਿੰਦਰ ਸਿੰਘ ਸੰਧੂ, ਅਵਤਾਰ ਸਿੰਘ, ਪਰਮਜੀਤ ਸਿੰਘ ਭੁੱਲਰ, ਲੱਡੂ ਸਰਪੰਚ, ਕਰਮਜੀਤ ਸਿੰਘ ਸਰਪੰਚ, ਗੋਪੀ ਆਦਿ ਆਗੂ ਅਤੇ ਆੜ੍ਹਤੀਏ ਹਾਜ਼ਰ ਸਨ ।

# ਨਵਾਂ ਪਿੰਡ ਤੋਂ ਛੀਨਾ ਮੱਖਣਵਿੰਡੀ ਵਾਲੀ ਸੜਕ 'ਤੇ ਪੁਲ ਬਣਾਉਣ ਦੀ ਮੰਗ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਮਹਿਤਾ ਰੋਡ 'ਤੇ ਜੋ ਬਾਈਪਾਸ ਫਤਿਹਪੁਰ ਰਾਜਪੂਤਾਂ ਨਵਾਂਪਿੰਡ ਦੇ ਬਾਹਰ ਬਣਾਇਆ ਜਾ ਰਿਹਾ ਹੈ ਉਸ ਵਿੱਚ ਨਵਾਂ ਪਿੰਡ, ਛੀਨਾ, ਮੱਖਣਵਿੰਡੀ ਪਿੰਡਾਂ ਨੂੰ ਜੋੜਦੀ ਪ੍ਰਧਾਨ ਮੰਤਰੀ ਯੋਜਨਾ ਸੜਕ ਉਪਰ ਪੁਲ ਬਣਾਉਣ ਸਬੰਧੀ ਕੁੱਲ ਹਿੰਦ ਕਿਸਾਨ ਸਭਾ, ਸਮੂਹ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਅਤੇ ਇਲਾਕੇ ਦੀਆਂ ਪੰਚਾਇਤਾਂ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਪ੍ਰੋਜੈਕਟ ਮੈਨੇਜਰ ਨੈਸ਼ਨਲ ਹਾਈਵੇ ਅਥਾਰਟੀ, ਮਾਨਾਂਵਾਲਾ, ਅੰਮ੍ਰਿਤਸਰ ਨੂੰ ਮੰਗ ਪੱਤਰ ਸੌਂਪਿਆਂ ਗਿਆ।



ਲਖਬੀਰ ਸਿੰਘ ਨਿਜ਼ਾਮਪੁਰ ਸੂਬਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਭੁਪਿੰਦਰ ਸਿੰਘ ਤੀਰਥਪੁਰ ਪ੍ਰਧਾਨ, ਕਰਨੈਲ ਸਿੰਘ ਸੈਕਟਰੀ ਨਵਾਂ ਪਿੰਡ, ਪ੍ਰਤਾਪ ਸਿੰਘ ਛੀਨਾ, ਗੁਰਮੇਜ ਸਿੰਘ, ਮਲਕੀਤ ਸਿੰਘ ਮੱਖਣਵਿੰਡੀ ਸਮੂਹ ਸਬਜ਼ੀ ਉਤਪਾਦਿਕ ਕਿਸਾਨ ਜਥੇਬੰਦੀ ਸਰਪੰਚ ਅਤੇ ਸਮੂੰਹ ਪੰਚਾਇਤ ਨਵਾਂ ਪਿੰਡ, ਸਰਪੰਚ ਅਤੇ ਸਮੂੰਹ ਪੰਚਾਇਤ ਛੀਨਾ, ਸਰਪੰਚ ਅਤੇ ਸਮੂੰਹ ਪੰਚਾਇਤ ਮੱਖਣਵਿੰਡੀ ਨੇ ਦੱਸਿਆ ਕਿ ਇਲਾਕਾ ਵਾਸੀਆਂ ਨੂੰ ਜਿਸ ਤਰ੍ਹਾਂ ਪਤਾ ਹੈ ਕਿ ਮਹਿਤਾ ਰੋਡ ਸੜਕ ਜੋ ਫੋਰ ਲਾਈਨ ਬਣ ਰਹੀ ਹੈ, ਇਸ ਸੜਕ 'ਤੇ ਫਤਿਹਪੁਰ ਰਾਜਪੂਤਾਂ ਨਵਾਂ ਪਿੰਡਾਂ ਦੇ ਬਾਹਰਵਾਰ ਬਾਈਪਾਸ ਬਣਾਇਆ ਜਾ ਰਿਹਾ ਹੈ।ਇਸ ਬਾਈਪਾਸ ਵਿੱਚ ਫਤਿਹਪੁਰ ਤੋਂ ਨਿਜਾਮਪੁਰ, ਫਤਿਹਪੁਰ ਤੋਂ ਮੱਖਣਵਿੰਡੀ ਅਤੇ ਨਵਾਂ ਪਿੰਡ ਤੋਂ ਛੀਨਾ ਮੱਖਣਵਿੰਡੀ ਸੜਕਾਂ ਆਉਂਦੀਆਂ ਹਨ।ਇਸ ਬਾਈਪਾਸ 'ਤੇ ਜਿਥੇ ਫਤਿਹਪੁਰ ਰਾਜਪੂਤਾਂ ਪਿੰਡ ਤੋਂ ਪਹਿਲਾਂ ਜਿਥੋਂ ਬਾਈਪਾਸ ਸ਼ੁਰੂ ਹੁੰਦਾ ਹੈ, ਪੁਲ ਬਣਾਇਆ ਗਿਆ ਹੈ।ਇਸੇ ਤਰ੍ਹਾਂ ਜਿਥੋਂ ਮਹਿਤਾ ਰੋਡ ਸੜਕ ਤੇ ਜਾ ਕੇ ਇਸ ਸੜਕ ਨੇ ਰਲਣਾ ਹੈ ਉਥੇ ਫਿਰ ਪੁਲ ਬਣਨਾ ਸ਼ੁਰੂ ਹੋ ਚੁੱਕਾ ਹੈ।ਇਸ ਬਾਈਪਾਸ ਦੇ ਵਿਚਕਾਰ ਜੋ ਕਸੂਰ ਨਾਲਾ (ਹੰਸਲੀ) ਪਾਣੀ ਦੇ ਨਿਕਾਸ ਵਾਸਤੇ ਲੰਘਦੀ ਹੈ, ਉਸ ਉਪਰ ਵੀ ਪੁਲ ਬਣਨਾ ਹੈ ਜਿਸ ਨਾਲ ਇਹ ਬਾਈਪਾਸ ਇਨ੍ਹਾਂ ਤਿੰਨਾਂ ਪਿੰਡਾਂ ਦੀਆਂ ਸੜਕਾਂ ਨਾਲੋਂ ਸੱਤ ਤੋਂ ਅੱਠ ਫੁੱਟ ਉਚਾ ਹੋਵੇਗਾ।ਪਰੰਤੂ ਸੜਕ ਬਣਾ ਰਹੀ ਐੱਨਐੱਚਆਈ ਨੇ ਇਨ੍ਹਾਂ ਸੜਕਾਂ ਉਪਰ ਕੋਈ ਪੁਲ (ਅੰਡਰ ਪਾਸ) ਨਹੀਂ ਰੱਖਿਆ ਸੀ।ਇਲਾਕੇ ਦੀ ਮੰਗ ਹੈ ਕਿ ਕਿਸਾਨ ਜਥੇਬੰਦੀ, ਕੁੱਲ ਹਿੰਦ ਕਿਸਾਨ ਸਭਾ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਵੱਲੋਂ ਫਤਿਹਪੁਰ ਰਾਜਪੂਤਾਂ ਤੋਂ ਨਿਜ਼ਾਮਪੁਰ ਅਤੇ ਫਤਿਹਪੁਰ ਰਾਜਪੂਤਾਂ ਵਾਇਆ ਨਾਜੋਆਣੀ, ਮੱਖਣਵਿੰਡੀ ਤੇ ਬਿਨਾਂ ਪੁਲ (ਅੰਡਰਪਾਸ) ਬਣਾਇਆ ਜਾਵੇ।

# ਸੀਪੀਆਈ (ਐੱਮ) ਨਜਾਇਜ਼ ਕਬਜ਼ਿਆਂ ਵਿਰੁੱਧ ਸੰਘਰਸ਼ ਜਾਰੀ ਰੱਖੇਗੀ: ਮਜੀਠਾ

ਛੇਹਰਟਾ, (ਮਨੋਜ ਕੁਮਾਰ)-ਸੀਪੀਆਈ (ਐੱਮ) ਜ਼ਿਲ੍ਹਾ ਕਮੇਟੀ ਅੰਮ੍ਰਿਤਸਰ ਵੱਲੋਂ ਡੈਮਗੰਜ ਵਿਖੇ ਨਾਈਆਂ ਵਾਲਾ ਸਥਿਤ ਕੀਮਤੀ ਜਗ੍ਹਾ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਕੀਤੀ ਜਾ ਰਹੀ ਨਜਾਇਜ਼



ਉਸਾਰੀ ਮੁਹੱਲਾ ਵਾਸੀਆਂ ਤੇ ਦੁਕਾਨਦਾਰਾਂ ਦੇ ਸਹਿਯੋਗ ਨਾਲ ਰੋਕੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਚਰਨਜੀਤ ਸਿੰਘ ਮਜੀਠਾ ਨੇ ਦੱਸਿਆ ਕਿ ਸਾਂਝੀ ਕੀਮਤੀ ਜਗ੍ਹਾ 'ਤੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਡੀਸੀ ਅੰਮ੍ਰਿਤਸਰ ਤੇ ਕਮਿਸ਼ਨਰ ਕਾਰਪੋਰੇਸ਼ਨ ਨੂੰ ਪੱਤਰ ਲਿਖ ਕੇ ਜਾਣੂ ਕਰਵਾ ਦਿੱਤਾ ਗਿਆ ਸੀ ਤੇ ਇਸ ਉਸਾਰੀ ਨੂੰ ਰੁਕਵਾਉਣ ਦੀ ਮੰਗ ਕੀਤੀ ਗਈ ਹੈ। ਪਰ ਇਸ ਦੇ ਬਾਵਜੂਦ ਵੀ ਭੂ-ਮਾਫ਼ੀਆ ਵੱਲੋਂ ਉਸਾਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਸ ਦੇ ਵਿਰੋਧ ਵਿਚ ਸਥਾਨਕ ਮੁਹੱਲਾ ਵਾਸੀਆਂ ਤੇ ਦੁਕਾਨਦਾਰਾਂ ਵੱਲੋਂ ਵਿਰੋਧ ਕਰਦਿਆਂ ਨਜਾਇਜ਼ ਕਬਜ਼ੇ ਕਰਨ ਵਾਲਿਆਂ ਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਵਾਲੇ ਪ੍ਰਸ਼ਾਸਨਿਕ ਅਧਿਕਾਰੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾਂ ਵਾਰਨਿੰਗ ਦਿੰਦਿਆਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਇਹ ਨਜਾਇਜ਼ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਕਾਮਰੇਡ ਸੁੱਚਾ ਸਿੰਘ ਅਜਨਾਲਾ, ਨਰਿੰਦਰ ਪਾਲ ਚਮਿਆਰੀ, ਵਿਜੇ ਕੁਮਾਰ, ਕਿਰਪਾ ਰਾਮ, ਸਿਮਰਜੀਤ ਸਿੰਘ ਢਿੱਲੋਂ, ਰਕੇਸ਼ ਕੁਮਾਰ ਅਰੋੜਾ, ਰਾਜਕੁਮਾਰ ਰਾਜਾ, ਡਾ. ਕਿਸ਼ਨ, ਮਜਿੰਦਰ ਸਿੰਘ ਢਿੱਲੋਂ, ਪਵਨ ਕੁਮਾਰ, ਪ੍ਰਿਤਪਾਲ ਸਿੰਘ ਸ਼ੈਂਕੀ, ਕ੍ਰਿਸ਼ਨ ਲਾਲ, ਸੁਸ਼ੀਲ ਕੁਮਾਰ, ਸੰਜੀਵ ਕੁਮਾਰ ਬੰਟੀ, ਪੰਕਜ ਕੁਮਾਰ, ਰਵੀ ਤੇ ਕਬੀਰ ਵੀ ਆਦਿ ਸਾਥੀ ਹਾਜ਼ਰ ਸਨ।

# ਕਿਸਾਨ ਯੂਨੀਅਨ ਵੱਲੋਂ ਚੇਅਰਮੈਨ ਮਾਰਕੀਟ ਕਮੇਟੀ ਜਸਪਾਲ ਸਿੰਘ ਪੰਧੇਰ ਨਾਲ ਮੀਟਿੰਗ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਹਨੂੰਵਾਨ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਸਠਿਆਲੀ ਅਤੇ ਜ਼ੋਨ ਬਾਬਾ ਲਾਲ ਸਿੰਘ ਵੱਲੋਂ ਮਾਰਕੀਟ ਕਮੇਟੀ ਕਾਹਨੂੰਵਾਨ ਦੇ ਚੇਅਰਮੈਨ ਜਸਪਾਲ ਸਿੰਘ ਪੰਧੇਰ ਨਾਲ ਇੱਕ ਮੀਟਿੰਗ ਕਰਕੇ ਇਹ ਮੰਗ ਕੀਤੀ ਗਈ ਕਿ 17 ਫੀਸਦੀ ਨਮੀ ਵਾਲੇ ਝੋਨੇ ਉਪਰ ਕੋਈ ਵੀ ਕੱਟ ਨਾ ਲਗਾਇਆ ਜਾਵੇ, ਝੋਨੇ ਦੀ ਖਰੀਦ ਨਿਰਧਾਰਿਤ ਸਮੇਂ ਅੰਦਰ ਕੀਤੀ ਜਾਵੇ ਅਤੇ ਮੰਡੀਆਂ ਵਿੱਚ ਕਿਸਾਨਾਂ ਦੇ ਬੈਠਣ ਲਈ ਛਾਂ ਅਤੇ ਪੀਣ ਵਾਲੇ ਸਾਫ ਪਾਣੀ ਦਾ ਵਿਸ਼ੇਸ਼ ਪ੍ਰਬੰਧ ਕਰਨ ਦੇ ਨਾਲ ਮੰਡੀਆਂ ਵਿੱਚੋਂ ਮੱਛਰਾਂ ਦੇ ਖਾਤਮੇ ਦੇ ਲਈ ਸਪਰੇ ਕੀਤੀ ਜਾਵੇ। ਇਸ ਮੌਕੇ ਚੇਅਰਮੈਨ ਜਸਪਾਲ ਸਿੰਘ ਪੰਧੇਰ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸਾਨਾਂ ਦਾ ਇੱਕ ਇੱਕ ਦਾਣਾ ਖਰੀਦਣ ਲਈ ਪੰਜਾਬ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕਾ ਅਤੇ ਪੂਰਾ ਪੱਕਿਆ ਹੋਇਆ ਝੋਨਾ ਹੀ ਮੰਡੀਆਂ ਵਿੱਚ



ਵੇਚਣ ਲਈ ਲਿਆਉਣ ਤਾਂ ਜੋ ਉਨ੍ਹਾਂ ਨੂੰ ਮੰਡੀ ਵਿੱਚ ਵੇਚਣ ਸਮੇਂ ਕਿਸੇ ਪ੍ਰਕਾਰ ਦੀ ਕੋਈ ਖੱਜਲ ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਗੁਰਮੁਖ ਸਿੰਘ ਖਾਨ ਮਲਕ, ਲਖਵਿੰਦਰ ਸਿੰਘ ਕਾਲਾ ਬਾਲਾ, ਕਾਬਲ ਸਿੰਘ ਕੋਟ ਧੰਦਲ, ਰਣਜੀਤ ਸਿੰਘ ਰਾਣਾ, ਗੁਰਮੇਲ ਸਿੰਘ ਕਾਲਾ ਬਾਲਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਕਟਾਰੂਚੱਕ ਨੇ ਹੜ੍ਹ ਪ੍ਰਭਾਵਿਤ ਪਿੰਡ ਬਹਾਦਰ ਲਾਹੜੀ ਦਾ ਕੀਤਾ ਦੌਰਾ

ਪਠਾਨਕੋਟ, (ਦਵਿੰਦਰ ਸਿੰਘ)-ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਅਪਣੀ ਟੀਮ ਦੇ ਨਾਲ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਬਹਾਦੁਰ ਲਾਹੜੀ ਦਾ ਦੌਰਾ ਕੀਤਾ ਗਿਆ।ਪਿੰਡ ਵਾਸੀਆਂ ਵੱਲੋਂ ਕੈਬਨਿਟ ਮੰਤਰੀ ਪੰਜਾਬ ਨੂੰ ਪਿੰਡ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਗੀਤਿਕਾ ਕੌਂਸਲਰ, ਕੈਲਾਸ਼ਪਤੀ, ਤਕਦੀਰ ਸਿੰਘ, ਅਜੀਤ ਸਿੰਘ ਸਾਬੀ, ਰੂਪ ਲਾਲ, ਬਲਦੇਵ ਸਿੰਘ ਨੰਬਰਦਾਰ, ਬਲਜਿੰਦਰ ਸਿੰਘ, ਪੂਰਨ ਸਿੰਘ, ਕੁਲਵੰਤ ਸਿੰਘ, ਸੰਦੀਪ ਸਿੰਘ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਹੀ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਬਹਾਦੁਰ ਲਾਹੜੀ ਦੇ ਲੋਕ ਉਨ੍ਹਾਂ ਨੂੰ ਮਿਲੇ ਸੀ ਅਤੇ ਪਿੰਡ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਸਨ, ਜਿਸ ਨੂੰ ਵੇਖਦਿਆਂ ਅੱਜ ਉਹ ਅਪਣੀ ਟੀਮ ਨਾਲ ਪਿੰਡ



ਵਿਖੇ ਪਹੁੰਚੇ ਹਨ।ਉਨ੍ਹਾਂ ਦੱਸਿਆ ਕਿ ਪਿੰਡ ਦਾ ਮੁੱਖ ਮਾਰਗ ਜੋ ਕਿ ਪਿਛਲੀ ਸਰਕਾਰ ਦੇ ਸਮੇਂ ਬਣਾਇਆ ਗਿਆ ਸੀ ਬਰਸਾਤ ਦੇ ਦਿਨਾਂ ਵਿੱਚ ਪ੍ਰਭਾਵਿਤ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਰੋਡ ਦਾ ਨਿਰਮਾਣ ਕਾਰਜ ਸ਼ੁਰੂ ਛੇਤੀ ਹੀ ਕਰਵਾਇਆ ਜਾਵੇਗਾ।ਫਿਰਨੀ ਜਿਸ ਦੀ ਚੌੜਾਈ 22 ਫੁੱਟ ਹੈ, ਨੂੰ ਪੱਕਿਆਂ ਕਰਨ ਦੀ ਵੀ ਮੰਗ ਰੱਖੀ। ਮੰਤਰੀ ਨੇ ਕਿਹਾ ਕਿ ਲੰਮੇ ਸਮੇਂ ਤੋਂ ਪਿੰਡ ਦੇ ਲੋੜਵੰਦ ਲੋਕਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਗਏ ਸਨ ਪਰ ਅੱਜ ਤੱਕ ਉਨ੍ਹਾਂ ਨੂੰ ਕਬਜ਼ਾ ਨਹੀਂ ਸੀ ਮਿਲ ਸਕਿਆ ਪਰ ਹੁਣ ਉਨ੍ਹਾਂ ਲੋਕਾਂ ਨੂੰ ਵੀ 5-5 ਮਰਲੇ ਦੇ ਪਲਾਟ ਦਿੱਤੇ ਗਏ ਹਨ।

# ਦਸਮੇਸ਼ ਸਕੂਲ ਮਹਿਤਾ ਚੌਕ ਵਿਖੇ ਗਾਂਧੀ ਜਯੰਤੀ ਤੇ ਦੁਸਹਿਰਾ ਬੜੇ ਧੂਮਧਾਮ ਨਾਲ ਮਨਾਇਆ

ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਮਹਿਤਾ ਚੌਕ ਦੀ ਪੁਰਾਤਨ ਤੇ ਮੰਨੀ ਪ੍ਰਮੰਨੀ ਸੰਸਥਾ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਗਾਂਧੀ ਜੈਯੰਤੀ ਅਤੇ ਦੁਸਹਿਰੇ ਨੂੰ ਸਮਰਪਿਤ ਇੰਟਰ ਹਾਊਸ ਭਾਸ਼ਣ ਮੁਕਾਬਲੇ ਅਤੇ ਨਾਟਕ ਮੁਕਾਬਲੇ ਕਰਵਾਏ ਗਏ ।ਇਹ ਮੁਕਾਬਲੇ ਦੋ ਜੂਨੀਅਰ ਅਤੇ ਸੀਨੀਅਰ ਕੈਟਾਗਰੀ ਵਿੱਚ ਅਲੱਗ-ਅਲੱਗ ਕਰਵਾਏ ਗਏ।ਸਕੂਲ ਵਿੱਚ ਚੱਲ ਰਹੇ ਤਿੰਨੋਂ ਹਾਊਸ ਬਿਆਸ, ਰਾਵੀ ਅਤੇ ਸਤਲੁਜ ਦੇ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ ਵਿੱਚ ਭਾਗ ਲਿਆ।ਇਹ ਭਾਸ਼ਣ ਮੁਕਾਬਲੇ ਦੁਸਹਿਰੇ ਦੇ ਤਿਉਹਾਰ ਨੂੰ ਸਮਰਪਿਤ ਸਨ ਅਤੇ ਤਿੰਨੇ ਹਾਊਸਾਂ ਨੇ ਗਾਂਧੀ ਜੈਯੰਤੀ ਨਾਲ ਸੰਬੰਧਿਤ ਐਕਟ ਪੇਸ਼ ਕੀਤਾ ਜਿਸ ਵਿੱਚ ਗਾਂਧੀ ਜੀ ਦੇ ਜੀਵਨ ਅਤੇ ਫਲਸਫੇ ਨੂੰ ਬੱਚਿਆਂ ਸਾਹਮਣੇ ਪੇਸ਼ ਕੀਤਾ ਗਿਆ।ਜੂਨੀਅਰ ਭਾਸ਼ਣ ਮੁਕਾਬਲੇ ਵਿੱਚ ਪਹਿਲਾਂ ਸਥਾਨ ਬਿਆਸ ਹਾਊਸ, ਦੂਜਾ ਸਥਾਨ ਰਾਵੀ ਹਾਊਸ, ਤੀਸਰਾ ਸਥਾਨ ਸਤਲੁਜ ਹਾਊਸ ਨੇ ਪ੍ਰਾਪਤ ਕੀਤਾ।ਸੀਨੀਅਰ ਵਿੰਗ ਦੇ ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਰਾਵੀ ਹਾਊਸ, ਦੂਸਰਾ ਬਿਆਸ ਹਾਊਸ ਅਤੇ ਤੀਸਰਾ ਸਥਾਨ ਸਤਲੁਜ ਹਾਊਸ ਨੇ ਪ੍ਰਾਪਤ ਕੀਤਾ। ਐਕਟ ਮੁਕਾਬਲੇ ਵਿੱਚ ਬੱਚਿਆਂ ਨੇ



ਬਹੁਤ ਸੋਹਣਾ ਪ੍ਰਦਰਸ਼ਨ ਕੀਤਾ।ਇਸ ਵਿੱਚ ਵੀ ਪਹਿਲਾ ਸਥਾਨ ਰਾਵੀ ਹਾਊਸ ,ਦੂਸਰਾ ਬਿਆਸ ਹਾਊਸ ਅਤੇ ਤੀਸਰਾ ਸਤਲੁਜ ਹਾਊਸ ਨੇ ਪ੍ਰਾਪਤ ਕੀਤਾ।ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਮਹਾਤਮਾ ਗਾਂਧੀ ਦੇ ਦੇਸ਼ ਆਜ਼ਾਦ ਕਰਵਾਉਣ ਦੇ ਯੋਗਦਾਨ ਬਾਰੇ ਜਾਣੂ ਕਰਵਾਇਆ ਤੇ ਦੁਸਹਿਰੇ ਦੀ ਵਧਾਈ ਦਿੱਤੀ। ਇਸ ਮੌਕੇ ਮੈਡਮ ਗੁਰਬੀਰ ਕੌਰ, ਰਵਿੰਦਰ ਕੌਰ, ਸੁਧਾ ਸ਼ਰਮਾ, ਅੰਮ੍ਰਿਤਪਾਲ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਨਸ਼ੀਲ਼ੀਆਂ ਗੋਲੀਆਂ ਤੇ ਪਿਸਤੌਲ ਸਮੇਤ ਕਾਬੂ

ਛੇਹਰਟਾ, (ਮਨੋਜ ਕੁਮਾਰ)-ਅੰਮ੍ਰਿਤਸਰ ਦਿਹਾਤੀ ਪੁਲਸ ਦੇ ਸਪੈਸ਼ਲ ਸੈੱਲ ਨੇ 1 ਲੱਖ 8 ਹਜ਼ਾਰ ਟਰਮਾਡੋਲ ਨਸ਼ੀਲ਼ੀਆਂ ਗੋਲੀਆਂ, ਗਲੌਕ ਪਿਸਤੌਲ, 5 ਜ਼ਿੰਦਾ ਰੌਂਦ, ਮੋਬਾਇਲ ਫੋਨ ਤੇ ਪੋਲੋ ਗੱਡੀ ਸਮੇਤ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧ ਵਿਚ ਪ੍ਰੈੱਸ



ਕਾਨਫਰੰਸ ਵਿਚ ਜਾਣਕਾਰੀ ਦਿੰਦਿਆਂ ਅੰਮ੍ਰਿਤਸਰ ਦਿਹਾਤੀ ਪੁਲਸ ਦੇ ਐੱਸ. ਐੱਸ. ਪੀ. ਮਨਿੰਦਰ ਸਿੰਘ ਨੇ ਦੱਸਿਆ ਕਿ ਸਪੈਸ਼ਲ ਸੈੱਲ ਅੰਮ੍ਰਿਤਸਰ ਦਿਹਾਤੀ ਦੇ ਡੀ.ਐੱਸ.ਪੀ (ਡੀ) ਗੁਰਿੰਦਰਪਾਲ ਸਿੰਘ ਦੀ ਅਗਵਾਈ ਹੇਠ ਵੱਡੀ ਸਫ਼ਲਤਾ ਹਾਸਿਲ ਕਰਦਿਆਂ 1 ਲੱਖ 8 ਹਜ਼ਾਰ ਟਰਮਾਡੋਲ ਨਸ਼ੀਲ਼ੀਆਂ ਗੋਲੀਆਂ, ਗਲੌਕ ਪਿਸਤੌਲ, 5 ਜ਼ਿੰਦਾ ਰੌਂਦ, ਮੋਬਾਇਲ ਫੋਨ ਤੇ ਪੋਲੋ ਗੱਡੀ ਸਮੇਤ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਪੈਸ਼ਲ ਸੈੱਲ ਅੰਮ੍ਰਿਤਸਰ ਦਿਹਾਤੀ ਦੀ ਟੀਮ ਨੂੰ ਗੁਪਤ ਸੂਚਨਾ ਮਿਲੀ ਕਿ ਜੋਬਨਜੀਤ ਸਿੰਘ ਉਰਫ਼ ਜੋਬਨ ਵਾਸੀ ਪਿੰਡ ਯੋਧੇ ਥਾਣਾ ਬਿਆਸ ਨਸ਼ੀਲੀਆਂ ਗੋਲੀਆਂ ਤੇ ਨਾਜਾਇਜ਼ ਅਸਲਾ ਸਪਲਾਈ ਕਰਨ ਦਾ ਕੰਮ ਕਰਦਾ ਹੈ। ਮੁਲਜ਼ਮ ਇਸ ਸਮੇਂ ਆਪਣੀ ਪੋਲੋ ਕਾਰ ਵਿਚ ਪਿੰਡ ਉਮਰਾਨੰਗਲ ਮੋੜ 'ਤੇ ਕਿਸੇ ਦੀ ਉਡੀਕ ਕਰ ਰਿਹਾ ਹੈ। ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਸਪੈਸ਼ਲ ਸੈੱਲ ਦੀ ਟੀਮ ਵੱਲੋਂ ਉਕਤ ਮੁਲਜ਼ਮ ਨੂੰ ਉਮਰਾਨੰਗਲ ਮੋੜ ਤੋਂ ਉਕਤ ਨਸ਼ੀਲੀਆਂ ਗੋਲੀਆਂ ਤੇ ਪਿਸਤੌਲ ਸਮੇਤ ਕਾਬੂ ਕਰ ਲਿਆ। ਇਸ ਸਬੰਧੀ ਮੁਲਜ਼ਮ ਖ਼ਿਲਾਫ਼ ਥਾਣਾ ਬਿਆਸ ਵਿਚ ਮਾਮਲਾ ਦਰਜ ਕਰਕੇ ਤਫ਼ਤੀਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿਚ 9 ਪਰਚੇ ਦਰਜ ਹਨ।

2-Oct-PAGE-12.qxd 10/1/2025 10:26 PM Page 1



### ਜਨਮ ਦਿਨ ਮੁਬਾਰਕ



ਪ੍ਰਿਆਂਸ਼ ਰਾਣਾ
ਅੰਮ੍ਰਿਤਸਰ



ਹਰਿਦਾਨ ਅਰੋੜਾ
ਅੰਮ੍ਰਿਤਸਰ

## ਸਤਨਾਮ ਜਲਾਲਪੁਰ ਨੇ ਸਿੰਬਲ ਮਜਾਰਾ ਦੀ ਪੰਚਾਇਤ ਨੂੰ ਦਿੱਤੀ ਡੇਢ ਲੱਖ ਦੀ ਗਰਾਂਟ



**ਬਲਾਚੌਰ (ਜਸਵਿੰਦਰ ਬੈਂਸ)**-ਪੰਜਾਬ ਦੇ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਕਾਸ ਦੇ ਕੰਮ ਬੜੇ ਜ਼ੋਰਾਂ ਨਾਲ ਚੱਲ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਰੇਕ ਪਿੰਡਾਂ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਤਨਾਮ ਜਲਾਲਪੁਰ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਨਵਾਂਸ਼ਹਿਰ ਤੇ ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਡੇਢ ਲੱਖ ਰੁਪਏ ਦੀ ਗਰਾਂਟ ਸਿੰਬਲ ਮਜਾਰਾ ਪਿੰਡ ਦੀ ਗ੍ਰਾਮ ਪੰਚਾਇਤ ਨੂੰ ਦਿੱਤੀ।ਇਹ ਗਰਾਂਟ ਪੰਚਾਇਤ ਘਰ ਦੀ ਉਸਾਰੀ ਕਰਨ ਲਈ ਦਿੱਤੀ ਗਈ ਹੈ ਤਾਂ ਜੋ ਪੰਚਾਇਤ ਦੀਆਂ ਹਰ ਤਰ੍ਹਾਂ ਦੀਆਂ ਮੀਟਿੰਗਾਂ ਤੇ ਇਕੱਠ ਪੰਚਾਇਤ ਘਰ ਵਿੱਚ ਹੋ ਸਕਣ।ਇਸ ਮੌਕੇ ਸੁਖਵਿੰਦਰ ਕੌਰ ਸਰਪੰਚ, ਸ਼ੀਤਲ ਦੇਵੀ ਪੰਚ, ਪੂਜਾ ਪੰਚ, ਅਵਤਾਰ ਸਿੰਘ ਖੋਸਾ ਪੰਚ, ਅਵਤਾਰ ਸਿੰਘ, ਬਲਿਹਾਰ ਸਿੰਘ, ਤਾਰਾ ਸਿੰਘ, ਸੋਹਣ ਸਿੰਘ, ਵਿਸ਼ਾਲ ਆਦਿ ਹਾਜ਼ਰ ਸਨ।

## ਅੰਤਰ ਜ਼ਿਲ੍ਹਾ ਸਕੂਲ ਖੇਡਾਂ 3 ਤੋਂ 6 ਤੱਕ

**ਮੋਹਾਲੀ (ਗੁਰਜੀਤ ਬਿੱਲਾ)**-ਜ਼ਿਲ੍ਹਾ ਖੇਡ ਅਫਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 69ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤੈਰਾਕੀ ਅੰਡਰ 14, 17, 19 ਸਾਲ ਲੜਕੇ/ਲੜਕੀਆਂ 3 ਅਕਤੂਬਰ ਤੋਂ 6 ਅਕਤੂਬਰ ਤੱਕ ਮਲਟੀਪਰਪਜ਼ ਸਟੇਡੀਅਮ ਸੈਕਟਰ 63 ਵਿਖੇ ਹੋ ਰਹੀਆਂ ਹਨ। ਇਹਨਾਂ ਖੇਡਾਂ ਵਿਚ 23 ਜ਼ਿਲ੍ਹਿਆਂ ਦੇ ਲੜਕੇ/ਲੜਕੀਆਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ, ਜਿਸ ਵਿਚ ਲਗਭਗ 600 ਖਿਡਾਰੀ ਭਾਗ ਲੈ ਰਹੇ ਹਨ।

## ਵਿਧਾਇਕ ਨੇ ਦੋ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ

**ਮੋਹਾਲੀ (ਗੁਰਜੀਤ ਬਿੱਲਾ)**- ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਨੇ ਬੁੱਧਵਾਰ ਨੂੰ ਆਪਣੇ ਹਲਕੇ ਵਿੱਚ ਦੋ ਮਹੱਤਵਪੂਰਨ ਸੜਕਾਂ - ਚੱਪੜਚਿੜੀ ਕਲਾਂ ਤੋਂ ਚੱਪੜਚਿੜੀ ਖੁਰਦ ਰੋਡ ਅਤੇ ਖਰੜ ਬਨੂੜ ਰੋਡ ਤੋਂ ਤੰਗੌਰੀ-ਕੁਰਾੜਾ-ਬੜੀ ਰੋਡ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਦੇ ਕੰਮ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਪਹਿਲੇ ਪੜਾਅ ਵਿੱਚ, 10 ਕਰੋੜ ਰੁਪਏ ਦੀ ਲਾਗਤ ਨਾਲ 14 ਮੁੱਖ ਸੜਕਾਂ ਦੀ ਮੁਰੰਮਤ ਅਤੇ ਮਜ਼ਬੂਤੀ ਨੂੰ ਮਨਜ਼ੂਰੀ ਦਿੱਤੀ ਗਈ ਹੈ ।ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ, ਕਿ ਬਿਹਤਰ ਸੜਕੀ ਸੰਪਰਕ ਸਮੁੱਚੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਬਿਹਤਰ ਬੁਨਿਆਦੀ ਢਾਂਚਾ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

## ਸੰਤੋਸ਼ ਕਟਾਰੀਆ ਨੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ



**ਬਲਾਚੌਰ (ਜਸਵਿੰਦਰ ਬੈਂਸ)**-ਬਲਾਚੌਰ ਦੀ ਦਾਣਾ ਮੰਡੀ ਵਿਚ ਝੋਨੇ ਦੀ ਖਰੀਦ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਸ਼ੁਰੂ ਕਰਵਾਈ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ 24 ਘੰਟੇ ਵਿਚ ਕਿਸਾਨਾਂ ਦੀ ਝੋਨੇ ਦੀ ਕੀਮਤ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਪੈ ਜਾਵੇਗੀ ।ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨੋਵਾਲ ਨੇ ਕਿਸਾਨਾਂ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਕਿਸਾਨ ਵੀਰ ਆਪਣੀ ਝੋਨੇ ਦੀ ਫ਼ਸਲ ਸੁਕਾ ਕੇ ਲੈ ਕੇ ਆਉਣ ।ਇਸ ਮੌਕੇ ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਨੀਲ ਕੌਂਸਲ ਲਾਡੀ ਰਾਣਾ, ਆਪ ਆਗੂ ਵਿਸ਼ੂ ਰਾਣਾ,ਅਜੇ ਬਿੱਟੂ ਰਾਣਾ, ਅਜੇ ਚੌਧਰੀ ਬਿੱਟੂ, ਕੁਲਦੀਪ ਸਿੰਘ ਟੀਟੂ,ਗੁਰਪ੍ਰੀਤ ਸੈਣੀ ਗੋਪੀ,ਹਨੀ ਜੋਗੇਵਾਲ, ਕਿਸ਼ੋਰ ਗੁਲਾਟੀ, ਸੈਕਟਰੀ ਰਣਵੀਰ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਵੱਲੋਂ ਦੂਜੇ ਦਿਨ ਵੀ ਆਨਲਾਈਨ ਕੰਮ ਦੀ ਹੜਤਾਲ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਜੁਝਾਰੂ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਪੰਜਾਬ ਵੱਲੋਂ ਅਣਮਿੱਥੇ ਸਮੇਂ ਦਿੱਤੇ ਹੜਤਾਲ ਦੇ ਸੱਦੇ ਉਤੇ ਦੂਜੇ ਦਿਨ ਵੀ ਹੜਤਾਲ ਕਾਮਯਾਬ ਰਹੀ ।ਜੁਝਾਰੂ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਪੰਜਾਬ ਦੀ ਪ੍ਰਧਾਨ ਰੀਮਾ ਰਾਣੀ ਦੇ ਆਦੇਸ਼ਾਂ ਅਨੁਸਾਰ ਆਨਲਾਈਨ ਕੰਮ ਠੱਪ ਰੱਖਿਆ।ਇਸ ਸੰਬੰਧੀ ਜ਼ਿਲ੍ਹਾ ਪ੍ਰਧਾਨ ਰੀਮਾ ਰਾਣੀ ਤੇ ਬਲਾਕ ਪ੍ਰਧਾਨ ਸੁਰੇਸ਼ ਕੁਮਾਰੀ ਨੇ ਕਿਹਾ ਕਿ ਸੂਬੇ ਭਰ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਕੇਂਦਰਾਂ ਵਿੱਚ ਹਾਜ਼ਰ ਹੋਈਆਂ ਅਤੇ ਰਜਿਸਟਰਾਂ ਉਤੇ ਕੰਮ ਕੀਤਾ, ਪ੍ਰੰਤੂ ਦੂਜੇ ਦਿਨ ਵੀ ਆਨਲਾਈਨ ਕੰਮ ਦੀ ਪੂਰਨ ਤੌਰ 'ਤੇ ਬੰਦ ਰੱਖਿਆ । ਆਗੂਆਂ ਨੇ ਕਿਹਾ ਕਿ ਹੜਤਾਲ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਆਂਗਨਵਾੜੀ ਵਰਕਰ ਅਤੇ ਹੈਲਪਰ ਅੱਜ ਵੀ ਨਿਗੁਣੇ ਜਿਹੇ ਮਾਨਭਤੇ ਵਿੱਚ ਕੰਮ ਕਰਨ ਲਈ ਮਜਬੂਰ ਹਨ ਅਤੇ ਉਹ ਵੀ ਕਈ - ਕਈ ਮਹੀਨੇ ਦਿੱਤਾ ਨਹੀਂ ਜਾਂਦਾ। ਇਸ ਤੋਂ ਇਲਾਵਾ ਆਂਗਣਵਾੜੀ ਕੇਂਦਰਾਂ ਦੇ ਕਿਰਾਏ ਵੀ ਸਮੇਂ ਸਿਰ ਨਹੀਂ ਦਿੱਤੇ ਜਾ ਰਹੇ।

## ਗਿੱਲੇ ਕੂੜੇ ਤੋਂ ਤਿਆਰ ਖਾਦ ਆਂਗਨਵਾੜੀ ਵਰਕਰਾਂ 'ਚ ਵੰਡੀ

**ਅਲਾਵਲਪੁਰ, (ਮਦਨ ਬੰਗੜ)**-ਨਗਰ ਕੌਂਸਲ ਅਲਾਵਲਪੁਰ ਵੱਲੋਂ ਗਿਲੇ ਕੂੜੇ ਤੋ ਤਿਆਰ ਕਰਕੇ 'ਖਾਦ' ਰਾਮਦਾਸਪੁਰ ਦੇ ਆਂਗਣਵਾੜੀ ਸੈਂਟਰ ਵਿਚ ਵੰਡੀ ਗਈ। ਨਗਰ ਕੌਂਸਲ ਅਲਾਵਲਪੁਰ ਵੱਲੋਂ ਆਗਣਵਾੜੀ ਸੈਂਟਰ ਰਾਮਦਾਸਪੁਰ ਵਿਖੇ ਇਕ ਖਾਦ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸ਼ਾਮਿਲ ਹੋਏ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਾਰਜ ਸਾਧਕ ਅਫਸਰ ਰਾਮ ਜੀਤ ਨੇ ਕਿਹਾ ਕਿ ਇਹ ਖਾਂਦ ਤੁਹਾਡੇ ਘਰਾਂ ਤੋਂ ਗਿੱਲਾ ਸੁੱਕਾ ਕੂੜਾ ਜੋ ਲੈਂਦੇ ਹਾਂ ਉਸ ਤੋਂ ਤਿਆਰ ਕੀਤੀ ਗਈ ਹੈ ।ਇਹ ਖਾਦ ਬੂਟਿਆ ਲਈ ਵਰਦਾਨ ਹੈ।ਇਸ ਮੌਕੇ ਪ੍ਰਧਾਨ ਨੀਲਮ ਰਾਣੀ ਵੱਲੋਂ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਘਰਾਂ ਦੇ ਗਿੱਲੇ ਸੁੱਕੇ ਕੂੜੇ ਨੂੰ ਅੱਲਗ ਅੱਲਗ ਕਰਕੇ ਗੱਡੀ ਵਿਚ ਪਾਇਆ ਜਾਵੇ ਤੇ ਆਲੇ ਦੁਆਲੇ ਨਾ ਸੁਟਿਆ ਜਾਵੇ।ਪ੍ਰਧਾਨ ਨੀਲਮ ਰਾਣੀ, ਕਾਰਜ ਸਾਧਕ ਅਫਸਰ ਰਾਮ ਜੀਤ , ਸੀ ਐਫ ਨਿਰਮਲ ਦਾਸ, ਸੁਪਰਵਾਇਜਰ ਅਜੇ ਕੁਮਾਰ, ਮੋਟੀਵੇਟਰ ਕਿਰਤੀ, ਆਂਗਣਵਾੜੀ ਵਰਕਰ ਸਰਭਜੀਤ ਕੌਰ, ਬਲਜੀਤ ਕੌਰ, ਅਮਰਜੀਤ ਕੌਰ, ਸਫਾਈ ਸੇਵਕ ਜੋਤੀ, ਪ੍ਰਸ਼ਾਂਤ ਕੁਮਾਰ ਅਤੇ ਮੁੱਹਲੇ ਦੀਆ ਔਰਤਾ ਸ਼ਾਮਿਲ ਸਨ।




## ਸੀ ਟੀ ਗਰੁੱਪ 'ਚ ਫੰਡਰੇਜ਼ਰ 2.0 ਦਾ ਆਯੋਜਨ



**ਜਲੰਧਰ (ਸ਼ੈਲੀ ਐਲਬਰਟ)**

ਸੀਟੀ ਗਰੁੱਪ ਆਫ ਇੰਸਟੀਟਿਊਸ਼ਨਜ਼ ਨੇ ਸਫਲਤਾਪੂਰਵਕ ਫੰਡਰੇਜ਼ਰ 2.0 ਦਾ ਆਯੋਜਨ ਮਨਜੀਤ ਕੌਰ ਆਡੀਟੋਰੀਅਮ ਵਿੱਚ ਕੀਤਾ, ਜਿੱਥੇ ਪ੍ਰਸਿੱਧ ਪੰਜਾਬੀ ਕਲਾਕਾਰ ਗੁਲਾਬ ਸਿੱਧੂ ਅਤੇ ਜੀ ਖਾਨ ਨੇ ਲਾਈਵ ਪਰਫਾਰਮੈਂਸ ਦਿੱਤੀ। ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ 1200 ਤੋਂ ਵੱਧ ਲੋਕਾਂ ਨੇ ਭਾਗ ਲਿਆ, ਜੋ ਇਸਦੀ ਵੱਡੀ ਕਾਮਯਾਬੀ ਸੀ।ਇਹ ਸ਼ੁਭ ਪਹਿਲ ਇਹ ਯਕੀਨੀ ਬਣਾਉਂਦੀ ਹੈ ਕਿ ਇਸ ਪ੍ਰੋਗਰਾਮ ਤੋਂ ਮਿਲੀ ਸਾਰੀ ਰਕਮ ਪੰਜਾਬ ਹੜ੍ਹ ਰਾਹਤ ਲਈ ਸਮਰਪਿਤ ਕੀਤੀ ਜਾਵੇਗੀ, ਜੋ ਸੀ ਟੀ ਗਰੁੱਪ ਦੀ ਸਮਾਜਿਕ ਜਿੰਮੇਵਾਰੀ ਪ੍ਰਤੀ ਲੰਮੀ ਅਰਸੇ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦੀ ਹੈ।ਸਮੇਂ ਦੇ ਨਾਲ, ਸੀਟੀ ਪਰਿਵਾਰ ਨੇ ਸਿੱਖਿਆ, ਪੌਦਿਆਂ ਦੀ ਰੋਪਾਈ, ਸਿਹਤ ਜਾਗਰੁਕਤਾ ਅਤੇ ਆਪਦਾਕਾਲੀਨ ਸਹਾਇਤਾ ਵਰਗੀਆਂ ਕਈ ਸਮਾਜਿਕ ਭਲਾਈਆਂ ਵਿੱਚ ਲਗਾਤਾਰ ਯੋਗਦਾਨ ਦਿੱਤਾ ਹੈ। ਫੰਡਰੇਜ਼ਰ 2.0 ਇਸ ਸੇਵਾ ਅਤੇ ਨੇਕੀ ਦੀ ਵਿਰਾਸਤ ਨੂੰ ਜਾਰੀ ਰੱਖਣ ਵਿੱਚ ਇੱਕ ਹੋਰ ਮਹੱਤਵਪੂਰਨ ਪੱਧਰ ਹੈ।ਇਸ ਮੌਕੇ 'ਤੇ ਸ਼ਾਹਪੁਰ ਕੈਂਪਸ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਜਾਇੰਟ ਮੈਨੇਜਿੰਗ ਡਾਇਰੈਕਟਰ ਤਨਿਕਾ ਚੰਨੀ ਅਤੇ ਇਕਜ਼ੈਕਟੀਵ ਡਾਇਰੈਕਟਰ ਡਾ. ਨਿਤਿਨ ਟੰਡਨ ਮੌਜੂਦ ਸਨ , ਜਿਨ੍ਹਾਂ ਨੇ ਮਨੁੱਖਤਾ ਦੀ ਸੇਵਾ ਲਈ ਕਮਿਊਨਿਟੀਆਂ ਨੂੰ ਇਕੱਠਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

## ਵਿਧਾਇਕ ਜਿੰਪਾ ਵੱਲੋਂ ਲਾਈਟਾਂ ਦੇ ਕੰਮ ਦੀ ਸ਼ੁਰੂਆਤ

**ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ)**-ਹੁਸ਼ਿਆਰਪੁਰ ਸ਼ਹਿਰ ਦੇ ਵਿਕਾਸ ਨੂੰ ਨਵੀਂ ਗਤੀ ਦਿੰਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਰਾਮ ਪਥ ਰੋਡ (ਧੋਬੀ ਘਾਟ ਚੌਂਕ ਤੋਂ ਸ਼ਨੀ ਮੰਦਰ ਤੱਕ) 'ਤੇ ਆਧੁਨਿਕ ਲਾਈਟਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਹ ਪ੍ਰੋਜੈਕਟ ਰਿਲਾਇੰਸ ਇੰਡਸਟਰੀਜ਼ ਲਿਮਟਿਡ, ਚੌਹਾਲ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ। ਉਦਘਾਟਨ ਮੌਕੇ ਵਿਧਾਇਕ ਜਿੰਪਾ ਨੇ ਪੂਜਾ-ਅਰਚਨਾ ਅਤੇ ਕੰਨਿਆ ਪੂਜਨ ਕਰਕੇ ਕੰਮ ਦੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਅਤੇ ਨਾਗਰਿਕ ਸਹੂਲਤਾਂ ਨੂੰ ਪਹਿਲ ਦੇਣਾ ਉਨ੍ਹਾਂ ਦਾ ਮੁੱਖ ਉਦੇਸ਼ ਹੈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਐਸ.ਡੀ.ਐਮ ਗੁਰਸਿਮਰਨਜੀਤ ਕੌਰ, ਸਾਬਕਾ ਮੇਅਰ ਸ਼ਿਵ ਸੂਦ, ਸੇਠ ਗੋਪੀ ਚੰਦ ਕਪੂਰ, ਰਿਲਾਇੰਸ ਇੰਡਸਟਰੀਜ਼ ਚੌਹਾਲ ਦੇ ਸਾਈਟ ਪ੍ਰਧਾਨ ਰਾਜੇਸ਼ ਅਰੋੜਾ, ਹੈੱਡ ਐਚ ਆਰ ਅਵਿਨਾਸ਼ ਕੁਮਾਰ ਸਿੰਘ, ਫਾਈਨੈਂਸ ਹੈੱਡ ਰੋਹਿਤ ਤੁਲੀ, ਸੀਨੀਅਰ ਮੈਨੇਜਰ ਐਚ.ਆਰ ਭੁਪਿੰਦਰ ਸਿੰਘ, ਕੁੰਡਲ, ਬਲਜਿੰਦਰ ਧੀਮਾਨ, ਸੁਭਾਸ਼, ਮਨੋਜ ਦੱਤਾ ਸਮੇਤ ਹੋਰ ਪਤਵੰਤੇ ਹਾਜ਼ਰ ਸਨ।



## ਈ ਐੱਸ ਆਈ ਹਸਪਤਾਲ ਵਿਖੇ ਅਲਟਰਾਸਾਊਂਡ ਸਹੂਲਤ ਦੀ ਸ਼ੁਰੂਆਤ



**ਮੋਹਾਲੀ, (ਗੁਰਜੀਤ ਬਿੱਲਾ)**-ਵਿਧਾਇਕ ਐਸ ਏ ਐਸ ਨਗਰ (ਮੋਹਾਲੀ) ਕੁਲਵੰਤ ਸਿੰਘ ਨੇ ਸਰਕਾਰੀ ਈ ਐਸ ਆਈ ਹਸਪਤਾਲ, ਫੇਜ਼ 7, ਮੋਹਾਲੀ ਵਿਖੇ ਨਵੀਂ ਸਥਾਪਿਤ ਹਾਈ-ਡੈਫੀਨੇਸ਼ਨ ਅਲਟਰਾਸਾਊਂਡ ਯੂਨਿਟ ਦੀ ਸ਼ੁਰੂਆਤ ਕੀਤੀ।ਇਸ ਮੌਕੇ ਬੋਲਦਿਆਂ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਇਸ ਉੱਨਤ ਯੂਨਿਟ ਦੀ ਸਥਾਪਨਾ ਦੇ ਨਾਲ-ਨਾਲ ਰੇਡੀਓਲੋਜਿਸਟ ਦੀ ਤਾਇਨਾਤੀ ਉਦਯੋਗਿਕ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਸਿਹਤ ਸੰਭਾਲ ਸੇਵਾਵਾਂ ਵਿੱਚ ਕਾਫ਼ੀ ਸੁਧਾਰ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਸਨੀਕਾਂ ਲਈ ਮਿਆਰੀ ਸਿਹਤ ਸੰਭਾਲ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ 'ਆਮ ਆਦਮੀ ਕਲੀਨਿਕ ਪਹਿਲਾਂ ਹੀ ਲੋਕਾਂ ਦੇ ਘਰਾਂ ਦੇ ਨੇੜੇ 'ਤੇ ਮੁਫ਼ਤ ਦਵਾਈਆਂ ਅਤੇ ਡਾਇਗਨੌਸਟਿਕ ਟੈਸਟਾਂ ਦੇ ਨਾਲ ਮੁੱਢਲੀ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਇੱਕ ਸਫ਼ਲ ਮਾਡਲ ਹਨ।' ਹਸਪਤਾਲ ਦੇ ਸਟਾਫ ਅਤੇ ਮੋਹਾਲੀ ਇੰਡਸਟਰੀ ਐਸੋਸੀਏਸ਼ਨ ਦੇ ਹਸਪਤਾਲ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਯਤਨਾਂ ਦੀ ਸ਼ਲਾਘਾ ਕਰਦੇ ਹੋਏ, ਕੁਲਵੰਤ ਸਿੰਘ ਨੇ ਕਿਹਾ ਕਿ ਉਹ ਸੈਕਟਰ 66 ਵਿਖੇ ਇੱਕ ਹੋਰ ਵੱਡੀ ਸਿਹਤ ਸਹੂਲਤ (ਜਾਂ ਤਾਂ ਈ ਐਸ ਆਈ ਹਸਪਤਾਲ ਜਾਂ ਸਿਵਲ ਹਸਪਤਾਲ-ਕਿਸਮ ਦੀ ਸੰਸਥਾ) ਸਥਾਪਤ ਕਰਵਾਉਣ ਲਈ ਯਤਨਸ਼ੀਲ ਹਨ।

## ਸਫਾਈ ਅਭਿਆਨ ਸਫਲਤਾਪੂਰਵਕ ਸੰਪੰਨ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਏਕਤਾ ਅਤੇ ਨਾਗਰਿਕ ਜ਼ਿੰਮੇਵਾਰੀ ਦੇ ਇੱਕ ਸ਼ਾਨਦਾਰ ਪ੍ਰਦਰਸ਼ਨ ਵਿੱਚ, ਪਿੰਡ ਵਾਸੀਆਂ, ਬੱਚਿਆਂ ਅਤੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਨਾਲ ਇੱਕ ਸਫਾਈ ਅਭਿਆਨ ਸਫਲਤਾਪੂਰਵਕ ਕੀਤਾ ਗਿਆ। ਇਸ ਸਮਾਗਮ ਨੂੰ ਸਕੂਲ ਅਤੇ ਨੇੜਲੇ ਪਿੰਡਾਂ ਦੇ ਸਤਿਕਾਰਯੋਗ ਸਰਪੰਚਾਂ, ਜਿਨ੍ਹਾਂ ਵਿੱਚ (ਸਤੋਤਾ ਦੇ ਸਰਪੰਚ) ਮੁਕਤ ਕੌਰ ਪਤਨੀ ਹਰਤੇਗਵੀਰ ਸਿੰਘ,(ਲੰਦੀਪੁਰ ਦੇ ਸਰਪੰਚ) ਨੀਲਮ ਸ਼ਰਮਾ ਪਤਨੀ ਪ੍ਰਦੀਪ ਸ਼ਰਮਾ ,(ਲੰਦੀਪੁਰ ਦੇ ਸਰਪੰਚ) ਨਵਦੀਪ ਕੌਰ ਪਤਨੀ ਹਰਦੀਪ ਸਿੰਘ (ਝਿੰਜੜੀ ਦੇ ਸਰਪੰਚ) ਬਲਵਿੰਦਰ ਸਿੰਘ ਤੇ (ਥੱਪਲ ਦੇ ਸਰਪੰਚ) ਹਰਜੀਤ ਕੌਰ ਸ਼ਾਮਲ ਸਨ, ਦੀ ਮੌਜੂਦਗੀ ਨੇ ਸ਼ੋਭਾ ਦਿੱਤੀ।ਮੁਹਿੰਮ ਦੌਰਾਨ, ਭਾਗੀਦਾਰਾਂ ਨੇ ਉਤਸ਼ਾਹ ਨਾਲ ਦੋ ਪਿੰਡ ਦੇ ਪੁਲਾਂ ਅਤੇ ਦੋ ਮੁੱਖ ਸੜਕਾਂ ਦੀ ਸਫਾਈ ਕੀਤੀ, ਜਿਸ ਨਾਲ ਆਲੇ ਦੁਆਲੇ ਸਾਫ਼-ਸੁਥਰਾ ਅਤੇ ਵਧੇਰੇ ਪਹੁੰਚਯੋਗ ਬਣ ਗਿਆ। ਇਸ ਪਹਿਲ ਨੂੰ ਦੇਖਣ ਵਾਲੇ ਸਾਰਿਆਂ ਦੁਆਰਾ ਸਮੂਹਿਕ ਯਤਨ ਦੀ ਵਿਆਪਕ ਤੌਰ 'ਤੇ ਪ੍ਰਸ਼ੰਸਾ ਕੀਤੀ ਗਈ।



## ਸੈਣੀ ਸੁਧਾਰ ਸਭਾ ਦੀ ਮੀਟਿੰਗ 'ਚ ਅਹੁਦੇਦਾਰ ਨਿਯੁਕਤ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)** ਆਲ ਇੰਡੀਆ ਸੈਣੀ ਸੇਵਾ ਸਮਾਜ ਦੇ ਪੰਜਾਬ ਪ੍ਰਧਾਨ ਸ੍ਰੀ ਲਵਲੀਨ ਸੈਣੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੁਸ਼ਿਆਰਪੁਰ ਯੂਨਿਟ ਦੀ ਇੱਕ ਅਹਿਮ ਮੀਟਿੰਗ ਜਿਲਾ ਹੁਸ਼ਿਆਰਪੁਰ ਦੇ ਯੂਥ ਵਿੰਗ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਹੇਠ ਸੈਣੀ ਕੰਪਲੈਕਸ ਟਾਂਡਾ ਵਿਖੇ ਹੋਈ। ਇਸ ਮੌਕੇ ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਸਟੇਟ ਦੇ ਐਗਜੀਕਿਊਟਿਵ ਮੈਂਬਰ ਅਤੇ ਟਾਂਡਾ ਜ਼ੋਨ ਦੇ ਕੋਆਰਡੀਨੇਟਰ ਭਗਵਾਨ ਸਿੰਘ ਸੈਣੀ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ ।ਮੀਟਿੰਗ ਵਿੱਚ ਸੈਣੀ ਸਮਾਜ ਦੀ ਬਿਹਤਰੀ ਲਈ ਸੈਣੀ ਸੁਧਾਰ ਸਭਾ ਦਾ ਗਠਨ ਕੀਤਾ ਗਿਆ। ਜਿਸ ਵਿੱਚ ਭਗਵਾਨ ਸਿੰਘ ਸੈਣੀ ਨੂੰ ਪ੍ਰਧਾਨ, ਲੈਕਚਰਾਰ ਰਾਜਾ ਸਿੰਘ ਨੂੰ ਜਨਰਲ ਸਕੱਤਰ, ਗੁਰਮੀਤ ਸਿੰਘ ਮੂਨਕਾਂ ਨੂੰ ਸੀਨੀਅਰ ਵਾਈਸ ਪ੍ਰਧਾਨ, ਪ੍ਰੋਫੈਸਰ ਨਵਦੀਪ ਸਿੰਘ ਸੈਣੀ ਅਤੇ ਮਾਸਟਰ ਹਰਦੀਪ ਸਿੰਘ ਨੂੰ ਮੁੱਖ ਸਲਾਹਕਾਰ ਅਤੇ ਜਸਪ੍ਰੀਤ ਸਿੰਘ ਸੈਣੀ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ।



## ਦੁਸਹਿਰਾ ਧੂਮਧਾਮ ਨਾਲ ਮਨਾਇਆ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**

ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਦੁਸਹਿਰੇ ਦਾ ਪਵਿੱਤਰ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸਰਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਤਿਉਹਾਰ ਨਾਲ ਸੰਬੰਧਿਤ ਸਕੂਲ ਦੇ ਕੇਜੀ ਵਿੰਗ ਦੇ ਵਿਦਿਆਰਥੀਆਂ ਦੀਆਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਰੰਗ ਭਰਨ ਮੁਕਾਬਲਾ, ਰਮਾਇਣ ਦੇ ਵੱਖ- ਵੱਖ ਪਾਤਰਾਂ ਦੀਆਂ ਤਸਵੀਰਾਂ ਬਣਾ ਕੇ ਉਹਨਾਂ ਨੂੰ ਸਹੀ ਜਗ੍ਹਾ ਤੇ ਲਗਵਾਉਣਾ ਅਤੇ ਵੱਖ -ਵੱਖ ਪ੍ਰਕਾਰ ਦੇ ਮਾਸਕ ਬਣਾਉਣਾ ਆਦਿ ਸਨ। ਇਸੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਦੁਆਰਾ ਰਾਵਣ ਦਾ ਬੁੱਤ ਤਿਆਰ ਕੀਤਾ ਗਿਆ ਅਤੇ ਸਕੂਲ ਦੇ ਪ੍ਰਿੰਸੀਪਲ ਸਰਦਾਰ ਸੁਰਜੀਤ ਸਿੰਘ ਦੁਆਰਾ ਇਸ ਬੁੱਤ ਨੂੰ ਸਾੜ ਕੇ ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਗਟਾਵਾ ਕੀਤਾ ਗਿਆ। ਸਾਰੇ ਹੀ ਵਿਦਿਆਰਥੀਆਂ ਨੇ ਰਾਵਣ ਦਾ ਬੁੱਤ ਸਾੜਨ ਦੀ ਇਸ ਰਸਮ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਰਾਵਣ ਦਾ ਬੁੱਤ ਸਾੜਨ ਸਮੇਂ ਵਿਦਿਆਰਥੀਆਂ ਦਾ ਜੋਸ਼ ਦੇਖਣ ਯੋਗ ਸੀ। ਸਕੂਲ ਦੇ ਪ੍ਰਧਾਨ ਸਰਦਾਰ ਗੁਰਦੇਵ ਸਿੰਘ ਅਟਵਾਲ ਅਤੇ ਮੈਨੇਜਿੰਗ ਡਾਇਰੈਕਟਰ ਮੈਡਮ ਸ਼ਿੰਦਰਪਾਲ ਕੌਰ ਅਟਵਾਲ ਵੱਲੋਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਦੁਸਹਿਰੇ ਦੇ ਪਵਿੱਤਰ ਤਿਉਹਾਰ ਦੀ ਵਧਾਈ ਦਿੱਤੀ ਗਈ ਤੇ ਉਹਨਾਂ ਨੇ ਸਾਰਿਆਂ ਨੂੰ ਹਮੇਸ਼ਾ ਸੱਚ ਦੇ ਰਸਤੇ ਉੱਤੇ ਚੱਲਦੇ ਰਹਿਣ ਦਾ ਸੰਦੇਸ਼ ਦਿੱਤਾ। ਸਕੂਲ ਦੇ ਪ੍ਰਿੰਸੀਪਲ ਸਰਦਾਰ ਸੁਰਜੀਤ ਸਿੰਘ, ਮੈਨੇਜਰ ਮੈਡਮ ਪ੍ਰੀਤਪਾਲ ਕੌਰ ਅਟਵਾਲ, ਇਸਟੇਟ ਇੰਚਾਰਜ ਸਰਦਾਰ ਅਰਸ਼ਦੀਪ ਸਿੰਘ ਬਰਾੜ, ਵਾਈਸ ਪ੍ਰਿੰਸੀਪਲ ਮੈਡਮ ਮਨਦੀਪ ਕੌਰ ਮਾਹਲ ਵੱਲੋਂ ਵੀ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਦੁਸਹਿਰੇ ਦੇ ਪਵਿੱਤਰ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਗਈਆਂ।

## ਗੁਰੂ ਰਵਿਦਾਸ ਦੀ ਬਾਣੀ 'ਤੇ ਪਹਿਰਾ ਦੇਣ ਦੀ ਲੋੜ

**ਹੁਸ਼ਿਆਰਪੁਰ (ਓ ਪੀ ਰਾਣਾ )** - ਜ਼ਿਲਾ ਮਾਨਸਾ ਦੇ ਪਿੰਡ ਖਿਆਲਾ ਕਲਾਂ ਵਿਖੇ ਕਰਵਾਏ ਆਦਿ ਧਰਮ ਸਤਸੰਗਿ ਸਮੇਂ ਪ੍ਰਵਚਨ ਕਰਦਿਆਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਕਿਹਾ ਕਿ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਦੁਨੀਆ ਵਿੱਚ ਸਮੇਂ-ਸਮੇਂ 'ਤੇ ਮਨੁੱਖਤਾ ਦੇ ਰਹਿਬਰਾਂ ਨੇ ਜਨਮ ਲਿਆ। ਇਨ੍ਹਾਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ, ਜਿਨ੍ਹਾਂ ਨੇ ਉਸ ਵੇਲੇ ਫੈਲੀ ਉਚ-ਨੀਚ, ਜਾਤ-ਪਾਤ, ਕਰਮਕਾਂਡ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਉਸ ਵੇਲੇ ਸ਼ੂਦਰਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ। ਇਸ ਮਨੂਵਾਦੀ ਪ੍ਰਥਾ ਖ਼ਿਲਾਫ਼ ਮੁਹਿੰਮ ਸ਼ੁਰੂ ਹੋਈ, ਜਿਸ ਵਿੱਚ ਸਤਿਗੁਰੂ ਕਬੀਰ ਮਹਾਰਾਜ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮੁੱਖ ਭੂਮਿਕਾ ਰਹੀ ਹੈ।ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਦੀ ਕ੍ਰਾਂਤੀਕਾਰੀ ਬਾਣੀ 'ਤੇ ਪਹਿਰਾ ਦੇਣ ਦੀ ਲੋੜ ਹੈ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਸੰਤ ਸਤਵਿੰਦਰ ਹੀਰਾ, ਸੰਤ ਬੀਬੀ ਪੂਨਮ ਹੀਰਾ ਜੀ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ।ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।



## ਵਿਦਿਆਰਥਣਾਂ ਨੇ ਰੈਲੀ ਕੱਢ ਕੇ ਐੱਚ ਆਈ ਵੀ ਤੋਂ ਜਾਗਰੂਕ ਕੀਤਾ




**ਸੁਲਤਾਨਪੁਰ ਲੋਧੀ, (ਹਨੀ)**-ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਐਨ ਐਸ ਐਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਵੱਲੋਂ ਐੱਚ ਆਈ ਵੀ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ। ਰੈਲੀ ਦਾ ਉਦੇਸ਼ ਆਮ ਲੋਕਾਂ ਵਿੱਚ ਐੱਚ ਆਈ ਵੀ (ਏਡਜ਼ ) ਦੇ ਕਾਰਨਾਂ, ਰੋਕਥਾਮ ਅਤੇ ਇਸ ਬਿਮਾਰੀ ਨਾਲ ਜੀ ਰਹੇ ਲੋਕਾਂ ਪ੍ਰਤੀ ਹਮਦਰਦੀ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣਾ ਸੀ। ਵਿਦਿਆਰਥਣਾਂ ਨੇ ਅਰਥਪੂਰਨ ਨਾਅਰਿਆਂ ਵਾਲੀਆਂ ਤਖ਼ਤੀਆਂ ਅਤੇ ਬੈਨਰ ਫੜ ਕੇ ਸਰਗਰਮੀ ਨਾਲ ਹਿੱਸਾ ਲਿਆ। ਉਨ੍ਹਾਂ ਨੇ ਇਸ ਬਿਮਾਰੀ ਨਾਲ ਸਬੰਧਤ ਮਿੱਥਾਂ ਅਤੇ ਗਲਤ ਧਾਰਨਾਵਾਂ ਵਿਰੁੱਧ ਭਾਈਚਾਰੇ ਨੂੰ ਸੰਵੇਦਨਸ਼ੀਲ ਬਣਾਉਣ ਲਈ ਨਾਅਰੇ ਵੀ ਲਗਾਏ। ਰੈਲੀ ਨੇ ਸੁਲਤਾਨਪੁਰ ਲੋਧੀ ਦੇ ਨੇੜਲੇ ਖੇਤਰਾਂ ਨੂੰ ਕਵਰ ਕੀਤਾ, ਜਿੱਥੇ ਵਲੰਟੀਅਰਾਂ ਨੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਸ਼ੈਲੀ, ਨਿਯਮਤ ਸਿਹਤ ਜਾਂਚ ਅਤੇ ਸੁਰੱਖਿਅਤ ਅਭਿਆਸਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।

## ਮੇਹਰ ਚੰਦ ਪੌਲੀਟੈਕਨਿਕ ਕਾਲਜ 'ਚ ਪਲੇਸਮੈਂਟ ਡਰਾਈਵ

**ਜਲੰਧਰ ( ਸ਼ੈਲੀ ਐਲਬਰਟ)**- ਮੇਹਰ ਚੰਦ ਪੌਲੀਟੈਕਨਿਕ ਕਾਲਜ, ਜਲੰਧਰ ਵਿੱਚ ਪਲੇਸਮੈਂਟ ਡਰਾਈਵ ਦਾ ਸਫਲ ਆਯੋਜਨ ਕੀਤਾ ਗਿਆ। ਇਸ ਡਰਾਈਵ ਵਿੱਚ ਪਾਈ ਸੋਫਟ ਇਨਫੋਰਮੈਟਿਕਸ ਪ੍ਰਾਈਵੇਟ ਲਿਮਟਿਡ, ਮੋਹਾਲੀ ਵੱਲੋਂ ਆਖਰੀ ਸਾਲ ਦੇ ਵਿਦਿਆਰਥੀਆਂ ਲਈ ਇੰਟਰਨਸ਼ਿਪ ਅਤੇ ਜ਼ਰੂਰੀ ਟ੍ਰੇਨਿੰਗ ਦੇ ਮੌਕੇ ਪ੍ਰਦਾਨ ਕੀਤੇ ਗਏ।ਕੰਪਿਊਟਰ ਸਾਇੰਸ ਅਤੇ ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਨੇ ਇਸ ਪਲੇਸਮੈਂਟ ਡਰਾਈਵ ਵਿੱਚ ਉਤਸ਼ਾਹਪੂਰਵਕ ਭਾਗ ਲਿਆ ਅਤੇ ਆਪਣੀ ਯੋਗਤਾ ਸਾਬਤ ਕੀਤੀ।ਇਸ ਡਰਾਈਵ ਵਿੱਚ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਵਿਭਾਗ ਤੋਂ ਅਗ੍ਰਿਮ ਕਾਲੀਆ ਦੀ ਚੋਣ ਕੀਤੀ ਗਈ, ਜਿਸ ਨੂੰ ਇੰਟਰਨਸ਼ਿਪ ਦੌਰਾਨ ਮਹੀਨਾਵਾਰ 12,000/- ਸਟਾਈਪੈਂਡ ਦਿੱਤਾ ਜਾਵੇਗਾ।ਇਸ ਮੌਕੇ ਕਾਲਜ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਅਫਸਰ ਸ਼੍ਰੀ ਗਗਨਦੀਪ ਨੇ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਮਿਹਨਤ ਅਤੇ ਅਧਿਆਪਕਾਂ ਦੀ ਰਹਿਨੁਮਾਈ ਦਾ ਨਤੀਜਾ ਹੈ। ਉਹਨਾਂ ਨੇ ਕੰਪਨੀ ਦੇ ਅਧਿਕਾਰੀਆਂ ਦਾ ਧੰਨਵਾਦ ਵੀ ਕੀਤਾ।ਪ੍ਰਿੰਸਿਪਲ ਸਾਹਿਬ ਨੇ ਇਸ ਪਲੇਸਮੈਂਟ ਡਰਾਈਵ ਲਈ ਆਪਣੀ ਖੁਸ਼ੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਇਹ ਕਾਲਜ ਲਈ ਮਾਣ ਦੀ ਗੱਲ ਹੈ ਕਿ ਸਾਡੇ ਵਿਦਿਆਰਥੀਆਂ ਨੂੰ ਪ੍ਰਸਿੱਧ ਕੰਪਨੀਆਂ ਵੱਲੋਂ ਚੁਣਿਆ ਜਾ ਰਿਹਾ ਹੈ।ਵਿਭਾਗ ਦੇ ਮੁਖੀ ਪ੍ਰਿੰਸ ਮਦਾਨ ਅਤੇ ਪ੍ਰੀਤੀ ਗ੍ਰੋਵਰ ਵੀ ਇਸ ਮੌਕੇ ਤੇ ਮੌਜੂਦ ਸਨ।



## ਏ ਆਈ ਤਕਨੀਕ ਦੀ ਦੁਰਵਰਤੋਂ ਦੀ ਨਿੰਦਾ

**ਆਦਮਪੁਰ, (ਪਰਮਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਨੇਜਮੈਂਟ ਅਧੀਨ ਚੱਲ ਰਹੇ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਦੀ ਅਗਵਾਈ ਹੇਠ ਕਾਲਜ ਦੇ ਸਮੂਹ ਸਟਾਫ ਵੱਲੋਂ ਏ ਆਈ (ਆਰਟੀਫਿਸ਼ੀਅਲ ਇੰਟੈਲੀਜੈਂਸੀ) ਤਕਨੀਕ ਦੀ ਦੁਰਵਰਤੋਂ ਦੀ ਨਿੰਦਾ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀ ਸੋਸ਼ਲ ਮੀਡੀਆ ਤੋਂ ਵੇਖਣ ਵਿੱਚ ਆ ਰਿਹਾ ਹੈ ਕਿ ਕਿਸੇ ਸਮਾਜ ਵਿਰੋਧੀ ਸ਼ਰਾਰਤੀ ਅਨਸਰ ਵੱਲੋਂ ਏ ਆਈ ਤਕਨੀਕ ਦੀ ਦੁਰਵਰਤੋਂ ਰਾਹੀਂ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਇਤਰਾਜ਼ਯੋਗ ਗਲਤ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਪਰ ਅਪਲੋਡ ਕੀਤੀਆਂ ਗਈਆਂ ਹਨ। ਪ੍ਰਿੰਸੀਪਲ ਨੇ ਮੀਡੀਆ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ਼ਰਾਰਤੀ ਅਨਸਰ ਵੱਲੋਂ ਅਜਿਹਾ ਕੀਤਾ ਗਿਆ ਕਾਰਾ ਸਿੱਖ ਫਲਸਫੇ ਮੁਤਾਬਿਕ ਗੁਰਮਤਿ ਮਰਿਆਦਾ ਨੂੰ ਭੰਗ ਕਰਦਾ ਹੈ। ਇਸ ਸਬੰਧੀ ਪ੍ਰਿੰਸੀਪਲ ਅਤੇ ਸਮੂਹ ਸਟਾਫ ਦਾ ਇੱਕ ਜੁੱਟ ਹੋ ਕੇ ਕਹਿਣਾ ਸੀ ਕਿ ਸਾਨੂੰ ਆਰਟੀਫਿਸ਼ੀਅਲ ਇੰਟੈਲੀਜੈਂਸੀ ਸਮਾਜ ਦੇ ਹਾਂ ਪੱਖੀ ਉਸਾਰੂ ਕਾਰਜਾਂ ਲਈ ਵਰਤਣੀ ਚਾਹੀਦੀ ਹੈ। ਸ਼ਰਾਰਤੀ ਅਨਸਰ ਵੱਲੋਂ ਕੀਤੀ ਗਈ ਅਜਿਹੀ ਹਰਕਤ ਬਾਰੇ ਪ੍ਰਿੰਸੀਪਲ ਦਾ ਕਹਿਣਾ ਸੀ ਕਿ ਹਰਮਿੰਦਰ ਸਾਹਿਬ ਉਹ ਪਵਿੱਤਰ ਜਗ੍ਹਾ ਹੈ ਜਿੱਥੇ ਸਿੱਖ ਕੌਮ ਦਾ ਹਿਰਦਾ ਵੱਸਦਾ ਹੈ, ਉਸ ਪਵਿੱਤਰ ਜਗ੍ਹਾ ਬਾਰੇ ਅਜਿਹੀ ਘਿਨਾਉਣੀ ਕਾਰਵਾਈ ਕਰਨ 'ਤੇ ਸਾਡੇ ਕਾਲਜ ਦਾ ਸਮੂਹ ਸਟਾਫ ਪੁਰਜ਼ੋਰ ਨਿੰਦਾ ਕਰਦਾ ਹੈ। ਇਸ ਨਾਲ ਸਮੁੱਚੀ ਸਿੱਖ ਸੰਗਤ ਦੇ ਹਿਰਦਿਆਂ ਨੂੰ ਠੇਸ ਪਹੁੰਚੀ ਹੈ। ਅਜਿਹੇ ਸਮਾਜ ਵਿਰੋਧੀ ਸ਼ਰਾਰਤੀ ਅਨਸਰਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।



## ਇਕੋਤਰੀ ਸਮਾਗਮ ਨੂੰ ਸਮਰਪਿਤ ਨਗਰ ਕੀਰਤਨ 6 ਨੂੰ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਇਕੋਤਰੀ ਸਮਾਗਮ ਨੂੰ ਸਮਰਪਿਤ 6 ਨੂੰ ਸਜਾਏ ਜਾਣ ਵਾਲੇ ਅਲੌਕਿਕ ਨਗਰ ਕੀਰਤਨ ਨੂੰ ਲੈ ਕੇ ਜਿੱਥੇ ਪ੍ਰਬੰਧਕਾਂ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਉੱਥੇ ਇਹ ਨਗਰ ਕੀਰਤਨ ਤਪ-ਅਸਥਾਨ ਬਾਬਾ ਬਲਵੰਤ ਸਿੰਘ ਟਾਂਡਾ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਜਾਹੋ-ਜਲਾਲ ਨਾਲ ਸਵੇਰੇ 10 ਵਜੇ ਰਵਾਨਾ ਹੋਣਗੇ। ਇਸ ਨਗਰ ਕੀਰਤਨ ਦੇ ਦਰਸ਼ਨਾਂ ਨੂੰ ਲੈ ਕੇ ਜਿੱਥੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਉੱਥੇ ਪੂਰੇ ਟਾਂਡਾ ਸ਼ਹਿਰ ਨੂੰ ਸੁੰਦਰ ਸਵਾਗਤੀ ਗੇਟਾਂ, ਝਾਲਰਾਂ ਆਦਿ ਨਾਲ ਸਜਾ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਜਿੱਥੇ ਅਸਥਾਨ ਵੱਲੋਂ ਮਨਮੋਹਕ ਏਅਰ-ਕੰਡੀਸ਼ਨ ਫੁੱਲਾਂ ਨਾਲ ਸੱਜੀ ਪਾਲਕੀ ਸਾਹਿਬ ਦਾ ਪ੍ਰਬੰਧ ਕੀਤਾ ਗਿਆ ਹੈ ਉੱਥੇ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹਾਦਤ ਨੂੰ ਸਮਰਪਿਤ ਇਸ 23 ਰੋਜ਼ਾ ਇਕੋਤਰੀ ਸਮਾਗਮ ਦੀ ਸੰਪੂਰਨਤਾ 7 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਹੋਵੇਗੀ। ਇਹ ਨਗਰ ਕੀਰਤਨ ਆਰੰਭਤਾ ਤੋਂ ਬਾਅਦ ਪੂਰੇ ਟਾਂਡਾ ਸ਼ਹਿਰ ਦੀ ਪ੍ਰਕਰਮਾ ਕਰੇਗਾ ਜਿਸ ਮਗਰੋਂ ਦੇਰ ਸ਼ਾਮ 4 ਵਜੇ ਤਪ-ਅਸਥਾਨ ਬਾਬਾ ਬਲਵੰਤ ਸਿੰਘ ਵਿਖੇ ਸਮਾਪਤ ਹੋਵੇਗਾ। ਇਸ ਨਗਰ ਕੀਰਤਨ ਵਿੱਚ ਖਾਲਸਾਈ ਸ਼ਾਨ ਦੀਆਂ ਪ੍ਰਤੀਕ ਪ੍ਰਦਰਸ਼ਨੀਆਂ, ਗਤਕਾ ਪਾਰਟੀਆਂ ਆਦਿ ਸ਼ਾਮਿਲ ਹੋਣਗੀਆਂ ਉੱਥੇ ਜਹਾਜ ਰਾਹੀਂ ਇਸ ਉੱਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। ਸੰਤ ਬਾਬਾ ਗੁਰਦਿਆਲ ਸਿੰਘ ਜੀ ਨੇ ਸਜਾਏ ਗਏ ਗੁਰਮਤਿ ਦੀਵਾਨ ਮੌਕੇ ਸੰਗਤਾਂ ਨੂੰ ਇਸ ਨਗਰ ਕੀਰਤਨ ਵਿੱਚ ਜਿੱਥੇ ਹਾਜਰੀ ਭਰ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ ਉੱਥੇ ਉਨਾਂ 7 ਅਕਤੂਬਰ ਨੂੰ ਹੋਣ ਵਾਲੇ ਅੰਮ੍ਰਿਤ ਸੰਚਾਰ ਦਾ ਲਾਹਾ ਖੱਟ ਕੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਸੰਗਤਾਂ ਨੂੰ ਪੂਰਨ ਰੂਪ ਵਿੱਚ ਗੁਰਸਿੱਖ ਸੱਜਣ ਲਈ ਕਿਹਾ।ਵਰਣਨਯੋਗ ਹੈ ਕਿ ਇਸ ਨਗਰ ਕੀਰਤਨ ਅਤੇ ਇਕੋਤਰੀ ਸਮਾਗਮ ਦੇ ਦਰਸ਼ਨ ਕਰਨ ਲਈ ਸੰਗਤਾਂ ਅਮਰੀਕਾ, ਕਨੇਡਾ, ਦੁਬਈ ਅਤੇ ਹੋਰ ਵੱਖ-ਵੱਖ ਮੁਲਕਾਂ ਤੋਂ ਪੁੱਜੀਆਂ ਹਨ।



## ਸੀਨੀਅਰ ਸਿਟੀਜ਼ਨ ਦਿਵਸ ਮਨਾਇਆ



**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਅਤੇ ਮਾਣਯੋਗ ਜਿਲਾ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਦੇ ਨਿਰਦੇਸ਼ਾਂ ਤਹਿਤ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਵੱਲੋਂ ਬਿਰਧ ਆਸ਼ਰਮ ਕਿਰਪਾਲ ਸਾਗਰ ਅਕੈਡਮੀ, ਰਾਹੋਂ ਵਿਖੇ ਬਜ਼ੁਰਗਾਂ ਨਾਲ ਅੰਤਰਰਾਸ਼ਟਰੀ ਸੀਨੀਅਰ ਸੀਟੀਜਨ ਦਿਵਸ ਮਨਾਇਆ ਗਿਆ ਅਤੇ ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਸਿਵਲ ਜੱਜ ( ਸੀਨੀਅਰ ਡੀਵੀਜ਼ਨ)/ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਡਾ. ਅਮਨਦੀਪ ਨੇ ਬਜੁਰਗਾਂ ਦੀਆ ਸਮੱਸਿਆਵਾਂ ਸੁਣੀਆਂ । ਬਜ਼ੁਰਗਾਂ ਨੂੰ ਆਧਾਰ ਕਾਰਡ, ਬੁਢਾਪਾ ਪੈਨਸ਼ਨ ਅਤੇ ਹੋਰਨਾਂ ਮੁਸ਼ਕਲਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ । ਇਸ ਮੌਕੇ ਪੀ.ਐਲ.ਵੀ ਮਿਸ ਜਸਵਿੰਦਰ ਕੌਰ ਰਾਣੀ ਅਤੇ ਬਿਰਧ ਆਸ਼ਰਮ ਕਿਰਪਾਲ ਸਾਗਰ ਅਕੈਡਮੀ, ਰਾਹੋਂ ਦੇ ਮੈਂਬਰ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

## 35 ਫੁੱਟ ਰਾਵਣ ਦਾ ਪੁਤਲਾ ਫੂਕਿਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**-ਕਰਨਲ ਵੀ ਆਰ ਮੋਹਨ ਡੀ ਏ ਵੀ ਪਬਲਿਕ ਸਕੂਲ ਡੇਰਾਬੱਸੀ ਵਿਖੇ ਦੁਸਹਿਰਾ ਪੂਰੇ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਸਮੁੱਚੀ ਰਾਮਾਇਣ ਨੂੰ ਦਰਸਾਉਂਦਾ ਇੱਕ ਸੁੰਦਰ ਕਠਪੁਤਲੀ ਸ਼ੋਅ ਆਯੋਜਿਤ ਕੀਤਾ ਗਿਆ ਸੀ ਜਿਸ ਨੇ ਛੋਟੇ ਬੱਚਿਆਂ ਨੂੰ ਆਪਣੇ ਮਨਪਸੰਦ ਕਿਰਦਾਰਾਂ ਨਾਲ ਮੋਹਿਤ ਕੀਤਾ। ਸੀਨੀਅਰ ਵਿੰਗ ਵੱਲੋਂ ਤਿਆਰ ਕੀਤੀ ਗਈ ਰਾਮਾਇਣ ਦੀ ਸ਼ੁਰੂਆਤ ਲਵ ਅਤੇ ਕੁਸ਼ ਦੁਆਰਾ ਕੀਤੀ ਗਈ ਰਾਮ ਕਥਾ ਨਾਲ ਹੋਈ।ਇਸ ਸਮਾਰੋਹ ਦਾ ਮੁੱਖ ਆਕਰਸ਼ਣ ਰਾਮਲੀਲਾ ਸੀ ਜਿੱਥੇ ਵਿਦਿਆਰਥੀਆਂ ਨੇ ਮਹਾਂਕਾਵਿ ਦੇ ਵੱਖ-ਵੱਖ ਪਾਤਰਾਂ ਦੀਆਂ ਭੂਮਿਕਾਵਾਂ ਨਿਭਾਈਆਂ। ਵਿਦਿਆਰਥੀਆਂ ਵੱਲੋਂ ਦਸ਼ਰਥ ਦਰਬਾਰ ਦਾ ਦ੍ਰਿਸ਼, ਚਾਰ ਰਾਜਕੁਮਾਰਾਂ ਦਾ ਜਨਮ, ਸਵਯੰਵਰ, ਅਸ਼ੋਕ ਵਾਟਿਕਾ ਅਤੇ ਰਾਵਣ ਦੇ ਅੰਤ ਦਾ ਦ੍ਰਿਸ਼ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਨੇ ਆਪਣੇ ਡਾਂਸ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਰਾਮਲੀਲਾ ਤੋਂ ਬਾਅਦ ਰਾਵਣ ਦਾ 35 ਫੁੱਟ ਦਾ ਪੁਤਲਾ ਫੂਕਿਆ ਗਿਆ।



## ਤਿਓਹਾਰਾਂ ਮੌਕੇ ਪਟਾਕੇ ਚਲਾਉਣ ਦਾ ਸਮਾਂ ਤੈਅ

**ਨਵਾਂਸ਼ਹਿਰ, (ਮਨੋਜ ਲਾਡੀ)**-ਤਿਓਹਾਰਾਂ ਦੇ ਮੱਦੇਨਜ਼ਰ ਜ਼ਿਲਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਜ਼ਿਲੇ ਵਿਚ ਪਟਾਕੇ ਚਲਾਉਣ ਲਈ ਸਮਾਂ ਨਿਰਧਾਰਤ ਕਰਦਿਆਂ ਕਿਹਾ ਕਿ ਤੈਅ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ ਪਟਾਕੇ ਚਲਾਉਣ 'ਤੇ ਪਾਬੰਦੀ ਰਹੇਗੀ। ਜ਼ਿਲਾ ਮੈਜਿਸਟ੍ਰੇਟ ਨੇ ਇਸ ਸੰਬੰਧੀ ਹੁਕਮ ਜਾਰੀ ਕਰਦਿਆਂ ਕਿਹਾ ਕਿ ਜ਼ਿਲੇ ਦੀ ਹਦੂਦ ਅੰਦਰ ਦੁਸਹਿਰਾ, ਦੀਵਾਲੀ ਕ੍ਰਿਸਮਿਸ ਅਤੇ ਨਵੇਂ ਸਾਲ ਤੋਂ ਇਲਾਵਾ ਗੁਰਪੁਰਬ ਮੌਕੇ ਵੀ ਪਟਾਕੇ ਚਲਾਉਣ ਲਈ ਸਮਾਂ ਤੈਅ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੁਸਹਿਰਾ ਵਾਲੇ ਦਿਨ ਸ਼ਾਮ 06:00 ਵਜੇ ਤੋਂ 07:00 ਵਜੇ ਤੱਕ ਦੁਸਹਿਰਾ ਗਰਾਊਂਡ ਅਤੇ ਦੁਸਹਿਰਾ ਮਨਾਉਣ ਵਾਲੀਆਂ ਥਾਵਾਂ 'ਤੇ ਪਟਾਕੇ ਚਲਾਏ ਜਾ ਸਕਣਗੇ। ਇਸੇ ਤਰ੍ਹਾਂ ਦਿਵਾਲੀ ਮੌਕੇ ਸ਼ਾਮ 08:00 ਵਜੇ ਤੋਂ ਰਾਤ 10:00 ਵਜੇ ਤੱਕ ਹੀ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਦਰਮਿਆਨੀ ਰਾਤ ਨੂੰ ਰਾਤ ਦੇ 11:55 ਵਜੇ ਤੋਂ 12:30 ਵਜੇ ਤੱਕ ਪਟਾਕੇ ਚਲਾਏ ਜਾ ਸਕਣਗੇ।ਗੁਰਪੁਰਬ ਮੌਕੇ ਸਵੇਰੇ ਇੱਕ ਘੰਟੇ ਲਈ 04:00 05:00 ਵਜੇ ਤੱਕ ਅਤੇ ਰਾਤ ਨੂੰ 09:00 ਵਜੇ ਤੋਂ 10:00 ਵਜੇ ਤੱਕ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ।

## ਦੁਸਹਿਰੇ 'ਤੇ ਵਿਸ਼ੇਸ਼ ਅਸੈਂਬਲੀ ਦਾ ਆਯੋਜਨ



**ਗੁਰਾਇਆ (ਬਿੰਦਰ ਸੁੰਮਨ)**

ਐੱਸ ਟੀ ਐੱਸ ਵਰਲਡ ਸਕੂਲ ਦੇ ਜਮਾਤ ਛੇਵੀ ਏ ਦੇ ਵਿਦਿਆਰਥੀਆਂ ਨੇ ਆਪਣੀ ਕਲਾਸ ਟੀਚਰ ਨੀਸ਼ੂ ਜੋਸ਼ੀ ਦੀ ਯੋਗ ਅਗਵਾਈ ਹੇਠ ਦੁਸਹਿਰੇ 'ਤੇ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ। ਅਸੈਂਬਲੀ ਵਿੱਚ ਧਾਰਮਿਕਤਾ ਅਤੇ ਬਹਾਦਰੀ ਦੇ ਸਦੀਵੀ ਸੰਦੇਸ਼ ਨੂੰ ਉਜਾਗਰ ਕੀਤਾ ਗਿਆ। ਪ੍ਰੋਗਰਾਮ ਸ਼ਾਨ ਨਾਲ ਸ਼ੁਰੂ ਹੋਇਆ।ਕਮਲਦੀਪ ਕੌਰ ਅਤੇ ਕਨਿਸ਼ਕ ਮੈਨੀ ਨੇ ਹੁਨਰਮੰਦੀ ਨਾਲ ਸਟੇਜ ਸੰਚਾਲਨ ਕੀਤਾ, ਗੈਲਿਨ ਸ਼ਰਮਾ ਨੇ ਇੱਕ ਸੋਚ-ਉਕਸਾਉਣ ਵਾਲਾ ਸੰਦੇਸ਼ ਦਿੱਤਾ, ਜਪਮਨ ਸਿੰਘ ਨੇ ਦਰਸ਼ਕਾਂ ਨੂੰ ਸ਼ਬਦ ਸ਼ਕਤੀ ਨਾਲ ਭਰਪੂਰ ਕੀਤਾ, ਅਭੀਰਾਜ ਸਿੰਘ ਨੇ ਤਾਜ਼ਾ ਖ਼ਬਰਾਂ ਪੇਸ਼ ਕੀਤੀਆਂ, ਜਦਕਿ ਹਰਵੀਨ ਕੌਰ ਦੇ ਪ੍ਰੇਰਨਾਦਾਇਕ ਭਾਸ਼ਣ ਤੇ ਗੁਰਮਨ ਫੋਗਲ ਦੀ ਰੂਹਾਨੀ ਕਵਿਤਾ ਨੇ ਪ੍ਰੋਗਰਾਮ ਨੂੰ ਡੂੰਘਾਈ ਅਤੇ ਅਰਥਾਂ ਨਾਲ ਭਰ ਦਿੱਤਾ। ਇੱਕ ਵਿਲੱਖਣ ਪਹਿਲੂ ਜੋੜਦੇ ਹੋਏ, ਦਿਲਮਨ ਕੌਰ, ਫਰੀਆ ਕਵੀਨ, ਗੁਰਮਨ ਕੈਂਥ, ਦ੍ਰਿਸ਼ਟੀ, ਪਰਨੀਤ ਸਿੰਘ ਤੇ ਅੰਮ੍ਰਿਤ ਕੌਰ ਨੇ ਤਿਉਹਾਰ ਦੇ ਮੁੱਲਾਂ ਨੂੰ ਟਿਕਾਊ ਵਿਕਾਸ ਟੀਚਿਆਂ ਨਾਲ ਜੋੜਿਆ ਪਰੰਪਰਾ ਨੂੰ ਵਿਸ਼ਵਵਿਆਪੀ ਦ੍ਰਿਸ਼ਟੀ ਨਾਲ ਬੁਣਿਆ। ਕਿਡਜ਼ ਕਿੰਗਡਮ ਦੁਆਰਾ ਊਰਜਾਵਾਨ ਨਾਚ ਅਤੇ ਮਨਮੋਹਕ ਭੂਮਿਕਾ ਨਿਭਾਉਣਾ , ਦਿਨ ਦਾ ਮੁੱਖ ਆਕਰਸ਼ਣ ਰਿਹਾ, ਜਿਸ ਨੇ ਸਭ ਨੂੰ ਮੋਹਿਤ ਕਰ ਦਿੱਤਾ। ਸਭਾ ਨੂੰ ਚੇਅਰਪਰਸਨ ਸ਼੍ਰੀਮਤੀ ਮਾਲਤੀ ਦੀ ਸ਼ਾਨਦਾਰ ਮੌਜੂਦਗੀ ਦੁਆਰਾ ਸਨਮਾਨਤ ਕੀਤਾ ਗਿਆ।

## ਹੜ੍ਹ ਪੀੜਤ ਇਲਾਕਿਆਂ 'ਚ 6 ਟਰੱਕ ਰਾਹਤ ਸਮੱਗਰੀ ਵੰਡੀ

**ਮੋਹਾਲੀ (ਗੁਰਜੀਤ ਬਿੱਲਾ)**-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਇਤਿਹਾਸਿਕ ਗੁਰਦੁਆਰਾ ਸਿੰਘ ਸ਼ਹੀਦਾਂ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਹੜ੍ਹ ਪੀੜਤ ਇਲਾਕਿਆਂ ਵਿੱਚ ਲੋੜਵੰਦ ਪਰਵਾਰਾਂ ਨੂੰ 6 ਟਰੱਕ ਰਾਹਤ ਸਮੱਗਰੀ ਵੰਡੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਵਲੋਂ ਪਹਿਲਾਂ ਆਪ ਜਾ ਕੇ ਫ਼ਿਰੋਜਪੁਰ ਜ਼ਿਲ੍ਹੇ ਦੇ ਹੜ੍ਹ ਪੀੜਤ ਇਲਾਕੇ ਦੇ ਕਈ ਪਿੰਡਾਂ ਵਿੱਚ ਮੁਆਇਨਾ ਕੀਤਾ ਗਿਆ ਅਤੇ ਉਨਾਂ ਪਰਿਵਾਰਾਂ ਦੀ ਜਰੂਰਤ ਅਨੁਸਾਰ ਲੋੜੀਂਦੀ ਜਾਣਕਾਰੀ ਹਾਸਲ ਕੀਤੀ ਗਈ। ਹੜ੍ਹ ਪੀੜਤਾਂ ਦੀ ਜਰੂਰਤ ਅਨੁਸਾਰ ਪਸ਼ੂਆਂ ਦਾ ਆਚਾਰ, ਮਛਰਦਾਨੀਆ, ਤਰਪਾਲਾ, ਪੀਣ ਵਾਲਾ ਪਾਣੀ, ਰਾਸ਼ਨ ਆਦਿ ਦੇ 6 ਟਰੱਕ ਫਿਰ ਆਪ ਜਾ ਕੇ ਵੰਡੇ ਗਏ। ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਵੱਲੋਂ ਦੂਜੀ ਵਾਰ ਇਹ ਰਾਹਤ ਸਮੱਗਰੀ ਲੋੜਵੰਦ ਪਰਵਾਰਾਂ ਦੀ ਸਹੂਲਤ ਲਈ ਆਪ ਜਾ ਕੇ ਵੰਡੀ ਗਈ ਹੈ।



## ਸਰਕਾਰਾਂ ਮਨਰੇਗਾ ਨੂੰ ਖਤਮ ਕਰਨਾ ਚਾਹੁੰਦੀਆਂ : ਨੂਰਪੁਰੀ



**ਬੰਗਾ (ਅਵਤਾਰ ਕਲੇਰ)**

ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਮਨਰੇਗਾ ਨੂੰ ਖਤਮ ਕਰਨਾ ਚਾਹੁੰਦੀ ਹੈ, ਇਹ ਸ਼ਬਦ ਅੱਜ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਕਹੇ। ਉਹਨਾਂ ਕਿਹਾ ਕਿ ਦੇਸ਼ ਅੰਦਰ ਮਜ਼ਦੂਰ ਪਹਿਲਾਂ ਹੀ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਹਨ, ਉਪਰੋਂ ਕੇਂਦਰ ਦੀ ਮੋਦੀ ਸਰਕਾਰ ਮਨਰੇਗਾ ਦਾ ਬਜਟ ਘਟਾ ਕੇ ਮਜ਼ਦੂਰਾਂ ਨੂੰ ਹੋਰ ਸੰਕਟ ਵਿੱਚ ਸੁੱਟਣ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਕਦਮ ਪਿੱਛੇ ਲੱਗ ਰਿਹਾ ਕਿ, ਉਹ ਮਨਰੇਗਾ ਨੂੰ ਦੇਸ਼ ਅੰਦਰ ਪੂਰੀ ਤਰਾ ਖਤਮ ਕਰਨਾ ਚਾਹੁੰਦੀ ਹੈ। ਅੱਜ ਇਸ ਸਬੰਧੀ ਸੂਬਾ ਪ੍ਰਧਾਨ ਨੂਰਪੁਰੀ ਦੀ ਅਗਵਾਈ ਦੇ ਵਿੱਚ ਬੀ ਡੀ ਪੀ ਓ ਬੰਗਾ ਨੂੰ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਯੂਨੀਅਨ ਵੱਲੋਂ ਕਿਹਾ ਗਿਆ ਕਿ ਪਿਛਲੇ ਤਿੰਨ ਚਾਰ ਮਹੀਨਿਆਂ ਤੋਂ ਬੰਗਾ ਬਲਾਕ ਦੇ ਪਿੰਡਾਂ ਵਿੱਚ ਮਨਰੇਗਾ ਦੇ ਸੈਂਕੜੇ ਮਜ਼ਦੂਰ ਕੰਮ ਤੋਂ ਵਾਂਝੇ ਪਏ ਹਨ, ਅੱਤ ਦੀ ਗਰੀਬੀ,ਵਧੀ ਹੋਈ ਮਹਿੰਗਾਈ ਕਾਰਨ ਮਜ਼ਦੂਰਾਂ ਦਾ ਜੀਣਾ ਦੁੱਭਰ ਹੋਇਆ ਪਿਆ ਹੈ। ਮੰਗ ਪੱਤਰ ਦੇਣ ਵੇਲੇ ਖੇਤ ਮਜ਼ਦੂਰ ਯੂਨੀਅਨ ਦੇ ਕੁਲਦੀਪ ਸਿੰਘ ਝਿੰਗੜ, ਜੋਗਿੰਦਰ ਲੜੋਆ, ਹੁਸਨ ਸਿੰਘ ਮਾਂਗਟ, ਰੇਸ਼ਮ, ਲੱਖਾ ਸਿੰਘ, ਬੂਟਾ ਰਾਮ, ਬੱਗਾ ਸਿੰਘ, ਹਰਬਲਾਸ ਅਤੇ ਸਿਮਰ ਚੰਦ ਆਦਿ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਸਰਕਾਰੀ ਵਿਭਾਗਾਂ ਦੇ ਕੰਮਕਾਜ ਤੋਂ ਕਰਵਾਇਆ ਜਾਣੂ



**ਜਲੰਧਰ (ਸ਼ੈਲੀ ਐਲਬਰਟ)**- 'ਚੇਤਨਾ ਵਿੱਦਿਅਕ ਟੂਰ' ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਦੇ ਵਿਦਿਆਰਥੀਆਂ ਨੂੰ ਜਲੰਧਰ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਦਫ਼ਤਰਾਂ ਦਾ ਦੌਰਾ ਕਰਵਾ ਕੇ ਸਰਕਾਰੀ ਸੇਵਾਵਾਂ ਤੇ ਪ੍ਰਸ਼ਾਸਕੀ ਪ੍ਰਣਾਲੀ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਵਿੱਦਿਅਕ ਟੂਰ ਉਪਰੰਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਤੋਂ ਟੂਰ ਦੌਰਾਨ ਹਾਸਲ ਕੀਤੀ ਜਾਣਕਾਰੀ ਅਤੇ ਤਜ਼ਰਬੇ ਬਾਰੇ ਪੁੱਛਿਆ।ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਹ ਚੇਤਨਾ ਵਿੱਦਿਅਕ ਟੂਰ ਇਸੇ ਤਰ੍ਹਾਂ ਨਿਰੰਤਰ ਜਾਰੀ ਰਹਿਣਗੇ।